

# ਨੂਰ

ਭਾਗ-੧

ਮਹਾਰਾਜ ਦਰਸ਼ਨ ਦਾਸ

# ਧੰਨ ਦਰਸ਼ਨ

ਰੂਹ–2

"ਨਾਨਕ ਨਾਮ ਚੜ੍ਹਦੀ ਕਲਾ - ਤੇਰੇ ਭਾਣੇ ਸਰਬੱਤ ਦਾ ਭਲਾ।"

# ਰੂਹ

(ਭਾਗ-1)

ਮਹਾਰਾਜ ਦਰਸ਼ਨ ਦਾਸ ਜੀ"

ਜਾਰੀ ਕਰਤਾ-
ਸੁਚਖੰਡ ਨਾਨਕ ਧਾਮ
ਦਰਸ਼ਨ ਦਰਬਾਰ(ਯੂ.ਕੇ.).
- 1071912(ਯੂ.ਕੇ.)
337, ਫੌਰ ਸਟ੍ਰੀਟ, ਐਡਮੋਂਟਨ, ਲੰਡਨ
ਐਨ9 ਔ ਐਨ ਯੂ
ਫੋਨ 0181-8036362, ਫੈਕਸ਼ 0181-8038549

# ਰੂਹ

(ਭਾਗ-1)

ਮਹਾਰਾਜ ਦਰਸ਼ਨ ਦਾਸ ਜੀ"

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਸਚਖੰਡ ਨਾਨਕ ਧਾਮ

ਡੇਰਾ ਮਹਾਰਾਜ ਦਰਸ਼ਨ ਦਾਸ

ਰਜਿ. ਸੋਸਾਇਟੀ ਨੰਬਰ ਐਸ-18257

ਇੰਦਰਾ ਪੁਰੀ ਲੋਨੀ ਰੋਡ

ਜ਼ਿਲ੍ਹਾ ਗਾਜ਼ੀਆਬਾਦ

ਉੱਤਰ ਪ੍ਰਦੇਸ਼ (ਇੰਡੀਆ)

# ਭੂਮਿਕਾ

ਅਸੀਂ ਆਪ ਜੀਵਾਂ ਦੇ ਵਾਸਤੇ ਇਹ ਪੁਸਤਕ ਜਿਸ ਦਾ ਨਾਂ "ਰੂਹ" ਹੈ, ਭੇਂਟ ਕਰ ਰਹੇ ਹਾਂ। ਸਭ ਤੋਂ ਪਹਿਲਾਂ ਇਸ ਲਫਜ਼ ਦਾ ਭਾਵਅਰਥ ਜਾਨਣਾ ਅਤੀ ਜ਼ਰੂਰੀ ਹੈ।

ਦੋ ਅੱਖਰਾਂ ਦੇ ਸੰਗਮ ਦਾ ਨਾਂ ਰੂਹ ਹੈ

ਰੂ + ਹ = ਰੂਹ

ਰ ਤੋਂ ਭਾਵ ਹੈ - ਰੌਸ਼ਨੀ

ਹ ਤੋਂ ਭਾਵ ਹੈ - ਹਨੇਰਾ

ਉਹ ਤਾਕਤ ਜਿਹੜੀ ਵਿਕਾਰਾਂ ਦੇ ਹਨੇਰੇ ਨੂੰ ਖਤਮ ਕਰਕੇ ਰੌਸ਼ਨੀ ਵਿਚ ਆਉਣਾ ਚਾਹੁੰਦੀ ਹੈ, ਭਾਵ ਪ੍ਰਮਾਤਮਾ ਨੂੰ ਮਿਲਣਾ ਚਾਹੁੰਦੀ ਹੈ। ਇਸ ਪੁਸਤਕ ਵਿਚ ਅਸੀਂ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੇ ਸਤਿਸੰਗਾਂ ਦਾ ਵੇਰਵਾ ਦੇ ਰਹੇ ਹਾਂ। ਜਿਸ ਵਿਚ ਪ੍ਰਮਾਤਮਾ ਦੇ ਨਾਮ ਦੀ ਵਡਿਆਈ, ਮਹਿਮਾ, ਨਿਖਾਰ ਜਾਂ ਝਲਕ ਹੈ ਅਤੇ ਇਸਤਰੀ ਰੂਪੀ ਰੂਹ ਦਾ ਪਤੀ ਰੂਪੀ ਪ੍ਰਮਾਤਮਾ ਤੱਕ ਪਹੁੰਚਣ ਦਾ ਰਸਤਾ ਬਿਆਨ ਕੀਤਾ ਗਿਆ ਹੈ ਅਤੇ ਜੀਵ ਨੂੰ ਇਸ ਜਾਮੇ ਵਿਚ ਕੀ ਕਰਨਾ ਚਾਹੀਦਾ ਹੈ, ਦੱਸਿਆ ਗਿਆ ਹੈ।

ਅਸੀਂ ਆਸ ਕਰਦੇ ਹਾਂ ਕਿ ਜਿਹਨਾਂ ਜੀਵਾਂ ਦੇ ਹਿਰਦੇ ਰੱਬੀ ਤਲਾਸ਼ ਲਈ ਭਟਕ ਰਹੇ ਹਨ ਜਾਂ ਉਸਨੂੰ ਪਾਣ ਲਈ ਤੜਫ ਰਹੇ ਹਨ ਉਹਨਾਂ ਲਈ ਇਹ ਪੁਸਤਕ ਰੋਸ਼ਨ ਮੀਨਾਰ ਦਾ ਕੰਮ ਦੇਵੇਗੀ।

ਆਖਰ ਵਿਚ ਸਾਡੀ ਸਭ ਬੁੱਧੀ ਜੀਵਾਂ ਨੂੰ ਬੇਨਤੀ ਹੈ ਕਿ ਇਸ ਪੁਸਤਕ ਵਿਚ ਕਿਸੇ ਗੱਲ ਪ੍ਰਤੀ ਕੋਈ ਸ਼ੰਕਾ ਹੋਵੇ ਤਾਂ ਉਹ ਆਪਣੇ ਸ਼ੁਧੀਕਰਨ ਸਮੇਤ ਪੱਤਰ ਲਿਖ ਸਕਦੇ ਹਨ ਜਾਂ ਆਪ ਮਿਲ ਸਕਦੇ ਹਨ।

ਵਲੋਂ —

ਸਚਖੰਡ ਨਾਨਕ ਧਾਮ
ਦਰਸ਼ਨ ਦਰਬਾਰ(ਯੂ.ਕੇ.),
ਰਜਿ.ਚੈਰਿਟੀ ਨੰਬਰ - 1071912(ਯੂ.ਕੇ.)
337, ਫੌਰ ਸਟ੍ਰੀਟ, ਐਡਮੌਟਨ, ਲੰਡਨ
ਐਨ9 ਔ ਐਨ ਯੂ

# ਰਾਸ਼ਟਰ ਅਤੇ ਮਾਨਵਤਾ ਦੇ ਲਈ
# ਇਕ ਸਮ੍ਰਪਿਤ ਜੀਵਨ
# ਮਹਾਰਾਜ ਦਰਸ਼ਨ ਦਾਸ

ਮਹਾਰਾਜ ਦਰਸ਼ਨ ਦਾਸ ਜੀ ਦਾ ਜਨਮ 7 ਦਿਸੰਬਰ, 1953 ਨੂੰ ਪੰਜਾਬ ਦੇ ਬਟਾਲਾ ਸ਼ਹਿਰ ਵਿੱਚ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਪੰਡਤ ਜਗਨ ਨਾਥ ਜੀ ਅਤੇ ਮਾਤਾ ਚੰਨਣ ਦੇਈ ਇਨਸਾਨੀ ਧਰਮ ਵਿੱਚ ਪੂਰਣ ਦਮਪਤੀ ਹਨ। ਆਪਣੇ ਬਾਲਕ ਕਾਲ ਵਿੱਚ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਭਿੰਨਤਾਵਾਂ ਨਾਲ ਆਪਦਾ ਸਾਹਮਣਾ ਹੋਇਆ। ਅਪਣੇ ਹਿਰਦੇ ਦੇ ਵਿੱਚ ਉਨ੍ਹਾਂ ਦੇ ਬਾਰੇ ਵਿਦਰੋਹ ਦੀ ਭਾਵਨਾ ਘਰ ਕਰ ਗਈ। ਕਿਹਾ ਜਾਂਦਾ ਹੈ ਕਿ ਜਨਮ ਦੇ ਸਮੇਂ ਮਹਾਰਾਜ ਦੇ ਸਿਰ ਉਤੇ ਕੁਦਰਤੀ ਜਟਾਂ ਸਨ ਜੋ ਕਿ ਇਹੋ ਜੇਹੀ ਸ਼ੋਭਾ ਦੇਂਦਿਆਂ ਸਨ, ਜਿਵੇਂ ਇਕ ਬਾਲਕ ਦੇ ਸਿਰ ਤੇ ਸ਼ੇਸ਼ਨਾਗ ਨੇ ਛਾਇਆ ਕੀਤੀ ਹੋਵੇ। ਇਸੇ ਕਾਰਣ ਕਰਕੇ ਜਦੋਂ ਵੀ ਕੋਈ ਸਾਧੂ ਸੰਨਿਆਸੀ ਬਾਲਕ ਦਰਸ਼ਨ ਦਾ ਇਹ ਰੂਪ ਦੇਖਦਾ ਤਾਂ ਉਹਨਾਂ ਨੂੰ ਪਿਆਰ ਜਰੂਰ ਕਰਦਾ ਸੀ। ਮਹਾਰਾਜ ਜੀ ਮੁਢਲੀ ਪੜ੍ਹਾਈ ਬਟਾਲੇ ਦੇ ਇਕ ਸਰਕਾਰੀ ਸਕੂਲ ਵਿੱਚ ਹੋਈ। ਇਕ ਦਿਨ ਦੀ ਗੱਲ ਹੈ ਕਿ ਉਨਾਂ ਦੇ ਸਿਰ ਉਤੇ ਡੂੰਗੀ ਸੱਟ ਲੱਗ ਗਈ ਅਤੇ ਸਿਰ ਵਿੱਚੋਂ ਖ਼ੂਨ ਵੱਗਣ ਲੱਗ ਪਿਆ, ਇਹ ਸੋਚਦੇ ਹੋਏ ਮਾਤਾ ਨੂੰ ਨਾ ਦੱਸਿਆ ਕਿ ਪੈਸੇ ਖ਼ਰਚ ਹੋਣਗੇ ਬਾਲਕ ਰੂਪ ਦਰਸ਼ਨ ਚੁਪ ਚਾਪ ਦਰਦ ਸਹਿਣ ਕਰ ਗਏ। ਬੇਹੋਸ਼ੀ ਤੋਂ ਬਾਅਦ ਜਦ ਹੋਸ਼ ਵਿੱਚ ਆਏ ਤਾਂ ਲਾਗੇ ਇਕ ਡਾਕਟਰ ਨੇ ਪੁਛਿਆ ਏਨਾ ਦਰਦ ਕਿਵੇਂ ਸਹਿਨ ਕਰ ਗਏ? ਬਾਲਕ ਦਰਸ਼ਨ ਨੇ ਉਤਰ ਦਿੱਤਾ ਕਿ ਮੈਂ ਆਪਣੇ ਮਾਤਾ ਪਿਤਾ ਨੂੰ ਪੈਸਿਆ ਦੇ ਕਾਰਣ ਦੁਖੀ ਨਹੀਂ ਕਰਨਾ ਚਾਹੁੰਦਾ ਸੀ।

13 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਪ੍ਰਮਾਤਮਾ ਦੀ ਰੋਸ਼ਨੀ ਦੇ ਦਰਸ਼ਨ ਹੋਏ। ਬਚਪਨਾ ਹੋਣ ਦੇ ਕਾਰਣ ਉਹ ਰੋਸ਼ਨੀ ਨੂੰ ਸਮਝ ਨਹੀਂ ਸਕੇ। 17 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਫਿਰ ਜੋਤੀ ਦੇ ਦਰਸ਼ਨ ਹੋਏ। ਇਸ ਵਾਰ ਮਹਾਰਾਜ ਜੀ ਨੇ ਪ੍ਰਮਾਤਮਾ ਦਾ ਇਸ਼ਾਰਾ ਸੁਣਿਆ ਅਤੇ ਸਮਝਿਆ।

15 ਅਗਸਤ 1971 ਨੂੰ ਮਹਾਰਾਜ ਜੀ ਨੇ ਲੋਕਾਂ ਨੂੰ ਧਾਰਮਿਕ ਵਚਨ ਅਤੇ ਆਤਮਿਕ ਅਤੇ ਸਰੀਰਕ ਦੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। 15 ਜੂਨ 1973 ਨੂੰ ਮਹਾਰਾਜ ਜੀ ਨੇ ਸੱਚਖੰਡ ਨਾਨਕ ਧਾਮ ਦੀ ਬਟਾਲਾ ਸ਼ਹਿਰ ਵਿਚ ਸਥਾਪਨਾ ਕੀਤੀ। ਇਸ ਤੋਂ ਬਾਅਦ 30 ਜਨਵਰੀ 1977 ਨੂੰ ਲੋਨੀ (ਯੂ.ਪੀ.) ਡੇਰੇ ਦੀ ਸਥਾਪਨਾ ਕੀਤੀ। ਮਹਾਰਾਜ ਜੀ ਲੋਕਾਂ ਦੇ ਦੁੱਖਾਂ ਨੂੰ ਕਟਦੇ ਅਤੇ ਨਾਲ-ਨਾਲ ਪ੍ਰਮਾਤਮਾ ਦੀ ਦੁਆ ਦਾ ਸੰਦੇਸ਼ ਪਿਆਰ, ਸ਼ਾਂਤੀ, ਏਕਤਾ, ਬਲਿਦਾਨ ਸੰਗਤ ਤੱਕ ਪਹੁੰਚਾਉਂਦੇ ਰਹੇ ਅਤੇ 16 ਫਰਵਰੀ 1980 ਨੂੰ ਸੂਰਜ ਗ੍ਰਹਿਣ ਦੇ ਸਮੇਂ ਦਾਸ ਧਰਮ ਦੀ ਸਥਾਪਨਾ ਕੀਤੀ। ਜਦੋਂ ਕਿ ਜਿਆਦਾ ਲੋਕ ਘਰਾਂ ਵਿੱਚ ਲੁਕ ਕੇ ਬੈਠੇ ਹੋਏ ਸਨ।

ਲੋਕ ਭਲਾਈ ਵਾਸਤੇ ਸੱਭ ਨੂੰ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦਾ ਨਾਅਰਾ ਦਿੱਤਾ ਜਿਸ ਦਾ ਅਰਥ ਹੈ ਕਿ ਅਸੀਂ ਦੂਸਰਿਆਂ ਦਾ ਭਲਾ ਕਰੀਏ। ਆਪਣੇ 'ਯਸ਼ਵੰਤੀ ਨਿਰਾਧਾਰ' (ਨਾਨਕ ਧਾਮ ਦਾ ਮੁਖ ਗਰੰਥ) ਅਤੇ ਅਨੇਕਾਂ ਧਾਰਮਿਕ ਕਿਤਾਬਾਂ ਦੀ ਰਚਨਾ ਕਰਕੇ ਮਨੁਖਤਾ ਉਤੇ ਪਰਉਪਕਾਰ ਕੀਤਾ।

ਹੁਣ ਮਹਾਰਾਜ ਜੀ ਨੂੰ ਦੁਨੀਆ ਵਿਚ ਸ਼ਾਂਤੀ ਦੂਤ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਹਨਾਂ ਦੀ ਮਨੁੱਖਤਾ ਸੇਵਾ, ਸਮਾਜ ਸੁਧਾਰ ਦੀਆਂ ਨੀਤੀਆਂ ਨੂੰ ਦੇਖਦਿਆਂ ਹੋਇਆਂ ਬ੍ਰਿਟੇਨ ਦੇ ਰਾਜ ਪਰਿਵਾਰ ਨੇ ਅਕਤੂਬਰ 1987 ਨੂੰ ਪ੍ਰਿੰਸ ਚਾਰਲਸ ਦੁਆਰਾ ਮਹਾਰਾਜ ਜੀ ਨੂੰ 'ਅਬੇ-ਫੀਲਡ' ਸੁਸਾਇਟੀ ਦਾ ਪ੍ਰਧਾਨ ਨਿਯੁਕਤ ਕੀਤਾ। ਆਪ ਜੀ ਨੇ ਆਪਣੇ ਹਿੰਦੁਸਤਾਨ ਨਾਲ ਅਟੁੱਟ ਪਿਆਰ ਕੀਤਾ। ਆਪਣੇ ਦੇਸ਼ ਤੋਂ ਬਾਹਰ ਰਹਿੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਪੱਕਾ ਹਿੰਦੁਸਤਾਨੀ ਅਖਵਾਇਆ। ਆਪ ਏਕਤਾ, ਅਖੰਡਤਾ ਅਤੇ ਵਿਸ਼ਵਸ਼ਾਂਤੀ ਦੇ ਮਜਬੂਤ ਆਗੂ ਰਹੇ, ਇਹੋ ਕਾਰਣ ਸੀ ਕਿ ਆਪ 11 ਨਵੰਬਰ, 1987 ਨੂੰ ਛੋਟੀ ਉਮਰ ਵਿੱਚ ਹੀ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸ਼ਾਂਤੀ ਦੇ ਵਾਸਤੇ ਆਪ ਸ਼ਹੀਦ ਹੋ ਗਏ। ਮਹਾਰਾਜ ਜੀ ਦੀ ਰਾਸ਼ਟਰ ਵਿਰੋਧੀਆਂ ਨੇ ਸ਼ਹੀਦੀ ਉਸ ਸਮੇਂ ਕੀਤੀ ਜਦੋਂ ਮਹਾਰਾਜ ਜੀ ਲੰਦਨ ਸਾਊਥਹਾਲ ਦੇ ਇਕ ਹਾਲ ਵਿੱਚ ਧਾਰਮਿਕ ਸੱਤਸੰਗ ਕਰ ਰਹੇ ਸਨ। ਆਪ ਨੇ ਹੱਸਦਿਆਂ ਹੱਸਦਿਆਂ ਬਲਿਦਾਨ ਦੇ ਦਿੱਤਾ, ਜੋ ਸਦਾ ਲਈ ਅਮਰ ਕਹਾਣੀ ਬਣ ਕੇ ਸਾਨੂੰ ਸਾਰਿਆਂ ਨੂੰ ਪ੍ਰੇਰਣਾ ਦੇਂਦਾ ਰਹੇਗਾ। ਆਪ ਨੇ ਕਿਹਾ ਸੀ ਕਿ, "ਦੇਸ਼ ਨਾਲ ਪ੍ਰੇਮ ਕਰਨਾ ਰੱਬ ਦੀ ਦੂਜੀ ਭਗਤੀ ਹੈ।" ਦੇਸ਼ ਸਾਡੀ ਜੜ੍ਹ ਹੈ, ਭਗਤੀ ਉਸਦੀ ਸ਼ਾਖਾਂ ਅਤੇ ਸ਼ਕਤੀ ਫਲ ਹੈ। ਆਪਨੇ ਅਪਣੇ ਵਚਨਾ ਨੂੰ ਸਾਰਥਿਕ ਕੀਤਾ ਅਤੇ ਅੰਤ ਵਿਚ ਕਿਹਾ, "ਮਰਨੇ ਵਾਲੇ

ਜੀ ਸ਼ਾਨ ਹੈ ਮਾਰਨੇ ਵਾਲੇ ਦੀ ਨਹੀਂ।"

## "ਦਾਸ ਧਰਮ ਦੀ ਆਵਾਜ਼"

ਅਸੀਂ ਸ਼ਾਂਤੀ ਪਾਲਨ ਵਾਸਤੇ ਅਨੇਕਾਂ ਸਾਧਨ ਅਪਨਾਉਂਦੇ ਹਾਂ ਫਿਰ ਵੀ ਸਾਨੂੰ ਸ਼ਾਂਤੀ ਨਹੀਂ ਮਿਲਦੀ। ਉਸਦਾ ਕਾਰਨ ਹੈ ਕਿ ਅਸੀਂ ਲੋਕ ਅਨੇਕਾਂ ਹੀ ਧਰਮਾਂ ਵਿਚ ਵੰਡੇ ਗਏ ਹਾਂ ਅਤੇ ਸਾਡਾ ਵਿਸ਼ਵਾਸ ਇਕ ਧਰਮ ਵਿਚ ਨਹੀਂ ਰਿਹਾ ਜੋ ਕਿ ਵਮਾਨਵ ਧਰਮ ਹੈ। ਦਾਸ ਧਰਮ ਮਾਨਵ ਧਰਮ ਨੂੰ ਮੰਨਦਾ ਹੈ ਅਤੇ ਮਨੁਖ ਦਾ ਦਾਸ ਹੈ ਨਾਂ ਕਿ ਹਿੰਦੂ, ਮੁਸਲਿਮ, ਸਿੱਖ, ਈਸਾਈ ਦਾ ਜੋ ਕਿ ਆਪਣੇ ਆਪਣੇ ਧਰਮਾਂ ਨੂੰ ਉੱਚਾ ਦਸਕੇ ਇਕ ਦੂਜੇ ਨੂੰ ਮਾਰਨ ਮਰਵਾਉਣ ਦੇ ਗਲਤ ਰਾਹਾਂ ਤੇ ਚਲ ਰਹੇ ਹਨ। ਦਰਅਸਲ ਇਹ ਸਾਰੇ ਮਨੁਖ ਹਨ ਜੋ ਕਿ ਆਪਣੇ ਆਪਨੂੰ ਭੁਲ ਚੁੱਕੇ ਹਨ। ਦਾਸ ਧਰਮ ਮਨੁਖਤਾ ਦੀ ਸਾਂਝ ਪੈਦਾ ਕਰਨ ਵਾਸਤੇ ਅਤੇ ਪਿਆਰ ਪੈਦਾ ਕਰਨ ਲਈ ਅਨੇ ਕਾਂ ਸਾਧਨ ਅਤੇ ਪ੍ਰਬੰਧ ਕਰ ਰਿਹਾ ਹੈ, ਉਹ ਹਨ ਜਾਤਾਂ ਪਾਤਾਂ ਅਤੇ ਫਿਰਕਾਪ੍ਰਸਤੀ ਦੇ ਭੇਦ ਭਾਵ ਨੂੰ ਦੂਰ ਕਰਨਾਂ, ਧਰਮ ਅਸਥਾਨਾਂ ਦੀ ਪਵਿੱਤਰਤਾ ਕਾਇਮ ਰੱਖਣੀ, ਨਸ਼ੀਲੀਆਂ ਵਸਤੂਆਂ ਤੇ ਪਾਬੰਦੀ ਅਤੇ ਆਪਣੇ ਵਤਨ ਪ੍ਰਤੀ ਦੇਸ਼ ਵਾਸੀਆਂ ਦੇ ਮਨਾਂ ਵਿਚ ਭਗਤੀ ਭਾਵਨਾਂ ਪੈਦਾ ਕਰਨੀ, ਜਰੂਰਤ ਮੰਦਾਂ ਅਤੇ ਕਮਜੋਰ ਤਬਕੇ ਜੀਵਾਂ ਨੂੰ ਹਰ ਪ੍ਰਕਾਰ ਦੇ ਸਾਧਨ ਅਤੇ ਯਥਾ-ਯੋਗ ਸਹਾਇਤਾ ਦੇਣੀ। ਦਾਸ ਧਰਮ ਇਕ ਰੱਬ ਨੂੰ ਮੰਨਦਾ ਹੈ ਅਤੇ ਮਨੁੱਖ ਨੂੰ ਵੀ ਇਕ ਮੰਨਦਾ ਹੈ ਅਤੇ ਕੋਸ਼ਿਸ਼ ਕਰ ਰਿਹਾ ਹੈ ਕਿ ਸਭ ਜੀਵਾਂ ਨੂੰ ਪਿਆਰ, ਖੁਸ਼ੀ ਅਤੇ ਸਚਾਈ ਤੋਂ ਜਾਣੂ ਕਰਵਾਇਆ ਜਾਵੇ ਜੋ ਝੂਠੀਆਂ ਚੀਜਾਂ ਰਾਹੀਂ ਖੁੱਸ ਚੁੱਕੀ ਹੈ।

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।।

## ਗਉੜੀ ਵਾਰ ਮਹਲਾ 4

**ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰੂ ਕਾ ਮਨੁ ਮੰਨੇ।।**
**ਜਾ ਸਤਿਗੁਰ ਕਾ ਮੰਨੁ ਮੰਨਿਆ ਤਾ ਪਾਪ ਕਸੰਮਲ ਭੰਨੇ।।**

ਇਹ ਮੁਜ਼ਮਾਨਾ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਦਾ ਹੈ। ਸਾਹਿਬ ਆਪਣੇ ਸੁੰਦਰ ਉਪਦੇਸ਼ ਦੇ ਅੰਦਰ ਸਤਿਗੁਰੂ ਦੀ ਮਹਿਮਾ ਬਿਆਨ ਕਰਦੇ ਹਨ ਕਿ ਸਾਨੂੰ ਤਮਾਮ ਦੁਨੀਆਂ ਦੇ ਜੀਵਾਂ ਨੂੰ ਉਹ ਸੇਵਾ ਕਰਨ ਦਾ ਕਦੇ-ਕਦੇ ਮੌਕਾ ਮਿਲਦਾ ਹੈ ਜਿਸ ਦੇ ਰਾਹੀਂ ਸਾਡਾ ਸਤਿਗੁਰੂ ਭਾਵ ਪ੍ਰਮਾਤਮਾ, ਭਾਵ ਉਹ ਸਰਬ ਸ਼ਕਤੀਮਾਨ ਦਾਤਾ ਜਿਹੜਾ ਸਾਰੀ ਕਾਇਨਾਤ ਦਾ ਵਾਲੀ ਹੈ ਭਾਵ ਉਹ ਸੁਆਮੀ ਜਿਹੜਾ ਸਾਡੀ ਇਸਤਰੀ ਰੂਪੀ ਆਤਮਾ ਦਾ ਸੱਚਾ ਸਾਥੀ ਅਤੇ ਮਿੱਤਰ ਹੈ ਇਹ ਮੌਕਾ ਨਸੀਬਾਂ ਦੇ ਅੰਦਰ ਨਹੀਂ ਸਾਡੀ ਮੁਸ਼ੱਕਤ ਭਾਵ ਮਿਹਨਤ ਭਾਵ ਸਾਡੀਆਂ ਲੋੜਾਂ ਗਰਜ਼ਾਂ ਖੁਸ਼ੀਆਂ ਅਤੇ ਦੁਖਾਂ ਦੇ ਨਾਲ ਸਹਿਮਤ ਹੈ ਉਸਦੀ ਤਲਾਸ਼ ਸਾਨੂੰ ਕਰਨ ਦੇ ਵਾਸਤੇ ਹਮੇਸ਼ਾਂ ਤੋਂ ਹੀ ਸੰਤਾਂ ਮਹਾਤਮਾਂ ਨੇ ਆਪਣੇ ਉਪਦੇਸ਼ਾਂ ਦੇ ਰਾਹੀਂ ਸੁਚੱਜੇ ਢੰਗ ਨਾਲ ਅਤੇ ਅੱਛੇ ਤਰੀਕੇ ਦੇ ਨਾਲ ਸਮਝਾਇਆ ਹੈ ਜਿਸ ਨੂੰ ਕਿ ਸਾਹਿਬ ਚਾਰ ਹਿੱਸਿਆਂ ਵਿਚ ਤਕਸੀਮ ਕਰਦੇ ਹਨ।

ਇਕ ਸੇਵਾ ਜਿਹੜੀ ਸਾਡੇ ਤਨ ਦੀ ਸੇਵਾ ਹੈ। ਤੁਸੀਂ ਦੇਖਦੇ ਹੋ ਕਿ ਕਾਫੀ ਜੋਗੀ ਲੋਕ ਰਿਖੀ ਲੋਕ, ਸਾਧੂ, ਮਹਾਤਮਾ ਆਪਣੇ ਤਨਾਂ ਤੇ ਭਬੂਤੀਆਂ ਮਲ ਕੇ ਨੰਗੇ ਬਦਨ ਚਿੱਟੇ ਕਪੜੇ ਉਤਾਰ ਕੇ ਪੀਲੇ ਕਪੜੇ, ਸਿਰ ਤੇ ਜਟਾਵਾਂ ਵਧਾ ਲੈਂਦੇ ਹਨ, ਪਾਣੀਆਂ ਵਿਚ ਖਲੋ ਜਾਂਦੇ ਹਨ, ਦਰਖਤਾਂ ਤੇ ਪੁੱਠੇ ਲਟਕ ਜਾਂਦੇ ਹਨ, ਐਸੀ ਸੁਨਸਾਨ ਜਗ੍ਹਾ ਚਲੇ ਜਾਂਦੇ ਹਨ ਜਿਥੇ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਸਿਵਾਇ ਕਿ ਜਿਥੇ ਕੁਦਰਤੀ

ਹਵਾ, ਕੁਦਰਤੀ ਠੰਡ ਤੇ ਕੁਦਰਤੀ ਹਾਲਾਤਾਂ ਤੋਂ। ਇਹ ਹੈ ਉਹਨਾਂ ਦੀ ਤਨ ਦੀ ਸੇਵਾ। ਕਬੀਰ ਸਾਹਿਬ ਇਸ ਤਨ ਨੂੰ ਆਖਦੇ ਹਨ ਕਿ ਇਹ ਮਿੱਟੀ ਦਾ ਬਣਿਆ ਹੋਇਆ ਹੈ ਇਸ ਨੇ ਮਿੱਟੀ ਵਿਚ ਜਾ ਕੇ ਮਿਲ ਜਾਣਾ ਹੈ।

***ਇਹ ਤਨੁ ਕਾਗਜ਼ ਦੀ ਪੁੜੀਆ ਹੈ, ਬੂੰਦ ਪੜਤੇ ਹੀ ਗਲ ਜਾਏਗਾ।***
**ਕਹਿਤੁ ਕਬੀਰ ਸੁਨਹੁ ਭਈ ਸਾਧੋ, ਇਕ ਨਾਮੁ ਬਿਨੁ ਪਛਤਾਏਗਾ।**

ਇਸਨੂੰ ਕਾਗਜ਼ ਦੀ ਪੁੜੀਆ ਵਾਂਗੂ ਕਹਿ ਕੇ ਕਬੀਰ ਸਾਹਿਬ ਸਮਝਾਂਦੇ ਹਨ ਜਾਂ ਯਾਦ ਕਰਾਉਂਦੇ ਨੇ ਕਿ ਜਿਸ ਤਰ੍ਹਾਂ ਕਾਗਜ਼ ਪਾਣੀ ਵਿਚ ਗੱਲ ਜਾਂਦਾ ਹੈ ਇਸੇ ਤਰਾਂ ਹੀ ਸਾਡਾ ਸਰੀਰ ਜਿਹੜਾ ਹੈ ਉਹ ਬਾਹਰੀ ਮਿੱਟੀ ਹਵਾ ਅਕਾਸ਼ੀ ਮੰਡਲਾਂ ਦੇ ਜਿਤਨੇ ਵੀ ਇੰਤਜ਼ਾਮ ਹਨ ਉਹਨਾਂ ਦੇ ਰਾਹੀਂ ਜਵਾਨੀ, ਬੁਢਾਪੇ ਵਿਚ ਆ ਕੇ ਮਿੱਟੀ ਵਿਚ ਮਿਲ ਜਾਂਦਾ ਹੈ। ਠੰਡ ਆਉਂਦੀ ਏ, ਸਰੀਰ ਨੂੰ ਠੰਡ ਲਗਦੀ ਹੈ। ਗਰਮੀ ਆਉਂਦੀ ਏ ਸਰੀਰ ਨੂੰ ਗਰਮੀ ਲੱਗਦੀ ਹੈ। ਗਰਮੀ ਦੇ ਵਾਸਤੇ ਸਾਨੂੰ ਸਾਰੀਆਂ ਥਲੇ ਦੀ ਸੁਵਿਧਾਵਾਂ ਲੈਣੀਆਂ ਪੈਂਦੀਆਂ ਹਨ। ਜਿਸ ਤਰਾਂ ਇਲੈਕਟਰੋਨਿਕ ਤੌਰ ਤੇ, ਬਿਜਲੀ ਤੌਰ ਤੇ ਜਾ ਆਪਣੇ ਦਸਤੀ ਤੌਰ ਤੇ ਜਿਵੇਂ ਹੱਥ ਦਾ ਪੱਖਾ, ਜੋ ਅਸੀਂ ਗਰਮੀਆਂ ਵਿਚ ਵੇਖਦੇ ਹਾਂ ਜਾਂ ਅਸੀਂ ਆਮ ਇੰਡੀਆ ਵਿਚ ਵੇਖਦੇ ਹਾਂ, ਹੱਥ ਦੇ ਪੱਖੇ ਦੀ ਸੇਵਾ ਕਰਦੇ ਹਾਂ। ਇੰਡੀਆ ਵਿਚ ਧਰਮ ਅਸਥਾਨਾਂ ਤੇ ਮੰਦਰ ਗੁਰਦੁਆਰੇ, ਜਾਂ ਹੋਰ ਵੀ ਜੋ ਸਾਡੇ ਵੱਡੇ ਵੱਡੇ ਸੰਤ ਸਮਾਗਮ ਹੁੰਦੇ ਹਨ ਹੱਥਾਂ ਨਾਲ ਲੋਕੀ ਸੰਗਤਾਂ ਨੂੰ ਪੱਖਾ ਝਲਦੇ ਨਜ਼ਰ ਆਉਂਦੇ ਹਨ। ਮਹਾਰਾਜ ਜੀ ਵੀ ਬਿਆਨ ਕਰਦੇ ਹਨ ਕਿ:-

***"ਪੱਖਾ ਫੇਰੀ ਪਾਣੀ ਢੋਵਾਂ ਜੋ ਦੇਵਹਿ ਸੋ ਖਾਈ।।"***
***"ਨਾਨਕੁ ਗਰੀਬੁ ਢਹਿ ਪਇਆ ਦੁਆਰੈ***
**ਹਰਿ ਮੇਲਿ ਲੈਹੁ ਵਡਿਆਈ।"**

ਇਹ ਵੀ ਸੇਵਾ ਹੈ। ਹੇ ਦਾਤਾ ਮੈਂ ਕਿਹੜੀ ਸੇਵਾ ਕਰਾਂ। ਸਾਹਿਬ ਗੁਰੂ ਅਮਰ ਦਾਸ ਜੀ ਮਹਾਰਾਜ ਨੇ 61 ਸਾਲ ਦੀ ਉਮਰ ਵਿਚ ਬਾਰਾਂ ਸਾਲ ਲਗਾਤਾਰ ਪਾਣੀ ਢੋਇਆ। ਤਿੰਨ ਕੋਹ ਪੁਠੀ ਪੈਰੀਂ ਜਾਣਾ ਤੇ ਸਿੱਧੇ ਪੈਰੀਂ ਆਉਣਾ, ਸਿਰਫ ਇਸ ਲਈ ਕਿ ਆਪਣੇ ਗੁਰੂ ਵਲ ਕਦੇ ਵੀ ਪਿੱਠ ਨਹੀਂ ਕਰਨੀ, ਇਸ ਚੀਜ਼ ਨੂੰ ਦੇਖਦੇ ਹੋਏ ਪਹਿਲੀ ਸੇਵਾ ਅਸੀਂ ਸੰਸਾਰੀ ਲੋਕ ਤਨ ਤੌਰ ਤੇ ਕਰਦੇ ਹਾਂ, ਰੱਬ ਨੇ ਸਾਨੂੰ ਸਰਦੀ ਦਿੱਤੀ ਅਸੀਂ ਗਰਮ ਕੱਪੜੇ ਪਾ ਲਏ ਜੋ ਥਲੇ ਦੇ ਹਨ। ਰੱਬ ਦੀ ਕੁਦਰਤੀ ਹੀਟ (ਗਰਮੀ) ਬਚਪਨਾ

ਹੈ। ਬੱਚਾ ਨੰਗੇ ਪੈਰੀਂ ਠੰਡ ਦੇ ਵਿਚ ਦੌੜਦਾ ਹੈ ਤੁਸੀਂ ਉਸ ਨੂੰ ਮਨਾ ਵੀ ਕਰਦੇ ਹੋ। ਇਹ ਕੁਦਰਤੀ ਗਰਮੀ, ਜੋ ਕਿ ਜਾਨਵਰਾਂ ਦੇ ਕੋਲ ਵੀ ਹੈ। ਕੋਈ ਗਰਮ ਕਪੜਾ ਨਹੀਂ। ਮੱਝ, ਗਾਂ, ਚਿੜੀ, ਤੋਤਾ, ਕਾਂ ਦੇ ਕੋਲ ਜੋ ਕੁਝ ਵੀ ਹੈ ਬਦਲ ਵਸਦੇ ਹੁੰਦੇ ਨੇ ਹਵਾ ਚਲਦੀ ਹੁੰਦੀ ਹੈ ਬੇਸ਼ੁਮਾਰ ਠੰਡ ਪੈਂਦੀ ਹੈ ਉਹ ਉਡ ਕੇ ਆਪਣਾ ਚੋਗਾ ਚੁਗਣ ਜਾਂਦੇ ਹਨ ਪਰ ਅਸੀਂ ਕਈ ਵਾਰ ਠੰਡ ਦੇ ਵਿਚ ਗਰਮ ਕੱਪੜੇ ਪਾਉਂਦੇ, ਗਰਮ ਚੀਜ਼ਾਂ ਖਾਂਦੇ ਹੋਏ ਵੀ ਆਪਣੇ ਕੰਮ ਤੋਂ ਪਿਛੇ ਹੱਟ ਜਾਂਦੇ ਹਾਂ ਕਿਉਂ? ਕਿ ਰੱਬ ਨੇ ਸਿਰਫ ਸਾਨੂੰ ਇਹ ਮੌਕਾ ਦਿੱਤਾ ਹੈ ਆਪਣੇ ਆਪਨੂੰ ਆਪਣੇ ਤਰੀਕੇ ਨਾਲ ਢਾਲਣ ਦਾ, ਪਰ ਜਾਨਵਰਾਂ ਨੂੰ ਨਹੀਂ।

ਦੂਜੀ ਸੇਵਾ ਸਾਡੀ ਮਨੁੱਖਤਾ ਲਈ ਹੈ ਮਨ ਦੀ। ਉਹ ਜਿਵੇਂ ਤੁਸੀਂ ਕਹਿੰਦੇ ਹੋ ਕਿ:—

***"ਕਰ ਕਾ ਮਣਕਾ ਛੋੜ ਕਰ, ਮਨ ਕਾ ਮਣਕਾ ਫੇਰ"***

***ਮਨ ਦੇ ਨਾਲ ਜਾਪ ਕਰੋ।***

***ਮੇਰੇ ਮਨ ਏਕਸ ਸਿਉ ਚਿਤੁ ਲਾਇ।।***

***ਏਕਸ ਬਿਨੁ ਸਭ ਧੰਧੁ ਹੈ, ਸੱਭ ਮਿਥਿਆ ਮੋਹੁ ਮਾਇ।।***

***ਮਨ ਜੀਤੈ ਜਗੁ ਜੀਤੁ।।***

***ਮਨ ਕੇ ਹਾਰੇ ਹਾਰ ਹੈ, ਮਨ ਕੇ ਜੀਤੇ ਜੀਤ।***

ਮਨ ਦੇ ਨਾਲ ਤੁਸੀਂ ਆਪਣਾ ਸਿਮਰਨ ਕਰੋ। ਉਸ ਤੋਂ ਬਾਅਦ ਸਾਹਿਬ ਇਹ ਬਿਆਨ ਕਰਦੇ ਹਨ ਕਿ:—

***ਸਾਸਿ ਸਾਸਿ ਸਿਮਰਹੁ ਗੋਬਿੰਦ।।***

ਕਿ ਸਾਹ ਸਾਹ ਦੇ ਨਾਲ। ਜਿਸ ਤਰ੍ਹਾਂ ਅਸੀਂ ਅੱਗੇ ਕਈ ਵਾਰੀ ਬਿਆਨ ਕੀਤਾ ਸੀ ਕਿ ਚਵ੍ਹੀ ਹਜ਼ਾਰ ਸਾਡੇ ਸਰੀਰ ਦੇ ਸਾਹ ਹਨ। ਤਮਾਮ ਮਨੁੱਖ ਚਵ੍ਹੀ ਘੰਟਿਆਂ ਦੇ ਵਿਚ, ਚਵ੍ਹੀ ਹਜ਼ਾਰ ਸਵਾਸ ਲੈਂਦਾ ਹੈ। ਜਦੋਂ ਸਾਹ ਤੇਜ਼ ਹੋ ਜਾਂਦਾ ਹੈ ਜਾਂ ਸਾਹ ਘੱਟ ਜਾਂਦਾ ਹੈ ਤਾਂ ਸਰੀਰ ਨੂੰ ਤਕਲੀਫ ਆਉਣੀ ਸ਼ੁਰੂ ਹੋ ਜਾਂਦੀ ਹੈ। ਕਹਿੰਦੇ ਹਨ ਕਿ ਸਾਹ ਚ[illegible] ਉਦੋਂ ਮਾਡੀ ਬਾਡੀ ਤਲਖੀ ਵਿਚ, ਤੰਗੀ ਵਿਚ, ਘੁਟੀ ਹੋਈ, ਕੋਈ ਚੀਜ਼

ਚਾਹੁੰਦੀ ਹੋਈ, ਵਿਆਕੁਲ ਹੋ ਉਠਦੀ ਹੈ। ਚਵ੍ਹੀ ਹਜ਼ਾਰ ਸਵਾਸਾਂ ਦੇ ਨਾਲ ਜੇ ਕਿਤੇ ਘਟਦੇ ਨੇ ਤਾਂ ਫਿਰ ਵੀ ਕਦੇ ਤਲਖੀ ਜਿਹੀ, ਤੇਜ਼ੀ ਜਿਹੀ ਆਉਂਦੀ ਹੈ। ਤੁਸੀਂ ਕੋਸ਼ਿਸ਼ ਕਰਦੇ ਹੋ ਕਿ ਬਾਹਰਲੀਆਂ ਸੁਵਿਧਾਵਾਂ ਦੇ ਨਾਲ ਆਪਣਾ ਸਾਹ ਲਿਆ ਜਾਵੇ। ਇਹ ਹੈ ਮਨ ਦੀ ਸੇਵਾ, ਜਿਸ ਰਾਹੀਂ ਤੁਸੀਂ ਉਸ ਅਕਾਲ ਨੂੰ ਉਸ ਪ੍ਰਮਾਤਮਾ ਨੂੰ ਯਾਦ ਕਰ ਸਕਦੇ ਹੋ। ਉਹ ਹੈ ਤੁਹਾਡਾ ਕਿਸੇ ਪੂਰਨ ਪੁਰਖ ਦੀ ਸਰਨ 'ਚ ਜਾਣਾ ਆਪਣਾ ਮਨ ਉਹਦੇ ਹਵਾਲੇ ਕਰ ਦੇਣਾ। ਜੋ ਉਹ ਕਰਦਾ ਹੈ ਉਹ ਠੀਕ ਹੈ।

ਤੀਜੀ ਸੇਵਾ ਹੈ ਸਾਡੀ ਧਨ ਦੀ, ਜਿਹੜੀ ਕਿ ਅਸੀਂ ਸਾਰੇ ਲੋਕ ਆਪਣੀ ਮਿਹਨਤ ਨਾਲ ਪੈਸਾ ਕਮਾ ਕੇ ਕਹਿੰਦੇ ਹਾਂ ਕਿ ਮਿਹਨਤ ਕਰਦੇ ਹਾਂ ਕਿਉਂ ਬੇਫਜ਼ੂਲ ਪੈਸਾ ਗਵਾਈਏ। ਫਿਰ ਵੀ ਕਦੇ ਕਦੇ ਅਸੀਂ ਮੰਦਰਾਂ, ਗੁਰਦੁਆਰਿਆਂ, ਮਸੀਤਾਂ, ਚਰਚਾਂ ਵਿਚ ਜਾ ਕੇ ਹੋਰ ਵੀ ਕਈ ਐਸੇ Religious Functions (ਧਾਰਮਿਕ ਸਮਾਗਮ) ਜਿਹੜੇ ਸਾਡੇ ਇੰਡੀਆ ਵਿਚ ਆਮ ਹਨ ਕਦੇ ਕਦੇ ਕੋਈ ਬਾਹਰ ਜਗਰਾਤਾ ਕਰਦਾ ਹੈ, ਕੋਈ ਬਾਹਰ ਲੰਗਰ ਲਾਉਂਦਾ ਹੈ, ਕੋਈ ਛਬੀਲ ਲਾ ਲੈਂਦਾ ਹੈ, ਜਾਂ ਕਿਸੇ ਦੇ ਘਰ ਆਪਣੇ ਪ੍ਰਾਈਵੇਟ ਤੌਰ ਤੇ ਆਪਣੀ ਜ਼ਿੰਦਗੀ ਦੇ ਵਿਚ ਕੋਈ ਸਤਿਸੰਗ ਜਾਂ ਧਾਰਮਿਕ ਕੰਮ ਕਰਦਾ ਹੈ ਉਥੇ ਜਾ ਕੇ ਆਟੇ ਦਾ, ਪੈਸੇ ਦਾ ਜਾਂ ਹੋਰ ਵੀ ਕੋਈ ਦਾਨ ਪੁੰਨ ਕਰਦੇ ਹਾਂ। ਇਹ ਤਾਂ ਹੈ ਜਿਹੜੇ ਮਿਹਨਤ ਕਰਦੇ ਨੇ। ਦੂਜੇ ਪਾਸੇ ਜਿਹੜੇ ਮਿਹਨਤ ਨਹੀਂ ਵੀ ਕਰਦੇ ਜਿਸ ਨੂੰ ਅਸੀਂ ਹੱਕ ਹਲਾਲ ਆਖਦੇ ਹਾਂ। ਕਈ ਲੋਕ ਆਖਦੇ ਨੇ ਕਿ ਦਸਾਂ ਨਹੁੰਆਂ ਦੀ ਕਮਾਈ ਬੰਦੇ ਨੂੰ ਕਰਨੀ ਚਾਹੀਦੀ ਹੈ। ਬਾਣੀ ਵਿਚ ਵੀ ਗੁਰੂ ਸਾਹਿਬ ਆਖਦੇ ਨੇ:

***ਕੀਰਤਿ ਕਰਹਿ ਸਗਲ ਜਨ ਤੇਰੀ, ਤੂ ਅਬਿਨਾਸੀ ਪੁਰਖੁ ਮੁਰਾਰੇ।।***
***ਜਿਉ ਭਾਵੈ ਤਿਉ ਰਾਖਹੁ ਸੁਆਮੀ, ਜਨ ਨਾਨਕ ਸਰਨਿ ਦੁਆਰੇ।।***

ਕਿ ਹੇ ਦਾਤਾ ਤੇਰੀ ਸਾਰੀ ਦੁਨੀਆਂ ਕਿਰਤ ਕਰਦੀ ਹੈ ਪਰ ਉਹ ਕਿਰਤ ਕਮਾਈ ਅਸਲ ਵਿਚ ਕਿਹੜੀ ਹੈ? ਜਿਹੜੀ ਅਸੀਂ ਆਪਣੀ ਕਮਾਈ ਦੇ ਵਿਚੋਂ ਕਿਸੇ ਜ਼ਰੂਰਤ ਮੰਦ, ਲੋੜਵੰਦ ਅਤੇ ਬਗੈਰ ਆਪਣੇ ਕਿਸੇ ਖ਼ੂਨ ਦੇ ਰਿਸ਼ਤੇ ਤੋਂ ਕਿਸੇ ਦੀ ਮਦੱਦ ਕਰੀਏ, ਉਹ ਸਾਡੀ ਕਿਰਤ ਕਮਾਈ ਹੈ। ਜੇ ਅਸੀਂ ਨਿਆਣੇ ਜੰਮ ਕੇ ਉਹਨਾਂ ਨੂੰ ਪਾਲਦੇ ਪਏ ਹਾਂ, ਜਾਂ ਅਸੀਂ ਆਪਦੇ ਸਾਕਾਂ ਸੰਬੰਧੀਆਂ ਦੇ ਨਾਲ ਮਿਲਣ ਵਰਤਣ ਰਖਦੇ ਪਏ ਹਾਂ ਤਾਂ ਸਾਡੀ ਕਿਰਤ ਕਮਾਈ ਉਥੇ ਵੀ ਬੇਫਜ਼ੂਲ ਜਾਂਦੀ ਹੈ। ਤੁਸੀਂ ਰੱਬ ਅੱਗੇ ਪੰਜ ਪੈਸੇ ਚੜ੍ਹਾਓ, ਦਸ ਪੈਸੇ ਚੜ੍ਹਾਓ, ਰੁਪਈਆ ਚੜ੍ਹਾਓ, ਤੁਹਾਡੀ ਉਹ ਨਹੀਂ ਮੁਰਾਦ ਪੂਰੀ ਕਰਦਾ ਫਿਰ ਵੀ ਤੁਸੀਂ ਚੜ੍ਹਾਉਂਦੇ ਹੋ। ਕਿਸੇ ਸਾਕ ਸੰਬੰਧੀ ਰਿਸ਼ਤੇਦਾਰ ਦੇ ਤੁਸੀਂ ਜਾਓ, ਉਹਦੇ ਵਿਆਹ

ਤੇ ਜਾਂ ਉਸਦੇ ਕਿਸੇ ਗਮੀ ਦੇ ਦਿਨ ਤੇ, ਉਹ ਤੁਹਾਡੇ ਨਹੀਂ ਵੀ ਆਉਂਦਾ ਫਿਰ ਵੀ ਤੁਸੀਂ ਜਾਂਦੇ ਹੋ। ਕਈ ਐਨੇ ਹਜ਼ਾਰਾਂ ਹੀ ਲੋਕ ਜਿਹੜੇ ਬੇਮਤਲਬੀ ਹਸਪਤਾਲਾਂ ਵਿਚ ਰੋਗੀ ਹਨ ਜਾਂ ਜੇਲ੍ਹਾਂ ਵਿਚ ਮੁਜ਼ਰਮ ਹਨ ਜਾਂ ਹੋਰ ਕਿਸੇ ਕਾਰਨੇ, ਉਹ ਪੀੜਤ ਜ਼ਿੰਦਗੀ ਵਿਚ ਆਏ ਹੋਏ ਹਨ। ਅਸੀਂ ਉਹਨਾਂ ਨੂੰ ਕਿਉਂ ਨਹੀਂ ਮਿਲਦੇ। ਕਿਉਂ? ਕਿਉਂ ਕਿ ਅਸੀਂ ਇਹ ਸਮਝਦੇ ਹਾਂ ਕਿ ਸਾਡੀ ਇਹ ਕਿਰਤ ਕਮਾਈ ਸਿਰਫ ਸਾਡੇ ਨਿਆਂਣਿਆਂ ਵਾਸਤੇ ਹੀ ਹੈ। ਰਾਤ ਦਿਨ ਦੀ ਕਮਾਈ ਦੇ ਪੈਸੇ ਪਏ ਹਨ, ਉਲੀ ਲੱਗ ਜਾਂਦੀ ਹੈ, ਐਕਸੀਡੈਂਟ ਹੋ ਕੇ ਮਰ ਜਾਣਾ ਹੈ ਕਿਸੇ ਨੂੰ ਅਕਾਊਂਟ ਦਾ ਵੀ ਪਤਾ ਨਹੀਂ ਲਗਣਾ ਫਿਰ ਤੁਹਾਡੇ ਨਿਆਣਿਆਂ ਨੇ ਕੇਸ ਕਰਦੇ ਫਿਰਨਾ ਹੈ, ਮਿਲਣੇ ਉਹਨਾਂ ਨੂੰ ਵੀ ਨਹੀਂ ਹਨ। ਪਰ ਤੁਸਾਂ ਜੀਉਂਦੇ ਜੀ ਦੋ ਘੜੀਆਂ ਚੈਨ ਨਹੀਂ ਲੈਣਾ। ਤੁਸੀਂ ਰੋਗੀ ਹੋਵੋ ਬੀਮਾਰ ਹੋਵੋ, ਦੁਖੀ ਹੋਵੋ ਤੁਸੀ ਕਹਿੰਦੇ ਹੋ ਕਿ ਇਸ ਬਗੈਰ ਗੁਜ਼ਾਰਾ ਨਹੀਂ। ਕਿਉਂ ਨਹੀਂ ਗੁਜਾਰਾ? ਤੁਸੀਂ ਇਹ ਦੱਸੋ ਕਿ ਜਦੋਂ ਤੁਸੀਂ ਪਹਿਲਾਂ ਜੁਆਕ ਸੀਗੇ ਜਾਂ ਤੁਸੀਂ ਆਪਣੀ ਜੁਆਨ੍ਹ ਉਮਰ ਵਿਚ ਸੀਗੇ ਤਾਂ ਦਸ ਰੋਟੀਆਂ ਖਾਂਦੇ ਸੀਗੇ? ਜਿਉਂ ਜਿਉਂ ਕੰਮ ਜ਼ਿਆਦਾ ਕਰਨ ਲਗ ਪਏ ਹੋ ਤਾਂ ਕੀ ਹੁਣ ਵੀਹ ਰੋਟੀਆਂ ਖਾਣ ਲੱਗ ਪਏ ਹੋ? ਸਗੋਂ ਦੋ ਘਟੀਆਂ ਹੀ ਹੋਣਗੀਆਂ ਬਲਕਿ ਪੇਟ ਖਰਾਬ ਹੋ ਗਿਆ ਹੋਵੇਗਾ ਕੰਮ ਕਰ ਕਰ ਕੇ। ਨੀਂਦਰ ਨਾਲ ਤੁਹਾਡਾ ਸਰੀਰ ਕਮਜ਼ੋਰ ਹੋ ਗਿਆ ਹੋਵੇਗਾ। ਤੁਹਾਨੂੰ ਦੁਧ ਪਚਣਾ ਬੰਦ ਹੋ ਗਿਆ ਹੋਵੇਗਾ। ਜਿਹੜਾ ਦੁਧ ਤੁਸੀਂ ਬਾਰਾਂ ਤੇਰਾਂ ਸਾਲਾਂ ਦੇ ਵਿਚ ਜਾਂ ਪੱਚੀ ਸਾਲ ਦੀ ਉਮਰ ਦੇ ਵਿਚ ਪੀ ਕੇ ਪਚਾ ਲੈਂਦੇ ਹੋਵੋਗੇ ਤਾਂ ਉਸ ਵਿਚੋਂ ਹੁਣ ਕੱਪ ਵੀ ਨਹੀਂ ਪਚਦਾ ਹਵੇ ਗਾ, ਹਾਲਾਂਕਿ ਤੁਸੀਂ ਕੰਮ ਕਰਦੇ ਹੋ। ਪੰਜਾਬੀ ਦੀ ਇਕ ਕਹਾਵਤ ਵਿਚ ਕਿਹਾ ਗਿਆ ਹੈ ਕਿ:—

*"ਚੰਮ ਨਹੀਂ ਖਾਂਦਾ, ਕੰਮ ਖਾਂਦਾ ਹੈ।"*

ਮਿਹਨਤ ਕਰਨ ਵਾਲ਼ਾ ਆਦਮੀ ਖਾ ਸਕਦਾ ਹੈ। ਜਿੰਨੇ ਵੀ ਸਾਡੇ ਆਪਦੇ ਤਰੀਕੇ ਤੇ ਬੁਧੀ ਦੇ ਸਾਧਨ ਪੈਦਾ ਕੀਤੇ ਹੋਏ ਹਨ ਉਹਨਾਂ ਵਿਚੋਂ ਅਸੀਂ ਉਤਾਂਹ ਉਠਣਾ ਹੈ। ਉਹ ਸੇਵਾ ਹੈ ਸਾਡੇ ਧਨ ਦੀ।

ਉਸ ਤੋਂ ਬਾਅਦ ਹੈ ਚੌਥੀ ਸੇਵਾ, ਜਿਹੜੀ ਕਿ ਨਾਮ ਕਮਾਈ ਦੀ ਹੈ। ਜਿਸਨੂੰ ਅਸੀਂ ਸੰਤ ਸੇਵਾ ਆਖਦੇ ਹਾਂ। ਸੰਤ ਨਾ ਭੁੱਖੇ ਤਨ ਦੇ, ਸੰਤ ਨਾ ਭੁੱਖੇ ਮਨ ਦੇ, ਸੰਤ ਨਾ ਭੁੱਖੇ ਧਨ ਦੇ, ਸੰਤ ਭੁੱਖੇ ਹਨ ਭਜਨ ਸਿਮਰਨ ਅਤੇ ਪ੍ਰੇਮ ਦੇ।

*"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ"*

ਇਹ ਚੌਥੀ ਸੇਵਾ ਸਾਡੇ ਪਿਆਰ ਦੀ ਹੈ। ਜਿਸ ਪਿਆਰ ਦੇ ਰਾਹੀਂ ਤੁਸੀਂ ਉਸ ਅਕਾਲ ਪੁਰਖ ਨੂੰ ਪੁਕਾਰੋ ਉਹ ਤੁਹਾਡੀ ਪੁਕਾਰ ਸੁਣਨ ਵਾਸਤੇ ਆਣ ਉਥੇ ਹਾਜ਼ਰ ਹੁੰਦਾ ਹੈ।

***ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ।।***
***ਦੇ ਕੰਨੁ ਸੁਣਹੁ ਅਰਦਾਸਿ ਜੀਉ।।***

ਅਸੀਂ ਸਤਿਸੰਗ ਵਿਚ ਇਕ ਵਾਰ ਕਿਹਾ ਸੀ ਕਿ ਮੰਦਰ, ਗੁਰਦਆਰਾ, ਮਸਜਦ, ਮਸੀਤ ਰੱਬ ਦੇ ਲਈ ਨਹੀਂ ਬਣਾਏ ਗਏ ਕਿ ਰੱਬ ਇਥੇ ਆਵੇਗਾ ਜਾਂ ਆਉਂਦਾ ਏ , ਉਹ ਤੁਹਾਡੇ ਲੋਕਾਂ ਲਈ ਬਣਾਏ ਗਏ ਹਨ ਕਿ ਜਦੋਂ ਆਪਣੇ ਘਰੇਲੂ ਕੰਮਾਂ ਤੋਂ ਦੁਖੀ ਹੋ ਜਾਵੋ, ਤੁਹਾਡੀ ਸ਼ਾਂਤੀ ਖੁਸ ਜਾਵੇ ਤਾਂ ਤੁਸੀਂ ਦੋ ਘੜੀਆਂ ਲਈ ਜਾ ਕੇ ਉਥੇ ਆਪਣੇ ਲਈ ਸ਼ਾਂਤੀ ਪੈਦਾ ਕਰ ਸਕੋ।

ਰੱਬ ਲਈ ਜਿਹੜਾ ਅਸਲੀ ਘਰ ਬਣਾਇਆ ਗਿਆ ਹੈ ਉਹ ਤੁਹਾਡਾ ਸਰੀਰ ਹੈ ਜਿਸਨੂੰ ਹਰ ਮਹਾਂ ਪੁਰਖ ਨੇ ਆਪਣੀ ਆਪਣੀ ਬਾਣੀ ਰਾਹੀਂ ਆਪਣੇ ਆਪਦੇ ਤਰੀਕੇ ਰਾਹੀਂ ਬਿਆਨ ਕੀਤਾ ਹੈ ਕਿ ਤੁਹਾਡਾ ਸਰੀਰ ਹੀ ਰੱਬ ਦਾ ਘਰ ਹੈ। ਇਸ ਸਰੀਰ ਨੂੰ ਬਨਾਣ ਵਾਲਾ ਆਪ ਰੱਬ ਹੈ ਇਹ ਜਾਮਾ ਦੁਰਲੱਭ ਹੈ:—

***ਕਬੀਰ ਮਾਨਸ ਜਨਮੁ ਦੁਲੰਭੁ ਹੈ, ਹੋਇ ਨ ਬਾਰੈ ਬਾਰ।।***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।***

ਜਿਸ ਤਰ੍ਹਾਂ ਕਬੀਰ ਸਾਹਿਬ ਕਹਿੰਦੇ ਹਨ ਕਿ ਟਾਹਣੀ ਨਾਲੋਂ ਟੁਟਿਆ ਫਲ ਮੁੜ ਕੇ ਟਾਹਣੀ ਨਾਲ ਨਹੀਂ ਲਗਦਾ। ਇਸੇ ਤਰ੍ਹਾਂ ਤੁਸੀਂ ਜੀਵ ਆਪਦੇ ਮਾਲਕ ਆਪਦੇ ਪ੍ਰੀਤਮ ਆਪਦੇ ਸੁਆਮੀ ਨਾਲੋਂ ਵਿਛੜੇ ਹੋ, ਵਾਪਸ ਜੁੜਨਾ ਬਹੁਤ ਮੁਸ਼ਕਲ ਹੈ। ਜੇਕਰ ਤੁਸੀਂ ਜਿਉਂਦੇ ਜੀ ਉਸ ਨਾਲ ਮਿਲਣਾ ਚਾਹੁੰਦੇ ਹੋ ਤਾਂ ਆਪਣੇ ਅੰਦਰ ਦੇ ਖਜਾਨੇ ਨੂੰ ਫੋਲੋ, ਲਭੋ ਤਹਾਡੇ ਅੰਦਰ ਕੀ ਹੈ?

ਪਿਆਰ ਦੀ ਕੋਈ ਮਿਸਾਲ ਨਹੀਂ ਹੈ। ਪਿਆਰ ਨੂੰ ਅਸੀਂ ਛੇ ਤਰੀਕੇ ਨਾਲ ਵੰਡਿਆ ਹੈ। ਬੱਚਾ ਜੰਮਦਾ ਹੈ ਤਾਂ ਮਾਂ-ਪਿਓ, ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ ਦਾ ਪਿਆਰ ਪੈਦਾ ਹੁੰਦਾ ਹੈ। ਜਿਹੜਾ ਵੀ ਆਉਂਦਾ ਹੈ ਉਸ ਨੂੰ ਚੁਕਦਾ ਹੈ, ਚੁੰਮਦਾ ਹੈ, ਖਿਡਾਉਂਦਾ ਹੈ, ਅਨੇਕਾਂ ਹੀ ਉਸਦੇ ਨਾਂ ਰਖੇ ਜਾਂਦੇ ਹਨ ਉਸ ਪਿਆਰ ਦੇ ਵਿਚ ਮਗਨ ਹੋ ਕੇ ਬੱਚਾ ਆਰਾਮ ਨਾਲ ਬੈਠਾ ਖੇਡਦਾ ਹੈ, ਰੋਂਦਾ ਹੈ, ਕਲਪਦਾ ਹੈ। ਮਾਂ ਪਿਓ ਦਾ ਪਿਆਰ ਬੱਚੇ

ਨਾਲ ਪੈਦਾ ਹੁੰਦਾ ਹੈ।

ਬੱਚਾ ਥੋੜ੍ਹਾ ਵੱਡਾ ਹੋ ਕੇ ਪੜ੍ਹਨ ਲਿਖਣ ਲਈ ਸਕੂਲ ਜਾਂਦਾ ਹੈ ਤਾਂ ਉਸਦਾ ਪਿਆਰ ਮਾਂ ਬਾਪ ਨਾਲੋਂ ਘਟ ਕੇ ਆਪਣੀ ਉਹਲਾ ਦੋਸਤਾਂ ਮਿਤਰਾਂ ਨਾਲ ਹੋ ਜਾਂਦਾ ਹੈ ਜਿਹੜੇ ਉਸਦੇ ਸਕੂਲ ਦੇ ਟਾਈਮ ਤੇ ਹੁੰਦੇ ਹਨ।

ਪੜ੍ਹਾਈ ਤੋਂ ਬਾਅਦ ਉਸਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਉਸਦਾ ਪਿਆਰ ਉਸਦੇ ਕੰਮ ਕਰਨ ਵਾਲੇ ਮਜ਼ਦੂਰ, ਅਫਸਰ ਜਾਂ ਹੋਰ ਸਾਥੀਆਂ ਨਾਲ ਪੈ ਜਾਂਦਾ ਹੈ ਅਤੇ ਮਾਂ ਪਿਓ ਨਾਲੋਂ ਹੋਰ ਪਿਆਰ ਘੱਟ ਗਿਆ। ਕਈ ਵਾਰ ਮਾਂ ਪਿਓ ਪੁਛਦੇ ਹਨ ਕਿ ਪੁਤਰ ਕੀ ਗੱਲ ਲੇਟ ਕਿਉਂ ਆਇਆ ਹੈਂ ਤਾਂ ਉਹ ਦਸਦਾ ਹੀ ਨਹੀਂ ਅਤੇ ਜਾਣ ਲੱਗਾ ਵੀ ਮਾਂ ਬਾਪ ਤੋਂ ਨਹੀਂ ਪੁਛਦਾ। ਇਥੋਂ ਤਕ ਕਿ ਕਈ ਮਾਂ ਬਾਪ ਦਾ ਵੀ ਉਹ ਪਿਆਰ ਨਹੀਂ ਰਿਹਾ ਹੁੰਦਾ ਜਿਹੜਾ ਗੋਦ ਦਾ ਪਿਆਰ ਸੀ ਅਤੇ ਬੱਚੇ ਨੂੰ ਵੀ ਤੁਸੀਂ ਉਹ ਪਿਆਰ ਨਹੀਂ ਦੇ ਸਕੇ ਜਿਹੜਾ ਤੁਸੀਂ ਆਪਣੀ ਗੋਦ ਵਿਚ ਪਾ ਕੇ ਦਿੰਦੇ ਸੀ। ਤੁਸੀਂ ਆਪਣੀਆਂ ਗਰਜ਼ਾਂ ਨਾਲ ਬੱਚੇ ਨੂੰ ਪਾਲਿਆ ਤੁਹਾਡੇ ਕੋਲ ਆਪਣੇ ਕੋਲ ਟਾਈਮ ਨਹੀਂ ਹੈ ਉਨ੍ਹਾਂ ਕੋਲ ਬਹਿਣ ਲਈ ਤਾਂ ਤੁਸੀਂ ਉਨ੍ਹਾਂ ਨੂੰ ਕੀ ਦੇਖਣਾ ਹੈ। ਪਹਿਲਾਂ ਆਪਣਾ ਟਾਈਮ ਕੱਢੋ ਆਪਣੇ ਵਾਸਤੇ ਉਹਨਾਂ ਕੋਲ ਬੈਠੋ। ਅਸੀਂ ਦਿਨ ਰਾਤ ਉਸ ਚੀਜ਼ ਪਿਛੇ ਲੱਗੇ ਹੋਏ ਹਾਂ ਜਿਹੜੀ ਕਿ ਨਾਸ਼ਵਾਨ ਤੇ ਫਨਾਹਵੰਦ ਹੈ। ਜਿਸ ਨਾਲ ਹਕੂਮਤਾਂ ਵੀ ਨਹੀਂ ਚਲੀਆਂ, ਤੁਹਾਡੇ ਘਰ ਕੀ ਚਲਣੇ ਹਨ। ਉਹ ਹੈ ਪੈਸਾ ਉਹ ਤੁਹਾਡੀ ਜ਼ਰੂਰਤ ਤੇ ਲੋੜ ਵਾਸਤੇ ਬਣਾਇਆ ਗਿਆ ਹੈ ਤੁਹਾਡੇ ਸਰੀਰ ਨੂੰ ਪਾਲਣ ਅਤੇ ਢਕਣ ਵਾਸਤੇ ਬਣਾਇਆ ਗਿਆ ਹੈ। ਜਮਾਂ ਕਰਨ ਵਾਸਤੇ ਤਾਂ ਕਿ ਔਖੇ ਵੇਲੇ ਕੰਮ ਆਵੇ ਪਰ ਆਪਦੇ ਆਪ ਨੂੰ ਬਰਬਾਦ ਕਰਨ ਵਾਸਤੇ ਨਹੀਂ ਕਿ ਤੁਸੀਂ ਉਸ ਪੈਸੇ ਦੇ ਰਾਹੀਂ ਸ਼ਰਾਬਾਂ ਕਬਾਬਾਂ ਦੇ ਝਗੜੇ ਖੜੇ ਕਰੋ ਆਪਣੇ ਆਪਨੂੰ ਬੁਰੇ ਰਸਤੇ ਤੇ ਲੈ ਜਾਵੇ, ਕਿਸੇ ਨੂੰ ਮਾਰਨ ਮਰਾਣ ਦੀਆਂ ਸਕੀਮਾਂ ਬਣਾ ਕੇ ਆਪਣੇ ਆਪ ਨੂੰ ਤਬਾਹ ਕਰੋ ਉਹ ਨਹੀਂ। ਗਲਤ ਤਰੀਕੇ ਨਾਲ ਪੈਸਾ ਕਮਾਉਣਾ ਅਤੇ ਉਸ ਨਾਲ ਔਲਾਦ ਪਾਲਣੀ ਠੀਕ ਨਹੀਂ ਹੈ ਉਸ ਨਾਲ ਤੁਹਾਡੀ ਔਲਾਦ ਨਲਾਇਕ ਹੋ ਜਾਵੇਗੀ। ਤੁਹਾਡਾ ਨਰਕ ਤੁਹਾਡੇ ਅੱਗੇ ਆ ਜਾਵੇਗਾ। ਕਈ ਮਨਮੱਤੀ ਲੋਕ ਕਹਿੰਦੇ ਹਨ ਕਿ ਨਰਕ ਤਾਂ ਹੈ ਹੀ ਨਹੀਂ। ਉਹਨਾਂ ਵਾਸਤੇ ਵਾਕਿਆ ਹੀ ਨਹੀਂ ਹੁੰਦਾ ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸਾਡੀ ਔਲਾਦ ਤਾਂ ਨਲਾਇਕ ਨਿਕਲ ਆਈ ਹੈ ਸਾਡੇ ਲਈ ਤਾਂ ਇਹੋ ਹੀ ਨਰਕ ਹੈ। ਜਿਹੜਾ ਬੰਦਾ ਖੁਦ ਹੀ ਹਸਪਤਾਲ ਵਿਚ ਲੰਮਾ ਪਿਆ ਹੈ ਅਤੇ ਇਕ ਨਾਲੀ ਢਿਡ ਵਿਚ ਇਕ ਨੱਕ ਵਿਚ ਲੱਗੀ ਹੋਈ ਹੈ, ਡਾਕਟਰਾਂ ਨੇ ਲੱਤ ਨੂੰ ਵਜਨ ਬੰਨ ਕੇ ਉਪਰ ਟੰਗਿਆ ਹੋਇਆ ਹੈ ਉਹ ਤਾਂ ਆਪੇ

ਹੀ ਕੁੰਭੀ ਨਰਕ ਵਿਚ ਪਿਆ ਹੈ। ਉਸ ਨੇ ਤਾਂ ਖੁਦ ਹੀ ਦੇਖ ਲਿਆ ਹੈ। ਇਸ ਲਈ ਉਹ ਤਾਂ ਆਪ ਹੀ ਕਹੇਗਾ ਕਿ ਉਪਰ ਸਵਰਗ ਨਰਕ ਕੋਈ ਚੀਜ਼ ਹੀ ਨਹੀ ਹੈ।

ਪ੍ਰਮਾਤਮਾ ਨੂੰ ਕਿਸੇ ਨੇ ਅੱਜ ਤਕ ਨਾ ਲਭਿਆ ਹੈ ਨਾ ਲਭਣਾ ਹੀ ਹੈ, ਨਾਹੀ ਲੱਭੇਗਾ ਕਿਉਂਕਿ ਪ੍ਰਮਾਤਮਾ :—

***ਆਦਿ ਸਚੁ।। ਜੁਗਾਦਿ ਸਚੁ।।***

***ਹੈ ਭੀ ਸਚੁ।। ਨਾਨਕ ਹੋਸੀ ਭੀ ਸਚੁ।।***

ਇਹ ਬਾਣੀ ਰਾਹੀਂ ਬਿਆਨ ਕੀਤਾ ਹੈ, ਪਰ ਰੱਬ ਨੂੰ ਮੰਨਣਾ ਬਹੁਤ ਔਖਾ ਹੈ। ਜਿਹਨਾਂ ਰੱਬ ਨੂੰ ਮੰਨਿਆ ਹੈ ਉਹਨਾਂ ਤਲੀਆਂ ਤੇ ਸਿਰ ਰਖੇ ਹਨ ਪਰ ਤੁਸੀ ਲੋਕ ਰੱਬ ਨੂੰ ਮੰਨਦੇ ਨਹੀਂ ਤੁਸੀਂ ਤਾਂ ਉਸ ਤੇ ਅਹਿਸਾਨ ਕਰਦੇ ਹੋ ਕਿ ਰੱਬਾ ਅਸੀ ਤੇਰਾ ਸਵੇਰੇ ਉਠ ਕੇ ਪਾਠ ਕਰਦੇ ਹਾਂ, ਪੰਜ ਰੁਪਏ ਦਾ ਤੈਨੂੰ ਕੜ੍ਹਾਹ ਪ੍ਰਸ਼ਾਦ ਖਵਾਂਦੇ ਹਾਂ, ਤੂੰ ਸਾਡਾ ਕੰਮ ਕਰੀਂ। ਮੇਰਾ ਮੁੰਡਾ ਨਾਲਾਇਕ ਨਿਕਲ ਆਇਆ ਹੈ ਤੂੰ ਉਸਨੂੰ ਠੀਕ ਕਰ ਦੇਈਂ। ਅਸੀਂ ਰੱਬ ਕੋਲ ਜਾ ਕੇ ਉਸ ਤੇ ਜ਼ੋਰ ਪਾਉਂਦੇ ਹਾਂ ਕਿ ਅਸੀਂ ਕਿਰਤ ਕਮਾਈ ਕੀਤੀ ਹੈ ਅਤੇ ਉਸ ਵਿਚੋਂ ਤੈਨੂੰ ਦੇਣ ਆਏ ਹਾਂ। ਵੇਖੀਂ ਕਿਤੇ ਨਾਜਾਇਜ਼ ਨਾ ਖਰਚੀਂ। ਅਸੀਂ ਕਈ ਵਾਰ ਕਹਿੰਦੇ ਹੁੰਦੇ ਹਾਂ ਕਿ ਚੋਰ ਦੀ ਕੀ ਘੱਟ ਕਿਰਤ ਕਮਾਈ ਹੈ। ਜਾਣ ਲੱਗਾ ਇਹ ਕਹਿ ਕੇ ਜਾਂਦਾ ਹੈ ਕਿ ਹੇ ਪ੍ਰਮਾਤਮਾ ਮੈਂ ਚੋਰੀ ਕਰਨ ਚਲਿਆ ਹਾਂ ਪੁਲਸ ਮੈਨੂੰ ਫੜ ਨਾ ਲਵੇ ਅਤੇ ਮੈਂ ਬਚ ਕੇ ਆ ਜਾਵਾਂ। ਇਥੇ ਤਾਂ ਚੋਰੀ ਹੋਰ ਤਰੀਕੇ ਨਾਲ ਹੁੰਦੀ ਹੈ। ਪਰ ਇੰਡੀਆ ਵਿਚ ਲੋਕ ਕੋਠੇ ਤੇ ਸੁੱਤੇ ਹੁੰਦੇ ਹਨ ਚੋਰ ਆਉਂਦਾ ਹੈ ਦੂਸਰੇ ਲੋਕਾਂ ਦੀਆਂ ਛੱਤਾਂ ਉਪਰ ਚੜ੍ਹ ਕੇ, ਆ ਕੇ ਚੋਰੀ ਕਰਕੇ ਲੈ ਜਾਂਦਾ ਹੈ ਅਤੇ ਘਰ ਵਾਲੇ ਸੁੱਤੇ ਹੀ ਰਹਿ ਜਾਂਦੇ ਹਨ। ਉਸਨੂੰ ਵੀ ਡਰ ਹੈ ਕਿ ਘਰ ਵਾਲੇ ਉਠ ਜਾਣਗੇ ਮੈਨੂੰ ਫੜ ਲੈਣਗੇ ਅਤੇ ਮਾਰਨਗੇ। ਉਹ ਵੀ ਰੱਬ ਨੂੰ ਧਿਆ ਕੇ ਜਾਂਦਾ ਹੈ ਅਤੇ ਚੋਰੀ ਕਰਕੇ ਜਦੋਂ ਵਾਪਸ ਆਉਂਦਾ ਹੈ ਤਾਂ ਫਿਰ ਰੱਬ ਨੂੰ ਧਿਆਉਂਦਾ ਹੈ। ਪਰ ਅਸੀ ਤਾਂ ਨਾ ਸਵੇਰ ਨੂੰ ਕੰਮ ਤੇ ਜਾਣ ਲੱਗੇ ਧਿਆਉਂਦੇ ਹਾਂ ਅਤੇ ਨਾ ਹੀ ਆ ਕੇ। ਘਰੋਂ ਕੰਮ ਤੇ ਜਾਣ ਲੱਗੇ ਆਦਮੀ ਜਨਾਨੀ ਨਾਲ ਲੜਦਾ ਹੈ ਅਤੇ ਜਨਾਨੀ ਆਦਮੀ ਨਾਲ ਲੜਦੀ ਲੜਦੀ ਕੰਮ ਤੇ ਤੁਰ ਜਾਂਦੀ ਹੈ। ਬੱਚਿਆਂ ਨੂੰ ਜਨਾਨੀ ਵੀ ਤੇ ਆਦਮੀ ਵੀ ਗਾਲ੍ਹਾਂ ਕੱਢ ਕੇ ਕੰਮ ਤੇ ਤੁਰ ਜਾਂਦੇ ਹਨ। ਜਦੋਂ ਵਾਪਸ ਆਉਂਦੇ ਹਨ ਤਾਂ ਘਰ ਦਾ ਕਮੰ ਉਥੇ ਦਾ ਉਥੇ ਹੀ ਪਿਆ ਹੁੰਦਾ ਹੈ ਫਿਰ ਆ ਕੇ ਲੜਨਾ ਸ਼ੁਰੂ ਕਰ ਦਿੰਦੇ ਹਨ। ਪਰ ਚੋਰ ਵਿਚ ਤਾਂ ਫਿਰ ਵੀ ਕੋਈ ਇਰਾਦਾ ਹੈ, ਕੀ ਉਸਦੀ ਕਿਰਤ ਕਮਾਈ ਘੱਟ ਹੈ? ਜਿਹੜਾ ਵਰਦੀ

ਅੱਗ ਚੋਂ ਨਿਕਲ ਕੇ ਆਉਂਦਾ ਹੈ। ਸੇਵਾ ਤਾਂ ਉਹੋ ਹੀ ਸਫਲ ਹੈ ਜਿਹੜੀ ਸਤਿਗੁਰੂ ਦੇ ਮਨ ਭਾ ਜਾਂਦੀ ਹੈ।

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ।।***

ਇਹ ਸਭ ਜਿੰਨੀ ਵੀ ਰੱਬ ਦੀ ਰਹਿਮਤ ਹੈ ਇਹ ਸਭ ਸੇਵਾ ਤੇ ਹੀ ਨਿਰਭਰ ਹੈ।

ਸੇਵਾ ਕਰਨ ਦਾ ਅਸਲੀ ਤਰੀਕਾ ਸਾਡੇ ਵਿਚਾਰਾਂ ਰਾਹੀਂ ਜਾਂ ਸਾਹਿਬ ਦੇ ਵਿਚਾਰਾਂ ਰਾਹੀਂ ਉਹ ਇਹ ਹੈ ਕਿ ਉਸ ਚੀਜ਼ ਦੀ ਸੇਵਾ ਕਰੋ ਜਿਸ ਦੀ ਗਿਣਤੀ ਨਾ ਹੋ ਸਕੇ ਅਤੇ ਤੁਹਾਨੂੰ ਤਾਂਘ ਰਹੇ। ਉਹ ਕਿਹੜੀ ਸੇਵਾ ਹੈ? ਜਿਸ ਤਰ੍ਹਾਂ ਤੁਸੀਂ ਚਾਰ ਰੋਟੀਆਂ ਆਪਣੇ ਵਾਸਤੇ ਬਣਾਈਆਂ ਹਨ ਅਚਾਨਕ ਇਕ ਪ੍ਰਾਹੁਣਾ ਆ ਗਿਆ ਜਾਂ ਇਕ ਫਕੀਰ ਆ ਗਿਆ ਉਸ ਵਿਚੋਂ ਦੋ ਰੋਟੀਆਂ ਤੁਸੀਂ ਉਸਨੂੰ ਖੁਆ ਕੇ ਅਤੇ ਦੋ ਆਪ ਖਾ ਕੇ ਰੱਬ ਅੱਗੇ ਅਰਦਾਸ ਕੀਤੀ ਕਿ ਅੱਛਾ ਵਾਹਿਗੁਰੂ ਸਚੇ ਪਾਤਿਸ਼ਾਹ ਕ੍ਰਿਪਾ ਕਰੀਂ। ਜੇ ਤੁਸੀਂ ਇਹ ਕਹਿੰਦੇ ਹੋ ਕਿ ਸਾਡੇ ਕੋਲ ਬਚੇਗਾ ਤਾਂ ਅਸੀਂ ਦੇਵਾਂਗੇ, ਉਹ ਤਾਂ ਤੁਸੀਂ ਛਡਣਾ ਹੀ ਕੁਛ ਨਹੀਂ, ਦੇਣਾ ਤੁਸੀਂ ਕੀ ਹੈ? ਜਿਹੜਾ ਆਪ ਹੀ ਭੁਖਾ ਰੋ ਗਿਆ ਉਹ ਦੂਜੇ ਨੂੰ ਦੇਵੇ ਗਾ।ਜਿਹੜਾ ਆਪ ਰੋਂਦਾ ਹੈ ਉਹ ਦੂਜੇ ਨੂੰ ਕੀ ਚੁੱਪ

ਕਰਾਏਗਾ। ਇਹ ਜਿੰਨਾ ਵੀ ਰੱਬੀ ਨੂਰ ਦੇ ਪ੍ਰਕਾਸ਼ ਦਾ ਅਰਸ਼ੀ ਮੰਡਲਾਂ, ਧਰਤੀ ਤੇ, ਖੰਡਾਂ ਬ੍ਰਹਮੰਡਾਂ ਤੇ ਪਾਤਾਲ ਤੇ ਖਲਾਰਾ ਪਾਇਆ ਹੈ ਉਹ ਸੱਭ ਇਕ ਰਬ ਦਾ ਹੈ। ਜੇ ਕਿਤੇ ਅਜ ਦੇ ਹਾਲਾਤਾਂ ਮੁਤਾਬਿਕ ਕਿਸੇ ਦੇ ਹੱਥ ਆ ਜਾਂਦਾ ਤਾਂ ਦੂਜੇ ਲਈ ਉਸਨੇ ਛੱਡਣਾ ਹੀ ਕੱਖ ਨਹੀਂ ਸੀ। ਉਸ ਨੇ ਕਹਿਣਾ ਸੀ ਕਿ ਅਸੀਂ ਦੂਜੇ ਨੂੰ ਜੰਮਣ ਹੀ ਨਹੀਂ ਦੇਣਾ। ਜਿਸ ਤਰਾਂ ਅਜ ਅਸੀਂ ਮੰਦਰਾਂ ਗੁਰਦੁਆਰਿਆਂ ਵਿਚ ਕਰ ਕੇ ਬੈਠੇ ਹਾਂ ਕਿ ਫਲਾਣੀ ਜਾਤੀ ਦਾ ਆਦਮੀ ਇਥੇ ਵੜ੍ਹ ਹੀ ਨਹੀਂ ਸਕਦਾ। ਇਹ ਕਿਹੜੇ ਰੱਬ ਕਿਹੜੇ ਗੁਰੂ, ਕਿਹੜੇ ਗ੍ਰੰਥ ਕਿਹੜੀ ਕੌਮ, ਕਿਹੜੇ ਮਜ਼ਹਬ ਅਤੇ ਕਿਹੜੀਆ ਜਾਤਾਂ ਨੇ ਇਹ ਹੁਕਮ ਜਾਰੀ ਕੀਤੇ ਹਨ? ਇਹ ਕਿਉਂ ਹੈ? ਜੇ ਇਹ ਆਣੇ ਜਾਣੇ ਦੇ ਨਾਲ ਸਾਡੀ ਚੀਜ਼ ਦੀ ਚਮਕ ਰੌਸ਼ਨੀ ਪੈਦਾ ਹੁੰਦੀ ਤਾਂ ਸਾਡੇ ਗੁਰੂ ਸਾਹਿਬਾਨਾਂ ਨੇ ਏਕਤਾ ਭਾਈਚਾਰੇ ਦਾ ਸੰਦੇਸ਼ ਨਹੀਂ ਸੀ ਦੇਣਾ। ਉਹਨਾਂ ਨਾ ਮੰਦਰ,ਨਾ ਗੁਰਦੁਆਰੇ, ਨਾ ਮਸਜਿਦ ਤੇ ਨਾ ਗਿਰਜਾ ਬਣਾਇਆ ਉਹਨਾਂ ਸਿਰਫ ਇਗ ਗ੍ਰੰਥ ਸਾਹਿਬ ਬਣਾਇਆ ਸੀ ਜਿਸ ਵਿਚ ਸਭਨਾਂ ਦੀ ਬਾਣੀ ਲਈ ਗਈ। ਉਹ ਨਾ ਇੱਟਾਂ ਦਾ ਨਾ ਪੱਥਰਾਂ ਦਾ, ਨਾ ਸਰੀਏ ਦਾ ਨਾ ਸੀਮੇਂਟ ਦਾ ਹੈ ਉਹ ਇਕ ਇਲਹਾਮ ਹੈ, ਇਕ ਉਹ ਸ਼ਕਤੀ ਹੈ ਜਿਸ ਨਾਲ ਮਰਾਂ

ਵੀ ਉਠ ਕੇ ਤੁਰਦੇ ਨਜ਼ਰ ਆਉਂਦੇ ਹਨ।

ਅੱਜ ਅਸੀਂ ਜਿਹੜੇ ਰੱਬ ਦੀ ਸੇਵਾ ਦੇ ਹਮਾਇਤੀ ਬਣ ਕੇ ਜਾਂ ਸੇਵਾ ਦੇ ਵਿਚ ਲੱਗ ਕੇ ਜਦ ਅਸੀਂ ਮਾੜੇ ਪਾਸੇ ਤੁਰ ਪੈਂਦੇ ਹਾਂ ਤਾਂ ਕੀ, ਉਸ ਨਾਲ ਸਾਨੂੰ ਕਦੇ ਆਤਮਿਕ ਸ਼ਾਂਤੀ ਮਿਲੀ? ਤੁਹਾਡੀਆਂ ਪੁਸ਼ਤਾਂ, ਤੁਹਾਡੇ ਵੱਡੇ ਬਜ਼ੁਰਗ ਚਾਚਾ, ਬਾਬਾ, ਤਾਇਆ ਤੁਹਾਨੂੰ ਹੋਰ ਮਕਾਨ ਰੁਪਇਆ ਪੈਸਾ ਜਾਇਦਾਦ ਤਾਂ ਦੇ ਗਏ ਪਰ ਕੀ ਉਹ ਕਦੇ ਕੋਈ ਰੱਬ ਦੀ ਚੀਜ਼ ਦੇ ਕੇ ਗਏ? ਨਾ ਉਹ ਦਿੰਦਾ ਹੈ ਨਾ ਉਸ ਕੋਲ ਹੁੰਦਾ ਹੀ ਹੈ ਕਿਵੂੰਕਿ ਉਹ ਤਾਂ ਖੁਦ ਰੱਬ ਕੋਲੋਂ ਰੱਬ ਲਈ ਬਣ ਕੇ ਆਇਆ ਹੁੰਦਾ ਹੈ। ਅੱਜ ਤੁਸੀ ਉਹਦੇ ਲਈ (ਰੱਬ ਲਈ) ਜੋ ਮਰਜੀ ਕਰ ਦਿਉ ਉਹ ਰੱਬ ਦਾ ਲੇਖਾ ਹੈ। ਸੇਵਾ ਦੀ ਬਣਤ ਜੋ ਰੱਬ ਨੇ ਬਿਆਨ ਕੀਤੀ ਸੀ ਉਹ ਤਾਂ ਇਸ ਤਰ੍ਹਾਂ ਹੈ।

ਦੂਜੀ ਸੇਵਕ ਦੀ ਸੇਵਾ, ਸੇਵਕ ਉੱਤੇ ਹੈ। ਉਸਦੀ ਸੇਵਾ ਕਿਸ ਤਰ੍ਹਾਂ ਕਬੂਲ ਹੁੰਦੀ ਹੈ। ਸੇਵਕ ਕਿਹੋ ਜਿਹਾ ਚਾਹੀਦਾ ਹੈ। ਉਸ ਬਾਰੇ ਅਸੀਂ ਆਪਣੇ ਸਤਿਸੰਗਾਂ ਵਿਚ ਕਈ ਵਾਰੀ ਅੱਗੇ ਵੀ ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬਾਨ ਨਾਲ ਇਕ ਵਾਰੀ ਮਰਦਾਨਾ ਤੇ ਬਾਲਾ ਬੈਠੇ ਹੋਏ ਸਨ ਤਾਂ ਮਰਦਾਨੇ ਨੇ ਸਵਾਲ ਕੀਤਾ ਮਹਾਰਾਜ ਜੀ ਜਿਹੜਾ ਸੱਚਾ ਸੇਵਕ ਹੈ ਉਹ ਕਿਹੋ ਜਿਹਾ ਹੁੰਦਾ ਹੈ? ਉਹ ਉਠੇ ਤੇ ਕਹਿਣ ਲੱਗੇ ਆਉ ਤੁਹਾਨੂੰ ਦੱਸੀਏ

ਇਕ ਸੇਵਕ ਦੇ ਘਰ ਗਏ ਅਤੇ ਜਾ ਕੇ ਆਵਾਜ਼ ਦਿੱਤੀ। ਘਰ ਵਿਚ ਬੱਚੇ ਔਰਤ ਸਾਰਾ ਪਰਿਵਾਰ ਸੀ। ਉਹਨਾਂ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਅੰਦਰ ਬੁਲਾਇਆ ਅਤੇ ਪੁੱਛਿਆ, ਹਜੂਰ ਅੱਜ ਕਿਸ ਤਰਾਂ ਗਰੀਬ ਦੀ ਝੌਂਪੜੀ ਵਿਚ ਚਰਨ ਪਾਏ ਹਨ। ਤਾਂ ਗੁਰੂ ਨਾਨਕ ਸਾਹਿਬ ਨੇ ਆਖਿਆ ਬਸ ਵੈਸੇ ਹੀ ਘੁੰਮਦੇ ਘੁੰਮਾਂਦੇ ਆ ਗਏ। ਥੋੜ੍ਹੀ ਦੇਰ ਬਾਦ ਗੁਰੂ ਸਾਹਿਬ ਕਹਿਣ ਲੱਗੇ ਬਸ ਅਸੀਂ ਚਲਦੇ ਹਾਂ। ਉਹ ਕਹਿਣ ਲੱਗੇ ਅੱਛਾ ਜੀ ਕਦੇ ਫਿਰ ਵੀ ਗਰੀਬਾਂ ਦੀ ਝੌਂਪੜੀ ਵਿਚ ਚਰਨ ਪਾਣਾ ਉਹਲਾਂ ਅੰਦਰੋਂ ਇਕ ਰੇਜ਼ਾ (ਚਾਦਰ) ਕਢਿਆ ਅਤੇ ਉੱਤੇ ਪੈਸੇ ਰਖੇ ਅਤੇ ਮਹਾਰਾਜ ਜੀ ਨੂੰ ਭੇਟਾ ਕਰ ਦਿੱਤਾ। ਮਹਾਰਾਜ ਉਠ ਕੇ ਤੁਰਨ ਲੱਗੇ ਕਹਿਣ ਲੱਗੇ ਅੱਛਾ ਭਾਈ ਅਸੀਂ ਚਲੇ ਹਾਂ ਤਾਂ ਸੇਵਕ ਨੇ ਜਵਾਬ ਦਿੱਤਾ ਅਛਾ ਮਹਾਰਾਜ ਜੀ ਅਸੀਂ ਵੀ ਕੰਮ ਤੇ ਜਾਣਾ ਸੀ। ਮਹਾਰਾਜ ਜੀ ਕਹਿਣ ਲੱਗੇ ਕੋਈ ਗੱਲ ਨਹੀਂ। ਬਾਹਰ ਆ ਕੇ ਮਰਦਾਨੇ ਨੂੰ ਕਹਿਣ ਲੱਗੇ ਕਿ ਮਰਦਾਨਿਆਂ ਇਹ ਪਹਿਲੀ ਤਰਾਂ ਦਾ ਸੇਵਕ ਹੈ।

ਦੂਜੇ ਦਿਨ ਦੂਜੇ ਘਰ ਗਏ। ਸੇਵਕ ਦਾ ਬੂਹਾ ਖੜਕਾਇਆ। ਸੇਵਕ ਘਰ ਨਹੀਂ ਸੀ। ਉਸਦੀ ਘਰਵਾਲੀ ਬਾਹਰ ਨਿਕਲੀ ਅਤੇ ਅੰਦਰ ਮਹਾਰਾਜ ਜੀ ਨੂੰ ਬੁਲਾਇਆ।

ਮੰਜੇ ਤੇ ਬਿਠਾ ਕੇ ਬੜੇ ਸਤਿਕਾਰ ਨਾਲ ਸੇਵਾ ਕੀਤੀ। ਦੁੱਧ, ਰੋਟੀ, ਪਾਣੀ, ਪੁਛਿਆ। ਚਰਨਾਂ ਨੂੰ ਧੋ ਕੇ ਚਰਨਾਮਿਤ ਲਿਆ। ਮਹਾਰਾਜ ਜੀ ਥੋੜ੍ਹੀ ਦੇਰ ਬਾਦ ਕਹਿਣ ਲੱਗੇ

ਕਿ ਬੀਬੀ ਜੀ ਅਸੀਂ ਜਾਣਾ ਸੀ ਤਾਂ ਬੀਬੀ ਜੀ ਕਹਿਣ ਲੱਗੇ ਅੱਛਾ ਮਹਾਰਾਜ ਜੀ ਉਹ ਆਪ ਵੀ ਘਰ ਨਹੀਂ ਹਨ ਜੇਕਰ ਉਹ ਵੀ ਹੁੰਦੇ ਤਾਂ ਉਹ ਵੀ ਦਰਸ਼ਨ ਕਰ ਲੈਂਦੇ। ਤੁਸੀਂ ਫੇਰ ਕਿਤੇ ਆਇਉ। ਮਹਾਰਾਜ ਜੀ ਕਹਿਣ ਲੱਗੇ, ਅੱਛਾ ਜੀ। ਉਹ ਨਾ ਤਾਂ ਉਹਨਾਂ ਨਾਲ ਤੁਰੀ ਅਤੇ ਨਾ ਹੀ ਉਹਨਾਂ ਦਾ ਕੋਈ ਸਨਮਾਨ ਕੀਤਾ। ਮਹਾਰਾਜ ਜੀ ਬਾਹਰ ਨਿਕਲ ਕੇ ਕਹਿਣ ਲੱਗੇ ਮਰਦਾਨਿਆਂ ਇਹ ਦੂਜੀ ਪ੍ਰਕਾਰ ਦੇ ਸੇਵਕ ਹਨ। ਮਰਦਾਨਾ ਕਹਿਣ ਲੱਗਾ ਸਤਿ ਬਚਨ ਸੀ।

ਫਿਰ ਤੀਜੇ ਘਰ ਗਏ ਅਤੇ ਸੇਵਕਾਂ ਦਾ ਬੂਹਾ ਖੜਕਾਇਆ। ਰਾਤ ਦਾ ਪਹਿਲਾ ਪਹਿਰ ਬੀਤ ਰਿਹਾ ਸੀ। ਆਦਮੀ ਨੇ ਬੂਹਾ ਖੋਹਲਿਆ ਬੜੇ ਚਾਵਾਂ ਨਾਲ ਆਦਮੀ ਨੇ ਮਹਾਰਾਜ ਜੀ ਨੂੰ ਗਲ ਲਾਇਆ ਪੈਰਾਂ ਨੂੰ ਚੁੰਮਿਆ ਜਾ ਕੇ ਅੰਦਰ ਬਿਠਾਇਆ। ਆਪਣੇ ਬਿਸਤਰ ਮੰਜਿਆਂ ਤੋਂ ਚੁਕ ਕੇ ਹੇਠਾਂ ਬਿਛਾਏ ਅਤੇ ਗੁਰੂ ਸਾਹਿਬ, ਮਰਦਾਨਾ ਅਤੇ ਬਾਲਾ ਲਈ ਵਖਰਾ ਵਖਰਾ ਬਿਸਤਰਾ ਵਿਛਾਇਆ। ਰੋਟੀ ਪਾਣੀ ਛਕਾ ਕੇ ਗੁਰੂ ਸਾਹਿਬ ਦੇ ਚਰਨ ਦਬਾਏ। ਮਹਾਰਾਜ ਜੀ ਨੇ ਪ੍ਰਸ਼ਾਦਾ ਛਕਿਆ ਤੇ ਸੇਵਕਾਂ ਦੇ ਪ੍ਰਸ਼ਾਦਾ ਛਕਣ ਤੋਂ ਬਾਅਦ ਸਾਰੀ ਰਾਤ ਉਹਨਾਂ ਦੇ ਕੋਲ ਬੈਠੇ ਰਹੇ। ਮਹਾਰਾਜ ਵਾਰ ਵਾਰ ਕਹਿਣ ਕਿ ਜਾ ਕੇ ਤੁਸੀਂ ਸੌਂ ਜਾਵੋ ਪਰ ਸੇਵਕ ਕਹਿਣ, ਨਹੀਂ ਮਹਾਰਾਜ ਜੀ ਅਜ ਅਸਾਂ ਤੁਹਾਡੇ ਕੋਲ ਹੀ ਬਹਿਣਾ ਹੈ ਫਿਰ ਪਤਾ ਨਹੀਂ ਕਦੋਂ ਨਸੀਬਾਂ ਵਿਚ ਮੌਕਾ ਮਿਲਣਾ ਹੈ। ਅਸਾਂ ਤੁਹਾਡੇ ਕੋਲੋਂ ਉਠ ਕੇ ਦੂਰ ਨਹੀ ਜਾਣਾ। ਸੇਵਾ ਕੀਤੀ, ਤੜਕਾ ਹੋਇਆ। ਕੁਕੱੜ ਨੇ ਬਾਂਗ ਦਿੱਤੀ ਗੁਰੂ ਸਾਹਿਬਾਨ ਕਹਿਣ ਲੱਗੇ ਅੱਛਾ ਭਾਈ ਅਸਾਂ ਚਲਣਾ ਹੈ। ਸੇਵਕ ਕਹਿਣ ਲੱਗੇ ਨਹੀਂ ਹਜ਼ੂਰ ਇਸ ਤਰਾਂ ਨਹੀਂ ਉਠੋ ਇਸ਼ਨਾਨ ਕਰੋ। ਮਹਾਰਾਜ ਜੀ ਨੂੰ ਇਸ਼ਨਾਨ ਕਰਾਇਆ ਆਪ ਕੀਤਾ ਗਾਂ ਦਾ ਦੁੱਧ ਚੋ ਕੇ ਲਿਆਂਦਾ, ਗਰਮ ਕਰਕੇ ਹਜ਼ੂਰ ਨੂੰ ਪਿਲਾਇਆ। ਇਕ ਰੇਜ਼ਾ ਲਿਆਂਦਾ ਪੈਸੇ ਧਰੇ ਗੁੜ ਤੇ ਆਟਾ ਉਪਰ ਰਖਿਆ ਅਤੇ ਬੇਨਤੀ ਕੀਤੀ ਗਰੀਬ ਨਿਵਾਜ਼ ਇਸਨੂੰ ਕਬੂਲ ਕਰਿਉ। ਕਿਤੇ ਭੁਲ ਭੁਲੇਖੇ ਫਿਰ ਵੀ ਯਾਦ ਕਰਦੇ ਰਹਿਣਾ ਅਤੇ ਚਰਨ ਪਾ ਕੇ ਗ੍ਰਹਿ ਨੂੰ ਪਵਿੱਤਰ ਕਰਦੇ ਰਹਿਣਾ।

ਮਹਾਰਾਜ ਜੀ ਉਥੋਂ ਵਿਦਿਆ ਹੋਏ ਅਤੇ ਮਰਦਾਨੇ ਨੂੰ ਕਹਿਣਾ ਲੱਗੇ ਮਰਦਾਨਿਆਂ ਇਹ ਤੀਜੀ ਕਿਸਮ ਦਾ ਸੇਵਕ ਹੈ। ਮਰਦਾਨੇ ਨੇ ਸਵਾਲ ਕੀਤਾ ਮਹਾਰਾਜ ਜੀ ਤੁਸੀਂ ਸੇਵਕ ਦੀਆਂ ਕਿਸਮਾਂ ਦਿਖਾਈ ਜਾ ਰਹੇ ਹੋ ਪਰ ਮੈਂ ਪੁਛਿਆ ਹੈ ਕਿ ਸੱਚਾ ਸੇਵਕ ਕਿਹੋ

ਜਿਹਾ ਹੁੰਦਾ ਹੈ, ਅਸਲੀ ਸੇਵਕ ਕੌਣ ਹੈ?

ਮਹਾਰਾਜ ਜੀ ਕਹਿਣ ਲੱਗੇ ਅੱਛਾ, ਦਸਾਂਗੇ।

ਦੋ ਤਿੰਨ ਦਿਨ ਬੀਤ ਗਏ, ਮਰਦਾਨੇ ਨੂੰ ਕੀਤੇ ਹੋਏ ਸਵਾਲ ਦਾ ਖਿਆਲ ਭੁੱਲ ਗਿਆ। ਮਹਾਰਾਜ ਜੀ ਇਕ ਪਿੰਡ 'ਚੋਂ ਦੀ ਨਿਕਲਕੇ ਜਾ ਰਹੇ ਸਨ, ਨਾਲ ਕਾਫੀ ਸੇਵਕ ਸਨ। ਉਹਨਾਂ ਜਾ ਇਕ ਸੇਵਕ ਦਾ ਦਰਵਾਜ਼ਾ ਖੜਕਾਇਆ। ਆਦਮੀ ਘਰ ਨਹੀਂ ਸੀ। ਬੀਬੀ ਨੇ ਮਹਾਰਾਜ ਜੀ ਦਾ ਬੜਾ ਸਤਿਕਾਰ ਕੀਤਾ। ਬਾਹਰ ਇਕ ਬੰਦਾ ਆਇਆ ਉਹਨਾਂ ਨੇ ਆਵਾਜ਼ ਮਾਰੀ ਕਹਿੰਦਾ ਬੀਬੀ ਜੀ ਤੁਹਾਡਾ ਮੁੰਡਾ ਗੁਲੀ ਡੰਡਾ ਖੇਡਦਾ ਪਿਆ ਸੀ ਅਤੇ ਉਹ ਡਿਗ ਪਿਆ ਹੈ ਅਤੇ ਉਸਦੀ ਮੌਤ ਹੋ ਗਈ ਹੈ। ਬੀਬੀ ਕਹਿਣ ਲੱਗੀ ਚੁਪ ਕਰ, ਮਹਾਰਾਜ ਜੀ ਆਏ ਹੋਏ ਹਨ। ਬਹੁਤਾ ਰੌਲਾ ਨਾ ਪਾਵੀਂ। ਮਹਾਰਾਜ ਜੀ ਅੰਦਰ ਬੈਠੇ ਹੋਏ ਹਨ। ਤੂੰ ਚਲ ਮੈਂ ਆਉਂਦੀ ਹਾਂ। ਬੀਬੀ ਮਹਾਰਾਜ ਜੀ ਨੂੰ ਇਹ ਕਹਿਕੇ ਕਿ ਮੈਂ ਪੜੋਸ ਵਾਲਿਆਂ ਦੇ ਘਰ ਚਲੀ ਹਾਂ ਅਤੇ ਹੁਣੇ ਹੀ ਆਉਂਦੀ ਹਾਂ, ਬਾਹਰ ਨਿਕਲ ਗਈ। ਮੁੰਡੇ ਨੂੰ ਚੁੱਕਿਆ ਅਤੇ ਉਸਦੀ ਲਾਸ਼ ਅੰਦਰ ਲਿਆ ਕੇ ਲੰਮਾ ਪਾ ਕੇ ਉਪਰ ਕਪੜਾ ਪਾ ਦਿੱਤਾ। ਗੁਸਲਖਾਨੇ ਵਿਚ ਜਾ ਕੇ ਉਸਨੇ ਇਸ਼ਨਾਨ ਕੀਤਾ, ਕਪੜੇ ਬਦਲ ਕੇ, ਮਹਾਰਾਜ ਜੀ ਨੂੰ ਕਹਿਣ ਲਗੀ ਹਜ਼ੂਰ ਰੋਟੀ ਬਣਾਣ ਲਗੀ ਹਾਂ। ਰੋਟੀ ਜ਼ਰੂਰ ਖਾਣੀ ਹੈ। ਰੋਟੀ, ਖੀਰ, ਵਗੈਰਾ ਬਣਾ ਕੇ ਮਹਾਰਾਜ ਜੀ ਨੂੰ ਛਕਾਈ। ਮਹਾਰਾਜ ਜੀ ਚੁਪ ਚਾਪ ਕਰਕੇ ਖਾਂਦੇ ਰਹੇ। ਮਰਦਾਨਾ ਬਾਰ ਬਾਰ ਮੂੰਹ ਵਲ ਵੇਖੀ ਜਾ ਰਿਹਾ ਸੀ। ਪਰ ਬੋਲੇ ਕੁਛ ਨਾ। ਥੋੜੀ ਦੇਰ ਬਾਦ ਇਕ ਬੀਬੀ ਹੋਰ ਆਈ ਤੇ ਕਹਿਣ ਲਗੀ ਭੈਣ ਤੁਹਾਡਾ ਮੁੰਡਾ ਕੋਠੇ ਤੇ ਖੜਾ ਸੀ, ਕਿਸੇ ਦੂਜੇ ਮੁੰਡੇ ਨੇ ਧਕਾ ਦਿੱਤਾ ਅਤੇ ਉਹ ਕੋਠੇ ਉਪਰੋਂ ਡਿਗ ਕੇ ਮਰ ਗਿਆ ਹੈ। ਕਹਿੰਦੀ ਅੱਛਾ।

ਉਹ ਫਿਰ ਪਿਛਲੇ ਬੂਹੇ ਰਾਹੀਂ ਗਈ ਅਤੇ ਮੁੰਡੇ ਨੂੰ ਚੁਕ ਕੇ ਲਿਆਂਦਾ ਅਤੇ ਅੰਦਰ ਪਹਿਲੇ ਵਾਲੀ ਲਾਸ਼ ਦੇ ਨਾਲ ਹੀ ਪਾ ਕੇ ਅਤੇ ਉਪਰ ਕਪੜਾ ਦੇ ਦਿਤਾ। ਫਿਰ ਹੱਥ ਮੂੰਹ ਧੋ ਕੇ ਮਹਾਰਾਜ ਜੀ ਦੇ ਕੋਲ ਆ ਕੇ ਬੈਠ ਗਈ ਅਤੇ ਕਹਿਣ ਲੱਗੀ ਮਹਾਰਾਜ ਜੀ ਕੋਈ ਗੁਰਮੱਤ ਦੀ ਗੱਲ ਸੁਣਾਓ।

ਮਹਾਰਾਜ ਜੀ ਕਹਿਣ ਲੱਗੇ, ਬੀਬੀ ਅਸੀਂ ਜਾਣਾ ਸੀ।

ਬੀਬੀ ਕਹਿਣ ਲਗੀ, ਨਹੀਂ, ਮਹਾਰਾਜ ਜੀ ਜਾਣਾ ਤਾਂ ਹੈ ਸੀ, ਪਰ ਅਜ ਆਪ ਉਹ ਘਰ ਨਹੀਂ ਹਨ, ਹੁਣੇ ਹੀ ਆਉਣ ਵਾਲੇ ਨੇ, ਬਸ ਕੋਈ ਗੱਲ ਬਾਤ ਸੁਣਾਉ ਮੈਂ ਦੁੱਧ ਬਣਾ ਕੇ ਲਿਆਂਦੀ ਹਾਂ।

ਗੁਰੂ ਸਾਹਿਬ ਬੈਠੇ ਹੋਏ ਸਨ ਕਿ ਉਸ ਬੀਬੀ ਦਾ ਪਤੀ ਆ ਗਿਆ। ਬੀਬੀ ਨੇ ਆਪਣੇ ਆਦਮੀ ਨੂੰ ਪਾਸੇ ਕਰਕੇ ਕਿਹਾ ਕਿ ਮਹਾਰਾਜ ਜੀ ਆਏ ਹਨ। ਐਸ ਐਸ

ਤਰ੍ਹਾਂ ਦੋਨੋਂ ਮੁੰਡੇ ਮਰ ਗਏ ਹਨ ਅਤੇ ਲਾਸ਼ਾਂ ਪਿਛਲੇ ਅੰਦਰ ਪਈਆਂ ਹਨ। ਸਾਡੇ ਚਿਹਰੇ ਤੇ ਬਿਲਕੁਲ ਮਾਯੂਸੀ ਅਤੇ ਅੱਖਾਂ ਵਿਚ ਆਂਸੂ ਨਹੀਂ ਆਉਣੇ ਚਾਹੀਦੇ। ਅਸਾਂ ਦਬਾ ਕੇ ਸੇਵਾ ਕਰਨੀ ਹੈ ਅਤੇ ਜਾਣ ਨਹੀਂ ਦੇਣਾ, ਮਹਾਰਾਜ ਜੀ ਨੂੰ ਵੀ ਇਹ ਬਿਲਕਲ ਪਤਾ ਨਹੀਂ ਲਗਣਾ ਚਾਹੀਦਾ ਕਿ ਸਾਨੂੰ ਕੀ ਹੋਇਆ ਹੈ।

ਸਾਰੀ ਰਾਤ ਬੀਤੀ, ਕੋਲ ਬੈਠ ਕੇ ਉਹਨਾਂ ਦੇ ਬਚਨ ਸੁਣਦੇ ਰਹੇ ਅਤੇ ਦਰਸ਼ਨ ਕਰਦੇ ਰਹੇ। ਦਿਨ ਚੜ੍ਹਿਆ ਉਠ ਕੇ ਇਸ਼ਨਾਨ ਕੀਤਾ। ਮਹਾਰਾਜ ਜੀ ਦੇ ਤੁਰਨ ਲਗਿਆਂ ਬੇਨਤੀ ਕਰਨ ਲਗੇ ਹਜ਼ੂਰ ਸਾਡਾ ਦਿਲ ਨਹੀਂ ਕਰਦਾ ਕਿ ਤੁਸੀਂ ਜਾਉ।

ਮਹਾਰਾਜ ਜੀ ਨੇ ਜਵਾਬ ਦਿਤਾ ਕਿ ਜਾਣਾ ਤਾਂ ਪੈਣਾ ਹੀ ਹੈ। ਕਹਿਣ ਲੱਗੇ ਅੱਛਾ ਜੀ

ਮਹਾਰਾਜ ਜੀ ਚਲੇ ਗਏ।

ਉਨ੍ਹਾਂ ਦੋਨੋਂ ਬੱਚੇ ਚੁਕੇ ਅਤੇ ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਸੰਸਕਾਰ ਕਰ ਦਿਤਾ।

ਚਾਰ ਕੁ ਦਿਨ ਬਾਅਦ ਮਰਦਾਨਾ ਬੈਠਾ ਸੀ- ਇਕ ਬੰਦਾ ਆਇਆ ਤੇ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਕਹਿਣਾ ਲਗਾ, ਹਜ਼ੂਰ ਜਿਸ ਸੇਵਕ ਦੇ ਘਰ ਤੁਸੀਂ ਉਸ ਦਿਨ ਗਏ ਸੀ, ਉਸ ਸੇਵਕ ਦੇ ਦੋਨੋਂ ਮੁੰਡੇ ਮਰੇ ਹੋਏ ਸਨ ਜਦੋਂ ਕਿ ਤੁਸੀਂ ਉਸਦੇ ਘਰ ਬੈਠੇ ਸੀ। ਕੀ ਤੁਹਾਨੂੰ ਨਹੀਂ ਪਤਾ?

ਮਹਾਰਾਜ ਜੀ ਕਹਿਣ ਲਗੇ, "ਨਹੀਂ ਸਾਨੂੰ ਨਹੀਂ ਪਤਾ।"

ਮਰਦਾਨਾ ਝਟ ਬੋਲ ਉਠਿਆ ਕਿ ਮਹਾਰਾਜ ਜੀ ਤੁਸੀਂ ਤਾਂ ਸਾਰੀ ਦੁਨੀਆਂ ਦੀਆਂ ਗੱਲਾਂ ਜਾਣਦੇ ਹੋ ਤੁਹਾਨੂੰ ਇਹ ਨਹੀਂ ਪਤਾ ਲਗਾ?

ਮਹਾਰਾਜ ਕਹਿਣ ਲਗੇ ਨਹੀਂ ਮਰਦਾਨਿਆ, ਸਾਨੂੰ ਨਹੀਂ ਪਤਾ ਲਗਾ। ਫਿਰ ਕਹਿਣ ਲਗੇ, ਚਲ ਮਰਦਾਨਿਆਂ ਉਹਦੇ ਘਰ ਚਲੀਏ।

ਮਰਦਾਨਾ ਕਹਿਣ ਲਗਾ, "ਮੈਂ ਨਹੀਂ ਤੁਹਾਡੇ ਨਾਲ ਜਾਣਾ।"

ਜਿਸ ਦਿਨ ਮੁੰਡਾ ਮਰਿਆ ਸੀ, ਉਸ ਦਿਨ ਉਹਨਾਂ ਦੇ ਘਰ ਰੋਟੀ ਪਾਣੀ ਖਾਂਦੇ ਰਹੇ ਹਾਂ ਅਜ ਉਹਨਾਂ ਘਰ ਮੂੰਹ ਦਿਖਾਉਣ ਜਾਣਾ ਹੈ, ਕਿ ਅਸੀਂ ਆਏ ਹਾਂ।

ਮਹਾਰਾਜ ਜੀ ਹੱਸ ਪਏ ਤੇ ਕਹਿਣ ਲਗੇ ਮਰਦਾਨਿਆਂ ਇਹ ਸਾਡਾ ਚੌਥਾ ਤੇ

ਅਸਲੀ ਸੱਚਾ ਸੇਵਕ ਸੀ ਜਿਸ ਨੇ ਸਾਡੀ ਖਾਤਰ ਕੁਰਬਾਨੀ ਦਿਤੀ, ਆਪਣੀ ਖਾਤਰ ਨਹੀਂ।

ਜਦੋਂ ਉਹਨਾਂ ਦੇ ਘਰ ਪਹੁੰਚੇ ਤਾਂ ਉਹਨਾਂ ਸੇਵਕਾਂ ਨੇ ਉਹੋ ਹੀ ਆਦਰ ਸਤਿਕਾਰ ਦਿਤਾ ਜੋ ਪਹਿਲਾਂ ਸੀ ਅਤੇ ਉਸੇ ਤਰ੍ਹਾਂ ਹੀ ਸੇਵਾ ਕੀਤੀ। ਉਹਨਾਂ ਨਾ ਹੀ ਅੱਖਾਂ ਵਿਚੋਂ ਕੋਈ ਅਾਂਸੂ, ਨਾ ਗਮ ਅਤੇ ਨਾ ਹੀ ਪੁਛਿਆ ਕਿ ਮਹਾਰਾਜ ਬਚਿਆਂ ਨੂੰ ਕੀ ਹੋਇਆ ਸੀ।

ਮਰਦਾਨਾ ਉਠ ਕੇ ਬਾਹਰ ਆਇਆ ਤੇ ਕਹਿਣ ਲਗਾ ਕਿ ਧੰਨ ਹੋ ਦਾਤਾ, ਧੰਨ ਤੂੰ ਹੈਂ, ਤੇ ਧੰਨ ਤੇਰੇ ਸੇਵਕ ਹਨ।

ਸੰਤਾਂ ਦੇ ਬੜੇ ਬੜੇ ਆਸ਼ਕ ਬੈਠੇ ਹਨ। ਉਹਲਾਂ ਦਾ ਕੋਈ ਦਿਖਾਵਾ ਨਹੀਂ ਹੈ। ਉਹਨਾਂ ਲਈ ਕੁਰਬਾਨੀਆਂ ਦੇਣ ਵਾਲੇ ਉਹਨਾਂ ਦੇ ਪਿਆਰੇ ਬੜੀ ਬੜੀ ਦੂਰ ਬੈਠੇ ਹਨ।

ਦੂਜੇ ਪਾਸੇ ਇਹ ਵੀ ਕਿਹਾ ਜਾਂਦਾ ਹੈ ਕਿ ਜਿਸ ਤੋਂ ਉਹ ਚਾਹਵੇ ਉਸ ਤੋਂ ਕਰਵਾ ਲੈਂਦਾ ਹੈ। ਪਰ ਚਾਹੁੰਦਾ ਵੀ ਉਹ ਉਸ ਕੋਲੋਂ ਹੈ ਜਿਹੜਾ ਦੇਣ ਵਾਸਤੇ ਤਿਆਰ ਹੋਇਆ ਹੁੰਦਾ ਹੈ। ਦਾਤਾ ਵੀ ਉਸ ਕੋਲੋਂ ਹੀ ਚੀਜ਼ ਮੰਗਦਾ ਹੈ ਜਿਸ ਦਾ ਉਸ ਨੂੰ ਪਤਾ ਹੈ ਕਿ ਇਸ ਨੇ ਬੇਧੜਕ ਹੋ ਕੇ ਹਾਂ ਕਰ ਦੇਣੀ ਹੈ।

ਅਸੀਂ ਲੋਕ ਜੇ ਰੱਬ ਦਾ ਦੋ ਦਿਨ ਵਰਤ ਰਖ ਲਿਆ ਤਾਂ ਵੀ ਉਦਾਸ, ਜੇ ਉਸਨੂੰ ਬੁਲਾਇਆ, ਉਹ ਅਗੋਂ ਨਾ ਆਇਆ ਤਾਂ ਵੀ ਕਹਿਣਾ ਹਾਏ, ਪਤਾ ਨਹੀਂ ਕੀ ਹੋ ਗਿਆ। ਰੱਬ ਨੇ ਰਹਿਮਤ ਹੀ ਨਹੀਂ ਕੀਤੀ।

ਕੀ ਇਹ ਰਹਿਮਤ ਨਹੀਂ ਕਿ ਤੁਹਾਨੂੰ ਉਸਨੇ ਨਾਮ ਬਖਸ਼ ਦਿਤਾ ਹੈ ਜਿਸ ਦਾ ਕੋਈ ਮੁੱਲ ਨਹੀਂ ਹੈ ਅਤੇ ਤੁਹਾਡੇ ਕੋਲੋਂ ਉਸ ਦੀ ਕੋਈ ਕੀਮਤ ਹੀ ਨਹੀਂ ਮੰਗੀ।

ਜਦੋਂ ਉਸ ਕੋਲ ਪਹਿਲੇ ਦਿਨ ਆਏ ਹੋ, ਉਸ ਦੇ ਦਰਸ਼ਨ ਕੀਤੇ ਹਨ ਜਾਂ ਕਰਦੇ ਹੋ, ਉਸ ਨਾਮ ਦੀ ਜੋ ਪ੍ਰਾਪਤੀ ਹੁੰਦੀ ਹੈ ਉਸ ਦੀ ਕੋਈ ਕੀਮਤ ਨਹੀਂ। ਕੀ ਤੁਹਾਨੂੰ ਚਿਠੀ ਪਾ ਕੇ ਮੰਗਵਾਇਆ ਗਿਆ ਹੈ ਕਿ ਮੇਰੇ ਸਾਕ ਬਣੋ, ਦੋਸਤ ਬਣੋ ਜਾਂ ਰਿਸ਼ਤੇ ਦਾਰ ਬਣੋ। ਸਭ ਆਪਣੀ ਗਰਜ ਤੇ ਲੋੜ ਨੂੰ ਅਉਂਦੇ ਹਨ। ਨਹੀਂ ਆਉਣਗੇ ਤਾਂ ਵੀ ਕੋਈ ਗਲ ਨਹੀਂ। ਉਸ ਰੱਬ ਦਾ ਜਾਂ ਉਸ ਦੇ ਭੇਜੇ ਹੋਏ ਬੰਦੇ ਦਾ ਤੁਹਾਡੇ ਤੇ ਕਾਹਦਾ ਜ਼ੋਰ ਹੈ। ਕਾਹਦਾ ਰੋਸ ਤੇ ਕਾਹਦਾ ਗਿਲਾ ਹੈ। ਉਹ ਤਾਂ ਆਪਣੇ ਕੰਮ ਕਰਨ ਆਇਆ ਹੈ ਤੇ ਤੁਸੀ ਉਸਨੂੰ ਆਪਣੇ ਕੰਮਾਂ ਵਿਚ ਫਸਾਉਣਾ ਚਾਹੁੰਦੇ ਹੋ। ਉਹ ਤਾਂ ਨਿਕਲਦਿਆਂ ਨਿਕਲਦਿਆਂ ਆਪਣੇ ਕੰਮ ਕਰਦਾ ਹੋਇਆ ਅਜ ਇਥੇ ਆਇਆ ਕਲ ਉਥੇ ਪਰਸੋਂ ਔਥੇ

ਨਿਕਲਦਾ ਹੋਇਆ ਨਿਕਲ ਜਾਏਗਾ। ਉਹਨਾਂ ਨਾਲ ਤਾਂ ਉਹੀ ਪ੍ਰੀਤ ਕਰ ਸਕਦਾ ਹੈ ਜਿਹੜਾ ਆਪਦੇ ਆਪ ਨੂੰ ਤਾਂ ਘਟ ਪੁੱਛੇ ਕਿ ਮੈਂ ਕੀ ਕਰਾਂ ਪਰ ਉਹ ਉਹਨਾਂ ਤੇ ਭਰੋਸਾ ਰਖ ਕੇ ਤੁਰਦਾ ਜਾਵੇ ਕਿਉਂਕਿ:—

***ਬਿਨੁ ਬੋਲਿਆ ਸਭ ਕਿਛੁ ਜਾਣਦਾ ਕਿਸ ਆਗੈ ਕੀਚੈ ਅਰਦਾਸਿ।।***

ਤੁਸੀਂ ਕੰਮ ਕਰਕੇ ਅਰਦਾਸ ਕਰ ਦਿਉ ਉਸਨੂੰ ਪ੍ਰਵਾਨ ਹੋਵੇਗੀ। ਤੁਸੀ ਕਹਿੰਦੇ ਹੋ ਅਸੀਂ ਪੁਛਿਆ ਸੀ, ਉਹਨਾਂ ਦਸਿਆ ਨਹੀਂ, ਅਸੀਂ ਗਏ ਸਾਂ, ਸਾਨੂੰ ਜਵਾਬ ਨਹੀਂ ਮਿਲਿਆ। ਅਸੀਂ ਐਹ ਕੰਮ ਉਹਨਾਂ ਦੇ ਕਹਿਣ ਤੇ ਕਰ ਦਿੱਤਾ, ਸਾਨੂੰ ਪਤਾ ਹੁੰਦਾ ਕਿ ਐਹ ਕੰਮ ਖਰਾਬ ਹੋਣਾ ਹੈ ਤਾਂ ਅਸੀਂ ਕਰਦੇਂ ਹੀ ਨਾ। ਪਰ ਅਸੀਂ ਤੁਹਾਡੇ ਕਹਿਣ ਤੇ ਕਈ ਵਾਰੀ ਕਰਦੇ ਹਾਂ। ਕਈ ਵਾਰੀ ਸਾਨੂੰ ਵੀ ਲੋਕ ਆ ਕੇ ਇਸ ਤਰ੍ਹਾਂ ਕਲੇਮ ਕਰਦੇ ਹਨ:

**ਕਿਉਂ ?**

ਰੱਬ ਤੁਹਾਡੀ ਮੋਹ ਮਮਤਾ, ਤੁਹਾਡੇ ਜਜ਼ਬਾਤਾਂ, ਤੁਹਾਡਾ ਪੈਸਾ ਜਾਂ ਤੁਹਾਡੀ ਬਾਹਰੀ ਬਨਾਵਟ ਨਾਲ ਪਿਆਰ ਨਹੀਂ ਕਰਦਾ। ਉਹਦਾ ਪਿਆਰ ਤਾਂ ਤੁਹਾਡੀ ਅੰਦਰ ਦੀ ਰੌਸ਼ਨੀ ਇਕ ਐਸੇ ਦੀਪਕ ਨਾਲ ਹੈ ਜੋ ਬਗੈਰ ਤੇਲ ਤੋਂ ਬੁਝਿਆ ਪਿਆ ਹੈ। ਉਸਨੂੰ ਜਗਾਉਣ ਵਾਸਤੇ ਉਹ ਆਪਣਾ ਪਿਆਰ, ਆਪਣਾ ਸਤਿਕਾਰ, ਆਪਣਾ ਇਤਬਾਰ ਤੁਹਾਡੇ ਤੇ ਸੁਟ ਦਿੰਦਾ ਹੈ। ਕਦੇ ਨਹੀਂ ਪੁਛਦਾ। ਤੁਹਾਡੀ ਉਮਰ ਬੀਤ ਗਈ ਹੈ ਕਿਸੇ ਗੁਰੂ ਪੀਰ, ਫਕੀਰ ਨੇ ਆ ਕੇ ਕਦੀ ਤੁਹਾਨੂੰ ਪੁਛਿਆ ਕਿ ਤੁਸੀਂ ਕੀ ਕਰਦੇ ਹੋ?

ਤੁਹਾਡਾ ਕਰਮ ਵੀ ਕਈ ਵਾਰੀ ਤੁਹਾਨੂੰ ਲਾਹਨਤ ਦੇ ਦਿੰਦਾ ਹੈ।

***ਬੇਦ ਪੁਰਾਣ ਪੜੇ ਕਾ ਕਿਆ ਗੁਨ, ਖਰ ਚੰਦਨ ਜਸ ਭਾਰਾ।।***

***ਰਾਮ ਨਾਮ ਕੀ ਗਤਿ ਨਹੀਂ ਜਾਨੀ, ਕੈਸੇ ਉਤਰਸਿ ਪਾਰਾ।।***

ਰਾਮ ਨਾਂਮ ਦੀ ਮਹਿਮਾ ਇਸ ਮੁਖਬੰਦ ਵਿਚ ਬਿਆਨ ਕੀਤੀ ਗਈ ਹੈ ਕਿ ਹੇ ਦਾਤਾ ਮੈਂ ਅਨੇਕਾਂ ਹੀ ਸਾਧਨ ਤੈਨੂੰ ਪਾਉਣ ਵਾਸਤੇ ਅਪਣਾਏ ਹਨ। ਘਰ ਬਾਰ ਛਡਕੇ , ਭਬੂਤੀਆਂ ਮਲ ਕੇ, ਸਿਰ ਵਿਚ ਸੁਆਹ ਮਲ ਕੇ, ਕੇਸ ਕਟਾ ਕੇ। ਕਈ ਸਾਧੂ ਬਿਲਕੁਲ ਸਿਰ ਤੇ ਵਾਲ ਨਹੀਂ ਰਹਿਣ ਦਿੰਦੇ ਕਿ ਸ਼ਾਇਦ ਰੱਬ ਦੀ ਸ਼ਕਲ ਇਸ ਤਰ੍ਹਾਂ ਦੀ ਹੈ। ਪਰ ਜੇ ਰੱਬ ਦੀ ਤਸਵੀਰ ਲਉ ਤਾਂ ਰੱਬ ਉਪਰ ਕੇਸ ਰਖ ਕੇ ਨਹੀਂ ਬੈਠਾ, ਜੇ ਦੂਜੇ ਪਾਸੇ ਇਹਨਾਂ ਲੋਕਾਂ ਵਲ ਆ ਜਾਉ ਤਾਂ ਰੱਬ ਨੇ ਕੇਸ ਕਟਾ ਕੇ ਨਹੀਂ ਰਖੇ ਆਪਦੇ

ਉਹ ਸਿਰ ਤੋਂ ਰੋਡਾ ਵੀ ਨਹੀਂ ਹੈ ਕਿਉਂ ਕਿ ਉਸਦਾ ਤਾਂ ਆਕਾਰ ਹੀ ਕੋਈ ਨਹੀਂ ਹੈ।

***ਤੇਰਾ ਵਰਨੁ ਨ ਜਾਪੈ, ਰੂਪ ਨ ਲਖੀਐ, ਤੇਰੀ ਕੁਦਰਤਿ ਕਉਨ ਬੀਚਾਰੇ।।***
***ਜਲਿ ਥਲਿ ਮਹੀਅਲਿ ਰਵਿਆ ਸਰਬ ਠਾਈ, ਅਗੰਮ ਰੂਪ ਗਿਰਧਾਰੇ।।***

ਉਹ ਸਮੁੰਦਰ ਹੈ। ਤੁਸੀ ਕਦੀ ਉਸ ਵਿਚ ਛਾਲ ਮਾਰੀ ਹੈ?

ਤੁਹਾਡਾ ਦਿਲ ਕਦੇ ਕੀਤਾ ਉਸ ਵਿਚ ਛਾਲ਼ ਮਾਰਨ ਨੂੰ? ਕਿ ਉਸ ਵਿਚ ਅਸੀਂ ਚੁਭੀ ਲਾ ਕੇ ਆਈਏ? ਇਹ ਉਹਦੀ ਮੌਜ ਹੈ। ਕਦੇ ਕਦੇ ਉਸਦੀ ਮੌਜ ਦੀ ਛਲ ਉਠਦੀ ਏ ਅਤੇ ਉਹ ਆਪਣੀ ਮੌਜ ਦੇ ਅੰਦਰ ਪਤਾ ਨਹੀਂ ਕੀ ਕੁਛ ਪੇਸ਼ ਕਰ ਦਿੰਦਾ ਹੈ ਜਿਵੇ ਕਿ ਸਮੁੰਦਰ ਛਲ ਨਾਲ ਹੀਰੇ ਮੋਤੀ ਆਪਦੇ 'ਚੋਂ ਕਢ ਕੇ ਬਾਹਰ ਸੁਟ ਜਾਂਦਾ ਹੈ।

ਅਸਮਾਨੀ ਮੌਸਮ ਵੀ ਆ ਕੇ ਕਦੇ ਕਦੇ ਸਾਨੂੰ ਘੇਰਾ ਘੱਤ ਲੈਂਦੇ ਹਨ। ਰੱਬ ਦਾ ਜਿਹੜਾ ਅਕਾਰ ਹੈ, ਉਹ ਸਭ ਰੂਪ ਰੇਖ ਤੋਂ ਰਹਿਤ ਹੈ ਨਾ ਕਦੇ ਉਸ ਨੇ ਨਵਾਂ ਰੂਪ ਧਾਰਨ ਕੀਤਾ ਹੈ ਨਾ ਕਰੇਗਾ। ਸਮੇਂ ਦੇ ਮੁਤਾਬਿਕ, ਸਮੇਂ ਦੇ ਅਨੁਸਾਰ ਉਹਦੀ ਵਰਤੋਂ ਹੈ,ਜੇ ਅਜ ਅਸੀਂ ਵਿਚਾਰ ਧਾਰਾ ਰਾਹੀਂ ਕੁਛ ਮਜ਼ਹਬੀ ਧੜਿਆਂ ਦੇ ਲੋਕਾਂ ਨੂੰ ਪੁਛੀਏ ਕਿ ਅਜ ਅਸੀਂ ਕੇਸ ਰਖਦੇ ਹਾਂ, ਕਿਰਪਾਨ ਪਾਉਂਦੇ ਹਾਂ, ਪੰਜ ਕਕਾਰੇ ਰਖਦੇ ਹਾਂ, ਇਸ ਨਾਲ ਅਸੀਂ ਗੁਰੂ ਵਾਲੇ ਬਣਦੇ ਹਾਂ, ਇਹ ਸਾਡੇ ਗੁਰੂ ਦੀ ਨਿਸ਼ਾਨੀ ਹੈ ਜੋ ਸਾਨੂੰ ਉਹਨਾਂ ਦਿੱਤੀ ਹੈ। ਇਹ ਸਾਡੀ ਸਾਨ ਹੈ ਅਦੱਬ ਹੈ ਸਤਿਕਾਰ ਹੈ ਉਸਦਾ, ਕੀ ਇਸ ਤੋਂ ਬਗੈਰ ਗੁਰੂ ਸਾਡੇ ਤੇ ਦਇਆਲ ਨਹੀਂ ਹੋ ਸਕਦਾ ਜਾਂ ਮਿਹਰਬਾਨ ਨਹੀਂ ਹੋ ਸਕਦਾ? ਕੀ ਇਸ ਤੋਂ ਬਗੈਰ ਕਿਸੇ ਧਰਮ ਸਥਾਨ ਤੇ ਜਾਣ ਦੀ ਮਨਾਹੀ ਹੈ? ਕੀ ਇਸ ਤੋਂ ਬਗੈਰ ਵੇਦ ਕਤੇਬ ਪੜਨੇ ਮਨਾਹੀ ਹਨ? ਗ੍ਰੰਥ ਸਾਹਿਬ ਪੜ੍ਹਨਾ ਮਨ੍ਹਾ ਹੈ ਜਾਂ ਜਿਸ ਨੇ ਕਦੇ ਬਾਣੀ ਨਹੀਂ ਪੜ੍ਹੀ ਉਸਦੇ ਪੜ੍ਹਨ ਲਗਿਆਂ ਕੁਛ ਹੋ ਜਾਂਦਾ?

ਜਿਸ ਸਾਰੀ ਉਮਰ ਹੀ ਅੰਮ੍ਰਿਤ ਛਕੀ ਰਖਿਆ ਕੇਸ ਪੂਰੇ ਰਖੇ ਹਨ, ਪੰਜ ਕਕਾਰੇ ਹਨ, ਬਾਣੀ ਪੜ੍ਹਦਾ ਹੈ, ਉਸਦੀ ਔਲਾਦ ਲੰਗੜੀ ਲੂਲੀ ਕਿਉਂ ਹੋ ਜਾਂਦੀ ਹੈ? ਆਪ ਉਸ ਨੂੰ ਕੋੜ੍ਹ ਪੈ ਜਾਂਦਾ ਹੈ ਕਈ ਲੋਕ ਤੜਫਦੇ ਦੇਖੇ ਹਨ। ਕੀ ਉਹ ਸਾਧਨਾ ਗੁਰੂ ਪ੍ਰੇਮ ਸੀ? ਉਹ ਕੀ ਸੀ?

ਪੰਡਤਾਂ ਵਲ ਆ ਜਾਉ, ਉਹਨਾਂ ਨੇ ਮੰਦਰਾਂ ਵਿਚ ਬੇਤਹਾ ਸਾਧਨ ਕੀਤੇ, ਜੰਞੂ ਪਾਇਆ, ਤਿਲਕ ਲਾਇਆ, ਨੰਗੇ ਬਦਨ ਧੋਤੀਆਂ, ਲੰਗੋਟੀਆਂ ਬੰਨੀਆਂ, ਆਰਤੀਆਂ

ਕੀਤੀਆਂ, ਚਰਨਾਮਿਤ ਚੜ੍ਹਾਏ, ਗੰਗਾ ਜਾ ਕੇ ਧੂਫਾਂ ਧੁਖਾਈਆਂ, ਪਰ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਤਾਂ ਉਹੀ ਵਿਕਾਰ ਭਰੇ ਹੋਏ ਹਨ।

ਮੌਲਾਨਾ ਤੇ ਕ੍ਰਿਸਚਿਨਟੀ ਵਲ ਆ ਜਾਉ। ਕੀ ਹਾਲ ਹੈ, ਤੇ ਕੀ ਹਾਲਾਤ ਬਣੇ ਹੋਏ ਹਨ। ਤੁਸੀਂ ਰੱਬ ਦੇ ਦਰਬਾਰ ਵਿਚ ਨਾ ਵੀ ਜਾਂਦੇ ਹੋਏ ਸੁਧਰਦੇ ਹੋ ਪਰ ਉਹ ਵਿਚ ਰਹਿੰਦੇ ਹੋਏ ਵੀ ਨਹੀਂ ਸੁਧਰਦੇ। ਕਿਉਂ? ਕੀ ਉਹ ਅੱਗ ਦੇ ਕੋਲ ਐਨੇ ਕੁ ਚਲੇ ਜਾਂਦੇ ਹਨ ਕਿ ਉਹਨਾਂ ਨੂੰ ਸੜਨ ਦਾ ਡਰ ਭੁਲ ਜਾਂਦਾ ਹੈ, ਜਾਂ ਉਹ ਸੜਨਾ ਨਹੀਂ ਚਾਹੁੰਦੇ। ਸਿਰਫ ਸੇਕ ਰਹੇ ਹਨ। ਸਾਨੂੰ ਡਰ ਪਾਇਆ ਹੋਇਆ ਹੈ ਕਿ ਅੱਗ ਵਿਚ ਛਾਲ ਨਾ ਮਾਰੀਏ ਕਿ ਮਰ ਜਾਵਾਂਗੇ। ਪਰ ਬਾਣੀ ਰਾਹੀਂ ਨਾਮ ਦੀ ਸਿਰਫ ਤਲਾਸ਼ ਬਿਆਨ ਕੀਤੀ ਗਈ ਹੈ।

ਨਹੀਂ, ਇਹ ਸਾਡੇ ਸਭ ਬਾਹਰੀ ਖਿਆਲੀ ਪਲਾਉ ਹਨ। ਬੱਚੇ ਨੂੰ ਕਈ ਵਾਰੀ ਮਨਾਉਣ ਲਈ ਕਹਿਣਾ ਪੈਂਦਾ ਹੈ ਕਿ ਆ ਪੁਤ ਦੇਖ ਮੇਰੀ ਮੁਠੀ ਵਿਚ ਕੀ ਹੈ। ਪਰ ਹੁੰਦਾ ਕੁਛ ਵੀ ਨਹੀਂ ਹੈ। ਜਦੋਂ ਕੋਲ ਆਉਂਦਾ ਹੈ ਤਾਂ ਮੁਠੀ ਖੋਲ ਕੇ ਹਸ ਪੈਂਦੇ ਹਾਂ। ਕਈ ਵਾਰੀ ਉਹਨੂੰ ਆਪਣੇ ਕੋਲ ਬੁਲਾਉਣ ਲਈ ਟੌਫੀ ਦੇਣੀ ਪੈਂਦੀ ਹੈ। ਕਈ ਵਾਰ ਆਪਣੇ ਕੋਲ ਬੁਲਾਉਣ ਲਈ ਝੂਠਾ ਹੀ ਬੁਲਾਉਣਾ ਪੈਂਦਾ ਹੈ।

ਵਫਾਦਾਰੀ ਵਲ ਵੇਖ ਲਉ। ਰੱਬ ਦੀ ਸਾਡੇ ਸਾਰਿਆਂ ਉਤੇ ਐਨੀ ਵਫਾਦਾਰੀ ਹੈ ਕਿ ਸਾਡਾ ਇਕ ਪਲ ਵੀ ਉਹ ਸਾਥ ਨਹੀਂ ਛਡਦਾ। ਉਮਰਾਂ ਬੀਤ ਗਈਆਂ ਹਨ ਸਾਡੀਆਂ, ਮਾੜੇ ਕਰਮ ਕਰ ਕਰ ਕੇ, ਪਰ ਉਸਨੇ ਸਾਡਾ ਸਾਥ ਨਹੀਂ ਛਡਿਆ। ਚੋਰਾਂ, ਠੱਗਾਂ, ਨੂੰ ਉਹ ਰੋਟੀ ਦਿੰਦਾ ਹੈ। ਬਦਮਾਸ਼ਾਂ ਤੇ ਹੋਰ ਮਾੜੇ ਕਰਮ ਕਰਨ ਵਾਲਿਆਂ ਨੂੰ ਉਹ ਰੋਟੀ ਦਿੰਦਾ ਹੈ। ਜਿਹਲ ਵਿਚ ਲਿਜਾ ਕੇ ਮਾਰ ਕੁਟ ਕੇ ਵੀ ਪੁਲੀਸ ਰੋਟੀ ਖਾਣ ਨੂੰ ਦਿੰਦੀ ਹੈ। ਹਸਪਤਾਲ ਵਿਚ ਰੋਗੀ ਹੋਣ ਦੇ ਬਾਵਜੂਦ ਵੀ ਡਾਕਟਰ ਸਾਨੂੰ ਰੋਟੀ ਖਾਣ ਨੂੰ ਦਿੰਦੇ ਹਨ। ਰੱਬ ਨੇ ਕਿਹੜੇ ਦਿਨ ਤੁਹਾਡੇ ਕੋਲੋਂ ਰੋਟੀ ਖੋਹੀ ਹੈ? ਕਦੇ ਰੱਬ ਨੇ ਕਿਸੇ ਨੂੰ ਭੁਖਾ ਮਾਰਿਆ ਹੈ ਪ੍ਰੰਤੂ ਸਾਡੇ ਇਹ ਧਾਰਮਿਕ ਲੀਡਰ, ਆਗੂ ਹਰ ਵਕਤ ਇਸੇ ਕੋਸ਼ਿਸ਼ ਵਿਚ ਰਹਿੰਦੇ ਹਨ ਕਿ ਕਿਸ ਤਰ੍ਹਾਂ ਲੋਕਾਂ ਨੂੰ ਗਲਤ ਪਾਸੇ ਲਾ ਕੇ ਆਪਣਾ ਢਿਡ ਭਰਿਆ ਜਾਏ। ਇਹ ਲੋਕਾਂ ਨੂੰ ਸਿਧੇ ਰਸਤੇ ਪੈਣ ਹੀ ਨਹੀਂ ਦਿੰਦੇ। ਕਾਰਨ, ਜੇ ਕਿਤੇ ਇਹ ਲੋਕ ਦੂਸਰੇ ਪਾਸੇ ਤੁਰ ਗਏ ਤਾਂ ਸਾਡਾ ਚੜ੍ਹਾਵਾ ਨਾ ਕਿਤੇ ਮਰ ਜਾਵੇ। ਅਜ ਸਭ ਮੰਦਰ, ਮਸੀਤਾਂ, ਗੁਰਦੁਆਰੇ ਸਿਰਫ ਚੜ੍ਹਾਵੇ ਵਾਸਤੇ ਹੀ ਹਨ ਨਾ ਕਿ ਜੀਵ ਆਤਮਾ ਦੇ ਸੁਧਾਰ ਵਾਸਤੇ। ਜਿਥੇ ਕੋਈ ਬੰਦਾ ਸੁਧਰਦਾ ਹੈ, ਜਾਂ ਕਿਸੇ ਨੂੰ ਕੁਛ ਮਿਲਦਾ

ਹੈ ਜਾਂ ਕਿਸੇ ਨੂੰ ਕੋਈ ਖੁਸ਼ੀ, ਤੇ ਆਨੰਦ ਆਉਂਦਾ ਹੈ ਉਥੇ ਤਾਂ ਅਸੀ ਸਾਰੇ ਹੀ ਜਾਣਾ ਪਸੰਦ ਨਹੀਂ ਕਰਦੇ। ਕੋਈ ਬੰਦਾ ਸ਼ਰਾਬ ਪੀਣ ਲਈ ਪੱਬ ਨੂੰ ਤੁਰਿਆ ਜਾਂਦਾ ਹੋਵੇ ਅਤੇ ਰਸਤੇ ਵਿਚ ਉਸਦਾ ਕੋਈ ਦੋਸਤ ਪੁਛ ਲਵੇ ਕਿ ਕਿਥੇ ਚਲਿਆਂ ਹੈ, ਅਤੇ ਉਹ ਕਹੇ ਕਿ ਪੱਬ ਚਲਿਆ ਹਾਂ, ਤਾਂ ਉਹ ਝਟ ਕਹੇਗਾ ਕਿ ਲੈ ਮੇਰੇ ਵੀ ਪੈਸੇ ਲੈ ਜਾ ਅਤੇ ਮੇ ਰਾ ਵੀ ਇਕ ਅਧੀਆ ਲੈ ਆਈਂ ਅਤੇ ਘਰ ਦੇ ਜਾਵੀਂ। ਪਰ ਜੇ ਕਿਤੇ ਉਹੀ ਬੰਦਾ ਕਹੇ ਕਿ ਮੈਂ ਮੰਦਰ, ਮਸੀਤ ਜਾਂ ਗੁਰਦੁਆਰੇ ਚਲਿਆ ਹਾਂ ਤਾਂ ਕਦੇ ਕਿਸੇ ਨੇ ਨਹੀਂ ਕਿਹਾ ਕਿ ਲੈ ਦਸ ਪੈਸੇ ਲੈ ਜਾ ਮੇਰੇ ਵਲੋਂ ਗੋਲਕ ਜਾਂ ਲੰਗਰ ਸੇਵਾ ਵਿਚ ਪਾ ਦੇਵੀਂ ਕਿਉਂਕਿ ਮੈਂ ਜਾ ਨਹੀਂ ਸਕਿਆ। ਪਰ ਚਲ ਤੂੰ ਚਲਿਆਂ ਹੈ ਚਲੋ ਤੂੰ ਹੀ ਮੇਰੇ ਵਲੋਂ ਪਾ ਦੇਵੀਂ।

ਰੱਬ ਨੇਕ ਰਾਹ ਬੰਦੇ ਨੂੰ ਓਦੋਂ ਦੇਂਦਾ ਹੈ ਜਦੋਂ ਅਸੀਂ ਉਸ ਰਸਤੇ ਤੇ ਚਲਣ ਦੇ ਚਾਹਵਾਨ ਬਣ ਜਾਂਦੇ ਹਾਂ। ਰੱਬ ਨੂੰ ਇਸ਼ਕ ਵਾਲਿਆਂ ਦੀ ਲੋੜ ਨਹੀਂ ਬਲਕਿ ਆਸ਼ਕਾਂ ਦੀ ਲੋੜ ਹੈ। ਰੱਬ ਨੂੰ ਪਿਆਰਿਆਂ ਦੀ ਲੋੜ ਨਹੀਂ, ਪ੍ਰੇਮੀਆਂ ਦੀ ਲੋੜ ਹੈ। ਪਿਆਰ ਤੁਹਾਡੇ ਸਾਰਿਆਂ ਵਿਚ ਹੈ। ਆਪਣੀ ਆਪਣੀ ਬੁਧੀ ਮੁਤਾਬਿਕ ਤੁਸੀਂ ਕਰਦੇ ਹੀ ਹੋ। ਭਾਵੇਂ ਰੱਬ ਨੂੰ ਕਰੋ ਭਾਵੇਂ ਕਿਸੇ ਸਾਧੂ ਨੂੰ ਕਰੋ। ਪ੍ਰੇਮੀ ਬਣੋ ਤਾਂ ਫਿਰ ਗੱਲ ਬਣੇਗੀ।

ਅਗੇ ਵੀ ਅਸੀਂ ਇਕ ਵਾਰ ਕਿਹਾ ਸੀ ਕਿ ਅਜ ਕਲ ਦੇ ਗਿਆਨ ਦੇਣ ਵਾਲੇ ਜਦੋਂ ਰਮਾਇਣ ਪੜ੍ਹਦੇ ਹਨ ਤਾਂ ਉਸ ਵਿਚੋਂ ਸਾਨੂੰ ਕੀ ਸੁਣਾਉਂਦੇ ਹਨ ਕਿ ਮਾਤ ਕੈਕਈ ਜੋ ਰਾਮ ਦੀ ਮਤਰੇਈ ਮਾਂ ਸੀ, ਉਸਨੇ ਰਾਮ ਨੂੰ ਚੌਦਾਂ ਸਾਲ ਦਾ ਬਨਵਾਸ ਦੇ ਦਿਤਾ। ਮਾਤ ਕੁਸ਼ਲਿਆ ਜਿਸ ਨੇ ਜਨਮ ਦਿਤਾ ਉਸ ਨੇ ਇਕ ਵਾਰ ਵੀ ਨਹੀਂ ਕਿਹਾ ਕਿ ਪੁੱਤਰ ਤੂੰ ਨਹੀਂ ਜ਼ਾਣਾ। ਰਾਮ ਚੰਦਰ ਨੂੰ ਬਨਵਾਸ ਹੋਇਆ, ਸੀਤਾ ਪਤਨੀ ਹੋਣ ਦੇ ਨਾਤੇ ਨਾਲ ਚਲੀ ਗਈ, ਲਛਮਣ ਭਰਾ ਕਰਕੇ ਨਾਲ ਚਲਾ ਗਿਆ। ਇਤਿਹਾਸ ਦਸਦਾ ਹੈ ਕਿ ਭਰਤ ਮਿਲਾਪ ਹੋਇਆ। ਰਾਮ ਨੂੰ ਭਰਤ ਮਿਲਣ ਲਈ ਗਿਆ। ਉਸਨੂੰ ਕਿਉਂ ਨਹੀਂ ਪ੍ਰਭੂ ਨੇ ਉਥੇ ਰਖ ਲਿਆ। ਉਸ ਨੂੰ ਕਹਿਣ ਲੱਗੇ, ਜਾਉ ਰਾਜ ਸੰਭਾਲੋ। ਮਤਰੇਈ ਮਾਂ ਦੇ ਪੁਤਰ ਨੇ ਸਾਰੀ ਉਮਰ ਚੌਦਾਂ ਸਾਲ ਤਕ ਰਾਜ ਨਹੀਂ ਕੀਤਾ, ਖੜਾਵਾਂ ਪ੍ਰਭੂ ਦੀਆਂ ਰਖ ਕੇ ਪੂਜਾ ਕੀਤੀ ਹੈ। ਉਹਨਾਂ ਆਪਣੀ ਸਕੀ ਮਾਂ ਦਾ ਕਹਿਣਾ ਕਿਉਂ ਨਹੀਂ ਮੰਨ ਲਿਆ, ਰਾਮ ਦੀ ਤਾਂ ਚਲੋ ਮਤਰੇਈ ਮਾਂ ਸੀ। ਉਸਨੇ ਆਪਦੇ ਪੁਤਰ ਨੂੰ ਖ਼ੂਨ ਦਾ ਵਾਸਤਾ ਕਿਉਂ ਨਹੀਂ ਦੇ ਦਿਤਾ ਕਿ ਉਹ ਰਾਜ ਕਰੇ। ਜੇ ਦਿਲ ਨੂੰ ਸਮਝਾਣਾ ਹੋਵੇ ਕਿ ਰਾਮ ਭਗਵਾਨ ਸੀ ਤਾਂ ਅਜ ਦੇ ਜ਼ਮਾਨੇ ਵਿਚ ਆਪਣੀਆਂ ਘਰ ਦੀਆਂ ਪਰਸਨਲ ਜ਼ਿੰਦਗੀਆਂ ਵਿਚ ਜੋ ਐਸਾ ਵਾਤਾਵਰਨ ਬਣਾ ਰਖਿਆ ਹੈ ਉਹ ਕਿਉਂ ਅਤੇ ਕਾਹਦੇ ਲਈ

ਹੈ?

ਅਸੀ ਇਕ ਦਿਨ ਬਿਆਨ ਕਰ ਰਹੇ ਸਾਂ ਜਿਸ ਗੁਰੂ ਗੋਬਿੰਦ ਸਿੰਘ ਦੇ ਪਿਤਾ ਦੇ ਨਾਲ ਤਿੰਨ ਸੇਵਕ ਮਤੀ ਦਾਸ, ਸਤੀ ਦਾਸ ਅਤੇ ਦਿਆਲ ਜੀ, ਉਹ ਵੀ ਦਾਸ ਹੀ ਸਨ, ਸਿੰਘ ਤਾਂ ਉਹਨਾਂ ਵਿਚੋਂ ਕੋਈ ਵੀ ਨਹੀਂ ਸੀ ਪਰ ਸਿੰਘ ਉਸ ਵਕਤ ਵੀ ਹੈ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਤੋਂ ਪਹਿਲਾਂ ਰਾਜਸਥਾਨ, ਮਹਾਂਰਾਸ਼ਟਰ, ਵਿਚ ਵੀ ਸਿੰਘ ਸਨ। ਜਿੰਨੇ ਵੀ ਸਯਦ ਪਠਾਣ ਹੋਏ ਹਨ, ਸਭ ਦੇ ਨਾਂ ਨਾਲ ਸਿੰਘ ਸੀ। ਇਤਿਹਾਸ ਗਵਾਹੀ ਦਿੰਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਸਾਹਮਦੇ ਬੈਠੇ ਸਨ ਅਤੇ ਸੇਵਕ ਦੇ ਸਿਰ ਤੇ ਆਰਾ ਚਲ ਰਿਹਾ ਹੈ। ਉਹਨਾਂ ਦੇ ਸਾਹਮਣੇ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਸਾੜਿਆ ਜਾ ਰਿਹਾ ਹੈ ਅਤੇ ਦਿਆਲੇ ਨੂੰ ਦੇਗ ਵਿਚ ਉਬਾਲਿਆ ਜਾ ਰਿਹਾ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜਿਨ੍ਹਾਂ ਦੇ ਪਿਤਾ ਦੇ ਸਾਹਮਣੇ ਉਨ੍ਹਾਂ ਦੇ ਸੇਵਕ ਹਸ ਹਸ ਕੇ ਸ਼ਹੀਦੀਆਂ ਦੇ ਰਹੇ ਸਨ, ਮੌਤ ਨੂੰ ਚੁੰਮ ਰਹੇ ਸਨ, ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਕੀ ਜ਼ਰੂਰਤ ਪੈ ਗਈ ਸੀ ਕਿ ਉਹਨਾਂ ਵੰਗਾਰ ਕੇ ਸੰਗਤ ਵਿਚ ਸੀਸ ਮੰਗੇ, ਕਿ ਹੈ ਕੋਈ ਐਸਾ ਜੋ ਆਪਣਾ ਸੀਸ ਦੇਵੇ? ਇਤਿਹਾਸ ਇਹ ਕਹਿੰਦਾ ਹੈ ਕਿ 1699 ਵਿਚ ਜਦੋਂ ਅੰਮ੍ਰਿਤ ਛਕਾਣਾ ਸੀ, ਤਾਂ ਉਸ ਵੇਲੇ ਅੰਗ੍ਰੇਜ਼ ਹਿੰਦੁਸਤਾਨ ਵਿਚ ਆ ਚੁਕੇ ਸਨ ਕਿਉਂ ਕਿ ਈਸਟ ਇੰਡੀਆ ਕੰਪਨੀ 1600 ਈ: ਵਿਚ ਆ ਚੁਕੀ ਸੀ। ਉਸ ਵਕਤ ਹਜ਼ਾਰਾਂ ਲੋਕ ਕਹਿੰਦੇ ਹਨ, ਇਕੱਠੇ ਹੋਏ ਸਨ ਅਤੇ ਉਸ ਵਕਤ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਸੀ। ਉਸ ਵਕਤ ਬਾਈ ਧਾਰ ਦੇ ਰਾਜੇ ਮਹਾਰਾਜ ਜੀ ਦੇ ਦੁਸ਼ਮਣ ਬਣ ਚੁਕੇ ਸਨ ਜਿਨ੍ਹਾਂ ਝੂਠੀ ਕਸਮ ਖਾ ਕੇ ਗੁਰੂ ਸਾਹਿਬ ਤੋਂ ਅਨੰਦਪੁਰ ਸਾਹਿਬ ਦਾ ਕਿਲਾ ਖਾਲੀ ਕਰਵਾ ਲਿਆ ਅਤੇ ਅਠਾਰਾਂ ਸਾਲ ਤਕ ਗੁਰੂ ਸਾਹਿਬ ਅਨੰਦਪੁਰ ਵਾਪਸ ਨਹੀਂ ਗਏ, ਇਹ ਤਵਾਰੀਖ ਕਹਿੰਦੀ ਹੈ। ਉਨ੍ਹਾਂ ਲੜਾਈ ਨਹੀ ਕੀਤੀ, ਬੰਦੇ ਨਹੀ ਮਰਵਾਏ ਕਿਲਾ ਖਾਲੀ ਕਰਵਾਉਣ ਲਈ ਜਦੋਂ ਉਨ੍ਹਾਂ ਦੇ ਬੁਲਾਵੇ ਤੇ ਐਨੇ ਲੋਕ ਇਕਠੇ ਹੋ ਸਕਦੇ ਹਨ ਤਾਂ ਉਹ ਇਹ ਵੀ ਆਡਰ ਕਰ ਸਕਦੇ ਸਨ ਕਿ ਉਠ ਕੇ ਲੜਾਈ ਲਈ ਖੜੇ ਹੋ ਜਾਉ। ਮੁਕਾਬਲਾ ਕਰ ਦਿਉ, ਨਹੀਂ, ਉਹਨਾਂ ਕਿਹਾ ਕੋਈ ਹੈ, ਜੋ ਸੀਸ ਭੇਟਾ ਦੇਵੇ। ਕਿਉਂ ਉਹਨਾਂ ਨੂੰ ਪੰਜ ਸਿਰ ਮੰਗਣੇ ਪਏ?

ਉਹ ਸਿਰਫ ਇਸ ਲਈ ਕਿ ਇਹ ਜਿਹੜੇ ਲੋਕ ਹਨ, ਮਥਾ ਟੇਕਣ ਵਾਲੇ, ਚੜ੍ਹਾਵਾ ਚੜਾਉਣ ਵਾਲੇ, ਝੂਠੀਆਂ ਸ਼ਾਨਾਂ ਵਾਲੇ, ਝੂਲੀਆਂ ਪੱਗਾਂ ਵਾਲੇ, ਝੂਠੇ ਖਿਆਲਾਂ ਵਾਲੇ, ਇਥੇ ਕੱਠੇ ਹੋਏ ਹਨ ਜਿਹੜੇ ਕਿ ਭੇਡਾਂ ਵਾਂਗੂ ਮਗਰ ਲੱਗੇ ਹੋਏ ਹਨ। ਇਹਨਾਂ

ਵਿਚੋਂ ਇਕ ਸ਼ੇਰ ਨੂੰ ਖੜਾ ਕਰੋ ਜਿਹੜਾ ਇਹਨਾਂ ਵਿਚੋਂ ਅਲਗ ਉੱਠ ਕੇ ਖੜਾ ਹੋ ਜਾਵੇ।

ਦੂਜੇ ਪਾਸੇ ਕਿਸ਼ਨ ਦੇ ਵਕਤ ਨੂੰ ਅਸੀ ਸਮਝਾਉਂਦੇ ਆਏ ਹਾਂ ਕਿ ਇਕ ਪਾਸੇ ਕੌਰਵ ਖਲੋਤੇ ਸਨ ਅਤੇ ਇਕ ਪਾਸੇ ਪਾਂਡਵ ਖਲੋਤੇ ਹੋਏ ਸਨ। ਪਰ ਅਰਜਨ ਨੂੰ ਉਨ੍ਹਾਂ ਵਿਰਾਟ ਰੂਪ ਦਿਖਾਇਆ। ਕਿਉਂ? ਹੋਰ ਜੋ ਚਾਰ ਭਰਾ ਸਨ, ਉਹਨਾਂ ਨੂੰ ਕਿਉਂ ਨਹੀਂ ਦਿਖਾਇਆ। ਉਹ ਇਕ ਭਰਾ ਦੀ ਗੱਲ ਮੰਨਕੇ ਕਿਸ ਤਰ੍ਹਾਂ ਲੜਾਈ ਸ਼ੁਰੂ ਕਰ ਦਿਤੀ ਬਾਕੀ ਚਾਰੇ ਤਿਆਰ ਬੈਠੇ ਹਨ ਪਰ ਅਰਜਨ ਨਹੀਂ ਮੰਨ ਰਿਹਾ। ਉਸਨੂੰ ਇਕਲੇ ਨੂੰ ਮਨਾਉਣਾ ਪਿਆ ਅਤੇ ਉਸ ਨੂੰ ਵਿਰਾਟ ਰੂਪ ਦਿਖਾਉਣਾ ਪਿਆ। ਕਿਉਂ? ਉਹ ਇਸ ਕਰਕੇ ਕਿ ਉਹ ਆਪਦੇ ਖੂਨ ਦੇ ਰਿਸ਼ਤੇ ਵਿਚ ਕਾਇਰ ਬਣਦਾ ਜਾ ਰਿਹਾ ਸੀ, ਪਰ ਦੂਜੇ ਨਹੀਂ ਸਨ। ਉਹ ਪਹਿਲਾਂ ਹੀ ਤਿਆਰ ਸਨ ਕਿ ਅਸੀਂ ਮੁਕਾਬਲਾ ਕਰਨਾ ਹੈ। ਉਹਨੂੰ ਇਹ ਡਰ ਸੀ ਕਿ ਇਹ ਸਭ ਮੇਰੇ ਚਾਚੇ ਤਾਏ ਹਨ ਜੇ ਇਹ ਨਾਰਾਜ਼ ਹੋ ਗਏ ਤਾਂ ਮੇਰੇ ਪਿਛੇ ਕੌਣ ਆਏਗਾ। ਇਸ ਕਰਕੇ ਉਸਨੂੰ ਵਿਰਾਟ ਰੂਪ ਦਿਖਾ ਕੇ ਦਸਣਾ ਪਿਆ ਕਿ ਕਰਨ ਕਰਾਉਣ ਵਾਲਾ ਸਭ ਮੈਂ ਹੀ ਹਾਂ।

***ਕਤ ਕੀ ਮਾਈ, ਬਾਪੁ ਕਤ ਕੇਰਾ, ਕਿਦੂ ਥਾਵਹੁ ਹਮ ਆਏ।।***
***ਅਗਨਿ ਬਿੰਬ ਜਲ ਭੀਤਰ ਨਿਪਜੇ, ਕਾਹੇ ਕੰਮਿ ਉਪਾਏ।।***

ਜਿਹੜਾ ਭਰਤ ਦਾ ਰਾਜ ਤੇ ਨਾ ਬਹਿਣਾ ਸੀ, ਉਹ ਆਪਣੇ ਤੋਂ ਵਡਿਆਂ ਦਾ ਸਤਿਕਾਰ ਸੀ ਜੋ ਉਹਨਾਂ ਦਾ ਪੁਰਖਾਂ ਤੋਂ ਚਲਿਆ ਆ ਰਿਹਾ ਸੀ ਜੋ ਅਜ ਵੀ ਕਈ ਜਗ੍ਹਾ ਤੇ ਕਾਇਮ ਹੈ। ਕਈ ਪੁਸ਼ਤਾਂ ਵਿਚ ਹੈ ਕਿ ਪਿਉ ਤੋਂ ਬਾਅਦ ਜੇ ਵਡਾ ਭਰਾ ਹੋਵੇ ਤਾਂ ਉਹਦਾ ਕਹਿਣਾ ਮੰਨਣਾ ਹੈ।

ਬਾਕੀ ਰਹਿ ਗਿਆ ਮਤਰੇਈ ਮਾਂ ਦਾ। ਲੋਕੀ ਕਹਿੰਦੇ ਹਨ ਕਿ ਮਤਰੇਈ ਮਾਂ ਬਚੇ ਨਹੀਂ ਪਾਲ ਸਕਦੀ। ਉਹ ਤਾਂ ਪਾਲ ਸਕਦੀ ਹੈ ਪਰ ਤੁਸੀਂ ਉਸਨੂੰ ਪਾਲਣ ਨਹੀਂ ਦਿੰਦੇ।

ਅਸੀ ਇਕ ਦਿਨ ਮਾਨਚੈਸਟਰ ਤੋਂ ਵਾਪਸ ਆ ਰਹੇ ਸਾਂ - ਸਾਡੇ ਡੇਰੇ ਦੇ ਪ੍ਰਧਾਨ ਤੇ ਸੈਕਟਰੀ ਸਾਡੇ ਨਾਲ ਸਨ। ਉਹਨਾਂ ਸਾਨੂੰ ਸਵਾਲ ਔਰਤ ਜਾਮੇ ਤੇ ਕੀਤਾ। ਆਸੀਂ ਔਰਤ ਨੂੰ ਤਿੰਨ ਚਾਰ ਰੂਪਾਂ ਵਿਚ ਤਕਸੀਮ ਕੀਤਾ। ਉਹਨਾਂ ਸਵਾਲ ਕੀਤਾ ਕਿ ਇਸ ਜਗ ਦੇ ਵਿਚ ਲੇਡੀ ਫਸਟ (Lady First) ਹੈ, ਜਿਵੇਂ ਇਥੇ ਥੈਚਰ ਰਾਜ ਕਰਦੀ ਹੈ,

ਅਤੇ ਹਿੰਦੁਸਤਾਨ ਵਿਚ ਇੰਦਰਾ ਗਾਂਧੀ ਸੀ, ਕੀ ਰੱਬ ਦੇ ਘਰ ਵਿਚ ਵੀ ਇਸੇ ਤਰ੍ਹਾਂ ਲੇਡੀ ਫਸਟ ਨੂੰ ਪਹਿਲ (priority) ਦਿਤੀ ਜਾਂਦੀ ਹੈ? ਅਸੀਂ ਜਵਾਬ ਦਿਤਾ ਕਿ ਹਾਂ ਉਥੇ ਵੀ ਹੈ। ਰੱਬ ਨੇ ਜਦੋਂ ਵੀ ਸ਼ਕਤੀ ਪੈਦਾ ਕੀਤੀ ਤਾਂ ਔਰਤ ਨੂੰ ਪੈਦਾ ਕੀਤਾ ਹੈ। ਚੰਡੀ ਜਦੋਂ ਬਣੀ ਓਦੋਂ ਵੀ ਔਰਤ ਬਣੀ। ਮਹਾਰਾਜ ਜੀ ਨੇ ਕਿਹਾ ਹੈ:—

***ਮਹਾਕਾਲ ਕਾਲਿਕਾ ਅਰਾਧੀ।।***

ਭਾਵ ਕਾਲ ਨੂੰ ਵੀ ਨਾਸ ਕਰਨ ਵਾਲੀ ਤਾਕਤ ਦੀ ਅਸੀਂ ਪੂਜਾ ਕੀਤੀ ਹੈ। ਇਕ ਉਹ ਕਾਲੀ ਹੈ ਜਿਸ ਨੇ ਸਿਰਾਂ ਦੀ ਮਾਲਾ ਗਲ ਵਿਚ ਪਾਈ ਹੋਈ ਹੈ ਅਤੇ ਹਥਾਂ ਦਾ ਹਾਰ ਲੱਕ ਨੂੰ ਬੰਨ੍ਹਿਆ ਹੋਇਆ ਹੈ ਤੇ ਜਿਸ ਨੂੰ ਕਾਲੀ ਕਲਕੱਤੇ ਵਾਲੀ ਆਖਦੇ ਹਾਂ ਜਾਂ ਚੰਡੀ ਆਖਦੇ ਹਾਂ। ਜਿਹੜੀ ਸ਼ੁੰਭ ਅਤੇ ਅਸ਼ੁਭ ਨੂੰ ਮਾਰਨ ਲਈ ਪੈਦਾ ਹੋਈ ਸੀ। ਉਸ ਦੇਵੀ ਦਾ ਸਰੀਰ ਸਾਹਮਣੇ ਰਹਿ ਗਿਆ ਅਤੇ ਉਸ ਵਿਚ ਜਿਹੜੀ ਨਿਰੰਕਾਰੀ ਤਾਕਤ ਸੀ, ਉਸ ਨੂੰ ਸਾਹਿਬ ਨੇ ਫੁਰਮਾਨ ਕੀਤਾ ਹੈ ਕਿ:—

***ਹੇਮ ਕੁੰਟ ਪਰਬਤ ਹੈ ਜਹਾਂ।।***

***ਸਪਤ ਸ੍ਰਿੰਗ ਸੋਭਿਤ ਹੈ ਤਹਾਂ।।***

***ਤਹ ਹਮ ਅਧਿਕ ਤਪੱਸਿਆ ਸਾਧੀ।।***

***ਮਹਾਕਾਲ ਕਾਲਿਕਾ ਅਰਾਧੀ।।***

ਫਿਰ ਸਾਨੂੰ ਸਵਾਲ ਸਾਡੇ ਸੈਕਟਰੀ ਸਾਹਿਬ ਨੇ ਕੀਤਾ ਕਿ ਔਰਤ ਦਾ ਸਰੂਪ ਕੀ ਹੈ? ਤਾਂ ਅਸੀਂ ਜਵਾਬ ਦਿੱਤਾ ਕਿ ਔਰਤ ਕਦੇ ਮਾੜੀ ਨਹੀਂ ਹੁੰਦੀ। ਔਰਤ ਦੀ ਆਤਿਸ਼ ਮਾੜੀ ਹੈ। ਜਨਾਨੀ ਕਦੀ ਮਾੜੀ ਨਹੀਂ ਹੁੰਦੀ ਪਰ ਉਸਦਾ ਜਨੂੰਨ ਮਾੜਾ ਹੁੰਦਾ ਹੈ। ਜਿਸਨੂੰ ਅਸੀਂ ਇਸਤ੍ਰੀ ਆਖਦੇ ਹਾਂ ਉਹ ਮਾੜੀ ਨਹੀਂ ਹੁੰਦੀ ਪਰ ਉਸਦੀ ਈਰਖਾ ਮਾੜੀ ਹੈ।

ਔਰਤ ਹਮੇਸ਼ਾਂ ਹੀ ਔਰਤ ਰਹੀ ਹੈ। ਉਹ ਇਕ ਆਦਮੀ ਦਾ ਅਦਬ ਵੀ ਹੈ, ਪ੍ਰਮਾਤਮਾ ਦਾ ਸ਼ਿੰਗਾਰ ਵੀ ਹੈ, ਉਹ ਪ੍ਰਮਾਤਮਾ ਦੀ ਇਬਾਦਤ ਵੀ ਹੈ। ਜਿੰਨੀ ਔਰਤ ਭਗਤੀ ਕਰਦੀ ਹੈ, ਓਨੀ ਮਰਦ ਨਹੀਂ ਕਰਦਾ - ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਸਤਿਕਾਰ ਦੀ ਪਹਿਚਾਣ ਹੋਣੀ ਚਾਹੀਦੀ ਹੈ।

***ਅਨਬੋਲਤ ਮੇਰੀ ਬਿਰਥਾ ਜਾਨੀ, ਅਪਨਾ ਨਾਮੁ ਜਪਾਇਆ।।***

**ਦੁਖ ਨਾਠੇ ਸੁਖ ਸਹਿਜ ਸਮਾਏ, ਅਨਦ ਅਨਦ ਗੁਣ ਗਾਇਆ।।**

ਇਹ ਬਾਣੀ ਦਾ ਰਸਤਾ ਹੈ ਕਿ ਤੁਹਾਡੀ ਅਨਬੋਲਤ ਖ੍ਰਿਕਾ ਜਾਣੀ ਹੈ ਇਸ ਲਈ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰੋ। ਸਾਹਿਬ ਨੇ ਰਾਮ ਨਾਮ ਦਾ ਬਿਆਨ ਕੀਤਾ ਹੈ। ਗੁਰੂ ਰਾਮਦਾਸ ਦੇ ਘਰ ਚਾਰ ਪ੍ਰਕਾਰ ਦੇ ਰਾਮ ਹਨ। ਇਕ ਰਾਮ ਜਿਹੜਾ ਤ੍ਰੇਤੇ ਜੁਗ ਵਿਚ ਆਇਆ - ਰਾਵਣ ਨਾਲ ਲੜਿਆ ਅਤੇ ਲੜ ਕੇ ਚਲਾ ਗਿਆ। ਦੂਜਾ ਹੈ ਬ੍ਰਹਮ ਰੂਪੀ ਰਾਮ - ਜਿਸਨੇ ਸ੍ਰਿਸ਼ਟੀ ਪੈਦਾ ਕੀਤੀ ਹੈ। ਤੀਸਰਾ ਹੈ ਸਾਡਾ ਮਨ ਰੂਪੀ ਰਾਮ - ਜਿਹੜਾ ਘੜੀ ਵਿਚ ਅਮਰੀਕਾ, ਘੜੀ ਵਿਚ ਕੈਨੇਡਾ, ਅਤੇ ਘੜੀ ਵਿਚ ਕਿਤੇ ਦੀ ਕਿਤੇ ਪਹੁੰਚ ਜਾਂਦਾ ਹੈ। ਚੌਥਾ ਹੈ ਸੀਆ ਰੂਪੀ ਰਾਮ - ਸਚ ਖੰਡ ਵਾਸੀ ਰਾਮ - ਸੰਤਾਂ ਦਾ ਰਾਮ। ਜਿਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ 33000 ਵਾਰ ਆਇਆ ਹੈ।

ਚਵ੍ਹੀ ਹਜ਼ਾਰ ਇਸ ਸਰੀਰ ਦੇ ਸੁਆਸ ਹਨ ਤੇ ਚਵ੍ਹੀ ਹਜ਼ਾਰ ਸੁਖਮਨੀ ਸਾਹਿਬ ਦੇ ਅੱਖਰ ਹਨ। ਇਸ ਬਾਰੇ ਮਹਾਰਾਜ ਜੀ ਨੇ ਕਿਹਾ ਹੈ ਕਿ:—

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।**

**ਭਗਤ ਜਨਾ ਕੈ ਮਨਿ ਬਿਸ੍ਰਾਮ।।**

715 ਅੰਗ ਹਨ ਗੁਰੂ ਗ੍ਰੰਥ ਸਾਹਿਬ ਦੇ ਅਤੇ 75000 ਸਲੋਕ ਹਨ। ਸ਼ਬਦ ਅਨੇਕ ਹਨ। ਸ਼ਲੋਕ ਨੂੰ ਸ਼ੇਅਰ ਵੀ ਕਿਹਾ ਜਾਂਦਾ ਹੈ। ਇਹ ਫਾਰਸੀ ਜ਼ਬਾਨ ਦੀ ਬੋਲੀ ਹੈ। ਗੁਰੂ ਗੋਬਿੰਦ ਸਿੰਘ ਪੰਜਾਬੀ ਨਹੀਂ ਸਨ ਪੜ੍ਹੇ ਪਰ ਫਾਰਸੀ ਦੇ ਬਹੁਤ ਮਾਹਿਰ ਸਨ। ਗੁਰਬਾਣੀ ਨੂੰ ਕਈ ਪਾਠ ਆਖਦੇ ਹਨ, ਕਈ ਪੂਜਾ ਕਹਿੰਦੇ ਹਨ। ਕਈ ਮੰਤਰ ਤੰਤਰ ਆਖਦੇ ਨੇ ਤੇ ਕੋਈ ਗੁਰਮੰਤਰ ਆਖ ਦਿੰਦਾ ਹੈ। ਲਫ਼ਜ਼ਾਂ ਦਾ ਝਗੜਾ ਹੈ:—

**ਇਕੋ ਅਲਫ ਤੇਰੇ ਦਰਕਾਰ।।**

**ਸਭੇ ਇਲਮ ਬਸ ਕੀਊ ਯਾਰ।।**

**ਜਾਂ**

**ਤੇਰਾ ਏਕੁ ਨਾਮੁ ਤਾਰੇ ਸੰਸਾਰੁ।।**

ਇਸ ਲਈ ਰੱਬ ਨੂੰ ਜਿਸ ਤਰ੍ਹਾਂ ਮਰਜੀ ਯਾਦ ਕਰ ਲਵੋ। ਇਹ ਤੁਹਾਡੀ ਆਪਣੀ ਭਾਵਨਾ ਹੈ। ਸਤਿਗੁਰ ਦੀ ਸੇਵਾ ਸਫਲ ਤਾਂ ਹੀ ਹੋ ਸਕਦੀ ਹੈ ਜੇਕਰ ਚਿਤ ਲਾ ਕੇ

ਕੀਤੀ ਜਾਵੇ ਅਤੇ ਤਾਂ ਹੀ ਵਿਚੋਂ ਹਉਮੈ ਜਾ ਸਕਦੀ ਹੈ। ਜੇ ਹਉਮੈ ਨਹੀਂ ਗਈ ਤਾਂ ਸੇਵਾ ਵੀ ਸਫਲ ਨਹੀਂ ਹੋ ਸਕਦੀ। ਹਉਮੈ ਖਤਮ ਹੋਵੇਗੀ ਤਾਂ ਹੀ ਤੁਹਾਡੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਸਕਣਗੀਆਂ। ਹਉਮੈ ਖਤਮ ਕਰਨ ਦਾ ਇਕੋ ਇਕ ਤਰੀਕਾ ਹੈ ਕਿਸੇ ਪੂਰਨ ਸਤਿਗੁਰੂ ਦੀ ਸ਼ਰਣ।

ਜਿਹੜੀ ਤੁਸੀ ਮੋਹ ਮਮਤਾ ਕਹਿੰਦੇ ਹੋ, ਇਹ ਇਨਸਾਨ ਨੂੰ ਰੱਬ ਵਲੋਂ ਨਹੀਂ ਦਿਤੀ ਗਈ। ਇਨਸਾਨ ਨੂੰ ਹਿੰਮਤ ਤੇ ਮਿਹਨਤ ਦਿੱਤੀ ਗਈ ਸੀ। ਦੋ ਭਰਾ ਸਹਿਜ ਤੇ ਕਾਲ ਸਨ। ਸਹਜ ਰੱਬੀ ਪੱਖ ਹੈ ਅਤੇ ਕਾਲ ਮੌਤ ਦਾ ਪੱਖ ਹੈ। ਸਹਜ ਨੇ ਦਿਤੀ ਇਨਸਾਨ ਨੂੰ ਮਿਹਨਤ ਪਰ ਕਾਲ ਨੇ ਉਸਨੂੰ ਉਹਦੇ ਨਾਲ ਹੀ ਹਉਮੈ ਦੇ ਦਿਤੀ। ਅਤੇ ਕਿਹਾ ਕਿ ਜਦੋਂ ਹੰਕਾਰ ਕਰ ਲਵੇਂਗਾ ਕਿ ਮੈਂ ਕੀਤਾ, ਮੈਂ ਬਣਾਇਆ ਤਾਂ ਸਾਰਾ ਕੁਝ ਖਤਮ ਹੋ ਜਾਵੇਗਾ। ਪ੍ਰਮਾਤਮਾ ਨੇ ਔਰਤ ਨੂੰ ਆਪਣਾ ਰੁਤਬਾ, ਅਦੱਬ, ਸਤਿਕਾਰ ਤੇ ਇਸ਼ਟ ਦਿਤਾ ਪਰ ਕਾਲ ਨੇ ਉਸਨੂੰ ਈਰਖਾ ਦੇ ਦਿਤੀ। ਜਦੋਂ ਈਰਖਾ ਕਰਨ ਲਗ ਜਾਏ ਗੀ ਤਾਂ ਸਭ ਖਤਮ ਹੋ ਜਾਏਗਾ। ਜੋ ਮੋਹ ਮਮਤਾ ਹੈ ਉਹ ਸਭ ਤੋਂ ਜ਼ਿਆਦਾ ਰੱਬ ਨੇ ਦੁਨੀਆਂ ਬਣਾਣ ਵੇਲੇ ਬਾਂਦਰੀ ਨੂੰ ਦਿਤੀ ਸੀ। ਉਸ ਵਿਚ ਐਨੀ ਮੋਹ ਮਮਤਾ ਹੈ ਕਿ ਉਹ ਆਪਣੇ ਬਚੇ ਨੂੰ ਛਾਤੀ ਨਾਲ ਲਾ ਕੇ ਦਰਖਤੋਂ ਦਰਖਤ ਭਜੀ ਫਿਰਦੀ ਹੈ। ਕਈ ਮਾਈਆਂ ਨੇ ਤਾਂ ਹਸ ਕੇ ਗਵਾ ਛਡਿਆ ਕਿ ਮਹਾਰਾਜ ਜੀ ਨੇ ਇਹ ਕੀ ਕਿਹਾ ਹੈ। ਤੁਸੀਂ ਇਸ ਚੀਜ਼ ਨੂੰ ਕਦੀ ਸੋਚਣ ਦੀ ਕੋਸ਼ਿਸ ਕਰਨਾ। ਬਾਣੀ ਕਹਿ ਰਹੀ ਹੈ:-
-

***ਹਉਮੈ ਰੋਗੁ ਮਾਨੁਖ ਕਉ ਦੀਨਾ।।***

***ਕਾਮ ਰੋਗਿ ਮੈਗਲੁ ਬਸਿ ਲੀਨਾ।।***

ਜਿਹੜੇ ਤੁਸੀ ਬਚੇ ਪੈਦਾ ਕਰਦੇ ਹੋ, ਇਹ ਕਾਮ ਰੋਗ ਵਿਚ ਨਹੀਂ ਹੈ, ਉਹ ਕਾਮ ਰੋਗ ਵੀ ਹਾਥੀ ਦਿੱਤਾ ਹੈ ਹਾਲਾਂਕਿ ਬੱਚੇ ਸਭ ਨਾਲੋਂ ਜ਼ਿਆਦਾ ਸੂਅਰ ਦੇ ਹੁੰਦੇ ਹਨ। ਕਾਮ ਰੋਗ ਮਨੁੱਖ ਨੂੰ ਨਹੀਂ ਦਿਤਾ। ਅੱਖਾਂ ਦਾ ਰੋਗ ਭਾਵ ਨਜ਼ਰ ਦਾ ਰੋਗ ਇਨਸਾਨ ਨੂੰ ਨਹੀਂ ਦਿਤਾ ਹਾਲਾਂਕਿ ਤੁਸੀ ਇਕ ਦੂਜੇ ਨੂੰ ਕਹਿੰਦੇ ਹੋ ਮੈਨੂੰ ਔਹ ਸੋਹਣਾ ਲਗਦਾ ਹੈ ਜਾਂ ਮੈਨੂੰ ਉਹ ਸੋਹਣੀ ਲਗਦੀ ਹੈ। ਇਹ ਦ੍ਰਿਸ਼ਟੀ - ਨਜ਼ਰ ਦਾ ਰੋਗ ਪਤੰਗਿਆਂ ਨੂੰ ਦਿੱਤਾ ਗਿਆ ਹੈ ਕਿਉਂਕਿ ਉਹ ਲਾਟ ਨੂੰ ਦੇਖ ਕੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਉਸ ਉਪਰ ਕੁਦ ਜਾਂਦੇ ਹਨ:—

## ਦ੍ਰਿਸਟਿ ਰੋਗਿ ਪਚਿ ਮੂਏ ਪਤੰਗਾ।।

ਤੁਸੀਂ ਗੁਰਦੁਆਰੇ ਜਾਂਦੇ ਹੋ, ਭਾਈ ਕੀਰਤਨ ਕਰ ਰਿਹਾ ਹੁੰਦਾ ਹੈ ਅਤੇ ਮਾਈਆਂ ਤੇ ਭਾਈ ਸਿਰ ਹਿਲਾ ਰਹੇ ਹੁੰਦੇ ਹਨ ਭਾਵ ਕਿ ਬੜਾ ਅਨੰਦ ਆ ਰਿਹਾ ਹੈ। ਬੜਾ ਗੁਰੂ ਨਾਲ ਪਿਆਰ ਹੈ ਪਰ ਅੰਦਰ ਕੁਛ ਵੀ ਨਹੀਂ ਹੁੰਦਾ। ਬਾਣੀ ਕਹਿੰਦੀ ਹੈ:—

## ਨਾਦਿ ਰੋਗਿ ਖਪ ਗਏ ਕੁਰੰਗਾ।।

ਸਪ ਬੀਨ ਦੀ ਮਸਤੀ ਵਿਚ ਆ ਕੇ ਝੂਮ ਕੇ ਨਚ ਉਠਦਾ ਹੈ ਅਤੇ ਸਪੇਰਾ ਫੜ ਲੈਂਦਾ ਹੈ ਉਸਨੂੰ ਆਪਣੀ ਜਾਨ ਦਾ ਡਰ ਵੀ ਭੁਲ ਜਾਂਦਾ ਹੈ। ਇਸੇ ਤਰ੍ਹਾਂ ਹਰਨ ਵੀ ਨਾਦ ਦੀ ਆਵਾਜ਼ ਸੁਣ ਕੇ ਮਸਤ ਹੋ ਜਾਂਦਾ ਹੈ। ਤੁਹਾਨੂੰ ਤਾਂ ਕਖ ਵੀ ਨਹੀਂ ਰਬ ਨੇ ਦਿੱਤਾ। ਤੁਹਾਡੇ ਪਲੇ ਕੀ ਹੈ। ਰੱਬ ਨੇ ਤਾਂ ਗਾਂ, ਮੱਝ, ਊਠਣੀ, ਭੇਡ, ਬਕਰੀ, ਨੂੰ ਵੀ ਦੁਧ ਦਿੱਤਾ ਹੈ ਜੋ ਹਰਾ ਘਾਹ ਤੇ ਮੈਲੀਆਂ ਚੀਜ਼ਾਂ ਖਾ ਕੇ ਤੁਹਾਡੇ ਲਈ ਦੁਧ ਪੈਦਾ ਕਰਦੀਆਂ ਹਨ ਜਿਸ ਵਿਚੋਂ ਤੁਹਾਨੂੰ ਤਾਕਤ ਮਿਲਦੀ ਹੈ। ਪਰ ਤੁਸੀਂ ਸੋਹਣੀਆਂ ਸੋਹਣੀਆਂ ਤੇ ਕੀਮਤੀ ਚੀਜ਼ਾਂ ਖਾ ਕੇ ਗੰਦ ਬਾਹਰ ਕਢਦੇ ਹੋ ਅਤੇ ਤੁਹਾਡੇ ਕੋਲੋਂ ਬਦਬੂ ਆਉਂਦੀ ਹੈ। ਤੁਸੀਂ ਕਦੇ ਸੋਚੋ ਤਾਂ ਸਹੀ ਕਿ ਰੱਬ ਨੇ ਤੁਹਾਨੂੰ ਦਿੱਤਾ ਕੀ ਹੈ।

ਤੁਹਾਨੂੰ ਇਕੋ ਚੀਜ਼ ਰੱਬ ਨੇ ਦਿੱਤੀ ਸੀ ਕਿ ਤੁਸੀਂ ਇਸ ਜਾਮੇ ਵਿਚ ਆ ਕੇ ਰੱਬ ਨਾਲ ਮਿਲਾਪ ਕਰਨਾ ਹੈ ਪਰ ਉਹ ਤੁਸੀਂ ਕਰਨਾ ਨਹੀਂ ਚਾਹੁੰਦੇ। ਤੁਹਾਡੇ ਅੰਦਰ ਭੁੱਖ ਹੈ ਕੁਛ ਬਣਨ ਦੀ ਪਰ ਹਥੋਂ ਗੁਆਉਣਾ ਕੁਛ ਨਹੀਂ ਚਾਹੁੰਦੇ। ਸਹੀ ਚੀਜ਼ ਤੁਸੀਂ ਲੈਣੀ ਨਹੀਂ, ਅਤੇ ਨਾ ਹੀ ਉਸ ਸੱਚੀ ਚੀਜ਼ ਦੇ ਤੁਸੀਂ ਆਸ਼ਕ ਬਣੇ ਹੋ। ਤੁਸੀਂ ਰੱਬ ਨੂੰ ਮੰਨਣਾ ਜ਼ਰੂਰ ਹੈ ਪਰ ਉਸ ਦੀ ਗੱਲ ਨਹੀਂ ਮੰਨਣੀ। ਉਸ ਨੂੰ ਆਪਣੀ ਗਰਜ਼ ਲੋੜ ਲਈ ਮੱਥਾ ਜ਼ਰੂਰ ਟੇਕਣਾ ਹੈ ਪਰ ਉਸਦੇ ਕੀਤੇ ਕੰਮ ਤੇ ਕਦੇ ਖੁਸ਼ ਨਹੀਂ ਹੋਣਾ। ਜਿਹੜੀ ਗੱਲ ਤੁਹਾਨੂੰ ਰੱਬ ਦੀ ਚੰਗੀ ਲਗਣੀ ਹੈ, ਉਹ ਤੁਸੀਂ ਮੰਨ ਲੈਣੀ ਹੈ ਪਰ ਜਿਹੜੀ ਚੰਗੀ ਨਹੀਂ ਲਗਣੀ ਉਸ ਬਾਰੇ ਕਈ ਕਈ ਗੱਲਾਂ ਕਰਨ ਲਗ ਪੈਣਾ ਹੈ ਕਿ ਪਹਿਲਾਂ ਵਾਲੇ ਤਾਂ ਮਹਾਂਪੁਰਖ ਇਦਾਂ ਨਹੀਂ ਸੀ ਕਰਦੇ ਹੁਣ ਇਹ ਕਿਉਂ ਕਰਦੇ ਹਾਂ।

ਕਲ ਅਸੀਂ ਇਕ ਜਗ੍ਹਾ ਤੇ ਪੀਸ ਮਾਰਚ ਲਈ ਗਏ। ਉਥੇ ਕੁਛ ਲੋਕਾਂ ਨੇ ਰੌਲਾ ਵਗੈਰਾ ਪਾਇਆ ਤੇ ਉਸਦਾ ਜਵਾਬ ਵੀ ਦਿੱਤਾ ਗਿਆ। ਸਾਨੂੰ ਕੁਛ ਸੇਵਕਾਂ ਨੇ ਕਿਹਾ ਕਿ ਮਹਾਰਾਜ ਜੀ ਸਾਡਾ ਰਸਤਾ ਸ਼ਾਂਤੀ Peace ਦਾ ਹੈ, ਸਾਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ। ਅਸੀਂ ਉਹਨਾਂ ਨੂੰ ਕਿਹਾ ਕਿ ਦੇਖੋ ਅਤ ਖੁਦਾ ਦਾ ਵੈਰ ਹੈ ਅਤੇ

ਉਸ ਵੈਰ ਨੂੰ ਮਾਰਨ ਲਈ ਆਪ ਕੁਛ ਨਹੀਂ, ਬਲਕਿ ਕਰਵਾਉਣਾ ਹੀ ਪੈਂਦਾ ਹੈ। ਜੇ ਸਮੁੰਦਰ ਵਿਚ ਛੱਲ ਨਾ ਆਵੇ ਤਾਂ ਉਸ ਕੋਲੋਂ ਡਰੇਗਾ ਕੌਣ? ਹਰ ਕੋਈ ਆਦਮੀ ਸਮੁੰਦਰ ਨੂੰ ਜ਼ਮੀਨ ਸਮਝ ਕੇ ਉਪਰ ਤੁਰਨ ਦੀ ਕੋਸ਼ਿਸ਼ ਕਰੇਗਾ ਜਿਵੇਂ ਸਰਦੀਆਂ ਵਿਚ ਇਥੇ ਝੀਲਾਂ ਦਾ ਪਾਣੀ ਬਰਫ ਬਣ ਜਾਂਦਾ ਹੈ ਪਰ ਲੋਕ ਜਦ ਉਸਤੇ ਚਲਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਬਰਫ ਟੁੱਟ ਜਾਂਦੀ ਹੈ ਅਤੇ ਆਦਮੀ ਪਾਣੀ ਦੇ ਵਿਚ ਡਿਗ ਕੇ ਮਰ ਜਾਂਦਾ ਹੈ। ਜੇ ਸਮੁੰਦਰ ਨੂੰ ਸ਼ਾਂਤੀ ਦਿੱਤੀ ਹੈ ਤਾਂ ਰੱਬ ਨੇ ਛੱਲ ਵੀ ਦਿੱਤੀ ਹੈ। ਜੇ ਅੱਗ ਨਾਲ ਸਾਡੇ ਫਾਇਦੇ ਹੁੰਦੇ ਹਨ ਤਾਂ ਇਹ ਕਦੇ ਕਦੇ ਗਲਤ ਇਸਤੇਮਾਲ ਕਰਨ ਨਾਲ ਸਾੜ ਵੀ ਸੁਟਦੀ ਹੈ।

ਸੱਚਖੰਡ ਨਾਨਕ ਧਾਮ ਦਾ ਉਪਦੇਸ਼ ਸਾਂਝੀਵਾਲਤਾ ਤੇ ਭਾਈਚਾਰੇ ਦਾ ਹੈ। ਸਚਖੰਡ ਨਾਨਕ ਧਾਮ ਦਾ ਉਪਦੇਸ਼ ਕਿਸੇ ਨੂੰ ਮਾਰਨ ਦਾ ਨਹੀ ਬਲਕਿ ਸੁਆਰਨ ਦਾ ਹੈ। ਕੁਰਬਤ ਹੀ ਖੁਦਾ ਹੈ। ਬੰਦੇ ਦੀ ਨਹੀ ਕਿਉਂਕਿ ਅਸੀ ਨਾਸਵਾਨ ਹਾਂ, ਅਸੀਂ ਰੱਬ ਨਹੀਂ, ਅਸੀਂ ਸੰਤ ਨਹੀ ਹਾਂ, ਤੁਸੀ ਸੇਵਕ ਜਿਸ ਵੀ ਪਿਆਰ ਭਾਵਨਾ ਨਾਲ ਬੁਲਾਂਦੇ ਹੋ, ਉਹ ਤੁਹਾਡੀ ਭਾਵਨਾ ਹੈ। ਤੁਸੀਂ ਸਾਨੂੰ ਚੋਰ ਕਹਿ ਲਓ, ਠਗ ਕਹਿ ਲਓ, ਮਾੜੇ ਤੋਂ ਮਾੜਾ ਲਫਜ਼ ਵਰਤੋ, ਸਾਨੂੰ ਕੋਈ ਗਿਲਾ ਨਹੀਂ ਪਰ ਤੁਸੀਂ ਆਪ ਨਾ ਮਾੜੇ ਬਣਿਓ। ਮੈਂ ਬੁਰਾ ਹਾਂ, ਭੈੜਾ ਹਾਂ, ਮੈਂ ਮਾੜੀਆਂ ਕਰਤੂਤਾਂ ਕਰਦਾ ਹੋਵਾਂਗਾ। ਅਕਸਰ ਮੈਂ ਤੁਹਾਡੇ ਵਾਂਗ ਹੀ ਪੈਦਾ ਹੋਇਆ ਹਾਂ ਕਿਸੇ ਦਰਖਤ ਨੂੰ ਤਾਂ ਲਗਾ ਨਹੀਂ, ਮੇਰੇ ਵਿਚ ਵੀ ਤੁਹਾਡੇ ਵਰਗਾ ਖੂਨ ਹੈ, ਤੁਹਾਡੇ ਵਾਂਗੂ ਹੀ ਮੈਂ ਰੋਟੀ ਖਾਂਦਾ ਹਾਂ, ਪਾਣੀ ਪੀਂਦਾ ਹਾਂ, ਕਪੜੇ ਪਾਂਦਾ ਹਾਂ। ਰੱਬ ਤਾਂ ਮੈਂ ਹੈ ਨਹੀਂ। ਮੈਂ ਭੈੜਾ ਹੋ ਸਕਦਾ ਹਾਂ - ਬੁਰੇ ਕੰਮ ਕਰ ਸਕਦਾ ਹਾਂ, ਮਾੜੇ ਤੋਂ ਮਾੜੇ ਰਸਤੇ ਤੇ ਚਲ ਸਕਦਾ ਹਾਂ। ਤੁਸੀਂ ਨਾਨਕ ਧਾਮ ਵਿਚ ਆਉਣ ਵਾਲਿਓ ਇਹ ਰਸਤੇ ਤੁਸੀਂ ਨਹੀ ਅਪਨਾਉਣੇ। ਤੁਹਾਨੂੰ ਜੇ ਇਥੋਂ ਕੀ ਮਾੜੀ ਚੀਜ਼ ਮਿਲੇ ਤਾਂ ਤੁਹਾਡਾ ਫਰਜ਼ ਬਣਦਾ ਹੈ ਕਿ ਪਿਛੇ ਨਹੀਂ ਹਟਣਾ, ਕਿ ਉਹ ਮਾੜੇ ਹਨ ਤਾਂ ਅਸੀਂ ਪਿਛੇ ਹਟ ਜਾਈਏ ਸਗੋਂ ਉਸ ਮਾੜੇ ਕੰਮ ਨੂੰ ਦੂਰ ਕਰਨ ਵਿਚ ਆਪਣਾ ਹਿੰਸਾ ਪਾਉ। ਕਿ ਮੈਂ ਜੂ ਇਥੇ ਖਰਾਬ ਹੋਇਆ ਹਾਂ ਤਾਂ ਦਸ ਭਰਾ ਹੋਰ ਨਾ ਹੋਣ। ਜੇ ਕੂੜਾ ਪਿਆ ਹੋਵੇ , ਤੁਸੀਂ ਕੂੜੇ ਤੇ ਬਹਿਣਾ ਹੈ ਤਾਂ ਹੋਰ ਨੂੰ ਨਾ ਬਹਿਣ ਦਿਉ, ਪਰ ਦੇਖ ਕੇ ਨਾਨਕ ਧਾਮ ਵਿਚ - ਐਵੇਂ ਨਹੀਂ। ਅਸੀਂ ਇੰਡੀਆ ਵਿਚ ਵੀ ਕਈ ਵਾਰੀ ਕਿਹਾ ਕਰਦੇ ਹਾਂ ਕਿ ਜੇ ਅਸੀਂ ਦੁਨੀਆਂ ਇਕਠੀ ਕਰਨੀ ਹੋਵੇ ਤਾਂ ਜਿੰਨੀ ਮਰਜ਼ੀ ਕੱਠੀ ਕਰ ਲਈਏ। ਕਈ ਵਾਰੀ ਲੋਕ ਸਾਨੂੰ ਕਹਿੰਦੇ ਹਨ ਕਿ ਮਹਾਰਾਜ ਜੀ ਕਈ ਸੇਵਕ ਆਉਂਦੇ ਹਨ ਫਿਰ

ਨਸ ਕਿਉਂ ਜਾਂਦੇ ਹਨ। ਉਹ ਛੱਡ ਕੇ ਤੁਰ ਕਿਵੂੰ ਜਾਂਦੇ ਹਨ। ਤਾਂ ਅਸੀਂ ਹਸ ਕੇ ਟਾਲ ਦਿੰਦੇ ਹਾਂ ਅਤੇ ਸਹੀ ਜਵਾਬ ਨਹੀਂ ਦਿੰਦੇ। ਬਸ ਇਹੋ ਹੀ ਕਹਿੰਦੇ ਹਾਂ ਕਿ ਆਹੋ ਜੀ ਅਸੀਂ ਭੈੜੇ ਸੀ ਖਬਰੇ ਤਾਂ ਚਲੇ ਗਏ ਜਾਂ ਉਸ ਨੂੰ ਸਾਡੇ ਕੋਲੋਂ ਕੁਛ ਪ੍ਰਾਪਤ ਨਹੀਂ ਹੋਇਆ ਤਾਂ ਚਲੇ ਗਏ। ਪਰ ਦੂਜੇ ਪਾਸੇ ਅਸੀਂ ਇਹ ਵੀ ਕਹਿੰਦੇ ਹਾਂ ਕਿ ਅਸੀਂ ਵੀ ਆਪਣੇ ਆਸ਼ਕ ਲਭਣ ਆਏ ਹਾਂ - ਅਸੀਂ ਇਸ਼ਕ ਕਰਨ ਨਹੀਂ ਆਏ। ਚਾਹੇ ਇੰਡੀਆ ਹੋਵੇ ਜਾਂ ਲੰਡਨ ਹੋਵੇ। ਸਾਡੇ ਆਸ਼ਕ ਕਿਥੇ ਹਨ - ਉਹਨਾਂ ਨੂੰ ਨਾਲ ਜੋੜਨਾ ਹੈ। ਜੇ ਅਸੀਂ ਇਸ਼ਕ ਹੀ ਕਰਨਾ ਹੁੰਦਾ ਤਾਂ ਇੰਡੀਆ ਹੀ ਬਥੇਰਾ ਸੀ। ਸਾਨੂੰ ਡਿਊਟੀ ਮਿਲੀ ਹੈ ਤਾਂ ਅਸੀਂ ਆਏ ਹਾਂ।

ਥੋੜੇ ਚਿਰ ਦੀ ਗੱਲ ਹੈ ਕਿ ਇਕ ਜੋੜਾ ਸਾਡੇ ਪਾਸ ਕੈਨੇਡਾ ਤੋਂ, ਪਰੇ ਤੋਂ ਆਇਆ ਸੀ। ਉਸ ਜੋੜੇ ਨੇ ਨਾਮ ਸਾਡੇ ਕੋਲੋਂ ਇਸ ਸੰਗਰਾਂਦ ਤੇ ਲਿਆ ਅਤੇ ਸਾਨੂੰ ਕਹਿਣ ਲੱਗੇ ਕਿ ਮਹਾਰਾਜ ਜੀ ਕਦੇ ਤੁਸੀਂ ਸਾਡੇ ਮੁਲਕ ਵਿਚ ਵੀ ਆਵੋਗੇ? ਤਾਂ ਅਸੀਂ ਜਵਾਬ ਦਿਤਾ ਕਿ ਇਹ ਸਾਡੇ ਵਸ ਨਹੀਂ ਬਲਕਿ ਤੁਹਾਡੇ ਵਸ ਹੈ, ਸਾਨੂੰ ਬੁਲਾਣਾ। ਇਹ ਨਹੀਂ ਕਿ ਤੁਸੀਂ ਸਾਨੂੰ ਟਿਕਟ ਭੇਜੋ ਜਹਾਜ਼ ਦੀ, ਤਾਂ ਮੈਂ ਆਵਾਂਗਾ। ਉਹ ਅਸੀਂ ਚਾਹੀਏ ਤਾਂ ਸਵੇਰੇ ਹੀ ਸਾਰੇ ਮੁਲਕਾਂ ਦਾ ਟੂਰ ਲਾ ਸਕਦੇ ਹਾਂ, ਟਿਕਟ ਦਾ ਸਾਨੂੰ ਕੋਈ ਗਮ ਨਹੀਂ ਪਰ ਤੁਸੀਂ ਜਿਹੜਾ ਸਾਡੇ ਕੋਲੋਂ ਬੇਟਾ ਨਾਮ ਲੈ ਕੇ ਜਾ ਰਹੇ ਹੋ, ਇਸਨੂੰ ਬੈਠ ਕੇ ਧਿਆਉਣਾ, ਜੇ ਕੋਈ ਤਾਕਤ, ਸਾਡੇ ਵਿਚ ਨਹੀਂ, ਉਸ ਨਾਮ ਵਿਚ ਹੋਵੇਗੀ, ਚਾਹੇ ਉਹ ਤਾਕਤ ਰਾਮ ਦੀ ਹੈ, ਚਾਹੇ ਨਾਨਕ ਦੀ ਹੈ, ਚਾਹੇ ਉਹ ਗੁਰੂ ਗੋਬਿੰਦ ਸਿੰਘ ਦੀ, ਚਾਹੇ ਕਿਸੇ ਕ੍ਰਿਸ਼ਨ, ਲਛਮਣ, ਸ਼ਤਰੂਘਨ ਦੀ ਹੈ, ਮੈਨੂੰ ਨਹੀਂ ਪਤਾ, ਚਾਹੇ ਉਹ ਦੇਵੀ ਹੈ, ਭੂਤ ਹੈ, ਉਹ ਤੇਰੇ ਸਾਹਮਣੇ ਆ ਕੇ ਆਪੇ ਖੜ੍ਹੀ ਹੋ ਜਾਵੇਗੀ। ਇਹ ਤੇਰਾ ਕੰਮ ਹੈ ਉਥੇ ਬੁਲਾਣਾ, ਮੇਰਾ ਕੰਮ ਨਹੀਂ। ਮੈਂ ਤਾਂ ਅੱਜ ਤਕ ਕਿਤੇ ਨਹੀਂ ਗਿਆ। ਹੁਣ ਮੈਂ ਕੈਨੀਆ ਵਿਚ ਨਹੀਂ ਗਿਆ। ਸਵਾ ਸਾਲ ਹੋ ਗਿਆ, ਸਾਡੇ ਬਾਬਾ ਜੀ ਦੋ ਵਾਰ ਹੋ ਆਏ ਹਨ। ਉਥੇ ਸਾਡੀ ਫੋਟੋ ਰਖੀ ਹੈ, ਕੁਰਸੀ ਰਖੀ ਹੋਈ ਹੈ। ਲੋਕ ਮਥਾ ਟੇਕਦੇ ਹਨ, ਮੰਗਾਂ ਮੰਗਦੇ ਹਨ, ਉਹਨਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਇਥੇ ਵੀ ਲੋਕਾਂ ਸਾਡੇ ਕੋਲੋਂ ਲੈ ਕੇ ਤੌਲੀਏ ਰੱਖੇ ਹੋਏ ਹਨ, ਅਸੀਂ ਜਿਥੇ ਵੀ ਜਾਂ ਜਿਸ ਦੇ ਵੀ ਘਰ ਜਾ ਕੇ ਬੈਠ ਜਾਂਦੇ ਹਾਂ, ਲੋਕਾਂ ਨੇ ਉਹ ਕੁਰਸੀਆਂ ਉਸੇ ਤਰ੍ਹਾਂ ਹੀ ਰਖੀਆਂ ਹੋਈਆਂ ਹਨ। ਉਸ ਕੁਰਸੀ ਤੇ ਕਿਸੇ ਦੂਜੇ ਨੂੰ ਬਹਿਣ ਹੀ ਨਹੀਂ ਦਿੰਦੇ। ਥੋੜਾ ਬਹੁਤ ਪ੍ਰਸ਼ਾਦ ਸਾਡੇ ਹੱਥੋਂ ਲੈ ਕੇ ਰਖਿਆ ਹੋਇਆ ਹੈ, ਲੋਕ ਦੋ ਪੈਨੀਆਂ ਗੱਦੀ ਅੱਗੇ ਰਖਦੇ ਹਨ ਤੇ

ਮਿਸਰੀ ਦਾ ਪ੍ਰਸ਼ਾਦ ਲੈ ਕੇ ਆਖਦੇ ਹਨ ਕਿ ਮਹਾਰਾਜ ਜੀ ਕ੍ਰਿਪਾ ਕਰਨਾ ਸਰੀਰ ਠੀਕ ਹੋ ਜਾਵੇ। ਉਹ ਠੀਕ ਹੋ ਜਾਂਦੇ ਹਨ। ਫਿਰ ਅਸੀਂ ਇਹ ਕਹਿੰਦੇ ਹਾਂ ਕਿ ਹੋਰ ਇਸ ਨਾਲੋਂ ਸਸਤਾ ਰੱਬ ਕਿੱਦਾਂ ਦਾ ਚਾਹੀਦਾ ਹੈ - ਅਸੀਂ ਤਾਂ ਰੱਬ ਨਹੀਂ। ਅਸੀਂ ਤਾਂ ਤੁਹਾਨੂੰ ਮੁਖਵਾਕ ਦੇ ਛੱਡਿਆ ਹੈ ਕਿ:—

*ਨਾਨਕ ਨਾਮ ਚੜ੍ਹਦੀ ਕਲਾ*

*ਤੇਰੇ ਭਾਣੇ ਸਰਬੱਤ ਦਾ ਭਲਾ।।*

ਨਾ ਤਾਂ ਇਹ ਕਿਸੇ ਗੁਰੂ ਨੇ ਆਖਿਆ, ਨਾ ਰੱਬ ਨੇ, ਨਾ ਕਿਸੇ ਬੰਦੇ ਨੇ। ਇਹ ਕਿਸ ਆਖੇ ਨੇ ਜਿੰਨ ਗੁਰੂ ਗ੍ਰੰਥ ਦੀ ਕੁੰਜੀ ਆਪਣੇ ਹੱਥ ਵਿਚ ਫੜੀ ਸੀ, ਸਾਹਿਬ ਗੁਰੂ ਅਰਜਨ ਦੇਵ ਜੀ ਪਾਸੋਂ। ਜਿਸਨੂੰ ਕੁੰਜੀ ਕਹਿ ਕੇ ਯਾਦ ਕੀਤਾ ਜਾਂਦਾ ਸੀ। ਇਸ ਵਿਚ ਐਨੀ ਕੁ ਰੱਬੀ ਬਖਸ਼ਿਸ਼ ਹੈ ਕਿ ਕਿਹਾ ਨਹੀਂ ਜਾ ਸਕਦਾ। ਅਸੀਂ ਆਪਣੇ ਵਲੋਂ ਕਦੇ ਇਨਕਲਾਬ ਲਿਆਉਂਦੇ ਹਾਂ, ਆਪਣੇ ਤਰੀਕੇ ਦਾ। ਇਹ ਨਹੀਂ ਕਿ ਰੱਬ ਨੂੰ ਮੰਨਣਾ ਨਹੀਂ। ਤੁਸੀਂ ਮੰਦਰ ਜਾਉ ਸਾਨੂੰ ਕੀ ਫਰਕ ਪੈਣਾ ਹੈ। ਪਰ ਸਵਾਲ ਸਿਰਫ ਇਹ ਹੈ ਕਿ ਅਸੀਂ ਕੇਸ ਰਖੇ, ਬਰਦੀ ਪਾਈ, ਮਥੇ ਤਿਲਕ ਲਵਾਇਆ। ਇਹ ਨਿਸ਼ਾਨੀ ਹੈ ਡੀਫੈਂਸ ਦੀ। ਜਿਹੜਾ ਬੰਦਾ ਲੋਕਾਂ ਦੀ ਸੇਵਾ ਕਰਦਾ ਹੈ। ਡੀਫੈਂਸ ਕਿਸੇ ਨੂੰ ਮਾਰਨ ਵਾਸਤੇ ਨਹੀਂ ਹੁੰਦੀ। ਔਖੇ ਵੇਲੇ ਕਿਸੇ ਦਾ ਫਾਇਦਾ, ਭਲਾਈ ਕਰਨ ਵਾਸਤੇ ਹੁੰਦੀ ਹੈ। ਜੇ ਮਿਲਟਰੀ ਐਵੇਂ ਪਿਸਤੌਲ ਜਾਂ ਬੰਦੂਲ ਲੈ ਕੇ ਪਿੰਡ ਵਿਚ ਜਾਂ ਕੇ ਬੰਦੇ ਮਾਰਨ ਲਗ ਪਵੇ ਤਾਂ ਉਹ ਮਿਲਟਰੀ ਕਾਹਦੀ ਹੈ। ਨਾਨਕ ਧਾਮ ਦੀ ਡੀਫੈਂਸ ਦਾ ਕੀ ਕੰਮ ਹੈ ਕਿ ਜਿਹੜਾ ਬੰਦਾ ਮਰੀਜ਼ ਦਰਬਾਰ ਵਿਚ ਆਉਂਦਾ ਹੈ ਅਤੇ ਉਹ ਚਲ ਨਹੀਂ ਸਕਦਾ, ਉਸ ਨੂੰ ਪਿਆਰ ਨਾਲ ਫੜ ਕੇ ਲਿਆ ਕੇ ਠੀਕ ਤਰ੍ਹਾਂ ਨਾਲ ਬਿਠਾਇਆ ਜਾਵੇ, ਜਾਂ ਜਿਹੜਾ ਬੰਦਾ ਐਵੇ ਫਜ਼ੂਲ ਰੌਲਾ ਰੱਪਾ ਪਾਉਂਦਾ ਹੈ ਉਸਦੇ ਦੋ ਧਰ ਦਿੱਤੀਆਂ ਜਾਣ। ਉਸ ਨਾਲ ਕੋਈ ਫਰਕ ਨਹੀਂ ਪੈਂਦਾ। ਹੋਰ ਇਸ ਡੀਫੈਂਸ ਦਾ ਕੀ ਕੰਮ ਹੈ ਕਿ ਬਰਦੀ ਪਾਈ ਹੋਵੇਗੀ ਲੰਗਰ ਵਿਚ ਜਾਂ ਹੋਰ ਕਿਤੇ ਸੇਵਾ ਕਰਦਾ ਹੋਵੇਗਾ ਤਾਂ ਸਵੱਛਤਾ ਹੋਵੇਗੀ, ਮਨ ਸਾਫ ਰਹੇਗਾ ਅਤੇ ਉਸ ਨੂੰ ਪਤਾ ਰਹੇਗਾ ਕਿ ਮੈਂ ਕਿਸੇ ਦੀ ਨੌਕਰੀ ਕਰਦਾ ਹਾਂ। ਰੋਟੀ ਵਰਤਾਉਣ ਵੇਲੇ ਉਸ ਦੀ ਭਾਵਨਾ ਸ਼ੁਧ ਹੋਵੇਗੀ ਅਤੇ ਖਾਣ ਵਾਲੇ ਦੀ ਭਾਵਨਾ ਵੀ ਉਹੋ ਹੀ ਬਣ ਜਾਵੇਗੀ। "ਜੈਸਾ ਅੰਨ ਤੈਸਾ ਮਨ" ਗੰਦੇ ਮੰਦੇ ਜੇ ਤੁਹਾਡੇ ਹਥ ਹੋਣ ਤਾਂ ਤੁਸੀਂ ਵੀ ਕਿਸੇ ਹਥੋਂ ਚੀਜ਼ ਨਹੀਂ ਫੜਦੇ। ਕਈਆਂ ਨੂੰ ਤਾਂ ਆਦਮੀ ਦਾ ਰੰਗ ਕਾਲਾ ਦੇਖ ਕੇ ਕਰੀਚ ਆਉਣ ਲਗ ਜਾਂਦੀ ਹੈ।

ਬਰਦੀ ਇਕ ਡੀਫੈਂਸ ਹੈ। ਇਹ ਬਰਦੀ ਇਕ ਤਿਲਕ ਅਤੇ ਹਿੰਦੁਸਤਾਨ ਦੇ ਵਿਚ ਨਾਨਕ ਨਾਮ ਚੜ੍ਹਦੀ ਕਲਾ ਦਾ ਨਾਅਰਾ ਦੇਣਾ ਕੋਈ ਮਾਮੂਲੀ ਗਲ ਨਹੀਂ। ਤੁਹਾਨੂੰ ਸਾਰਿਆਂ ਨੂੰ ਆਪਣੇ ਗੁਰੂਆਂ ਕੋਲੋਂ, ਧਰਮਾਂ ਕੋਲੋਂ, ਮਜ਼ਹਬਾਂ ਕੋਲੋਂ, ਮੰਦਰਾਂ ਤੇ ਗੁਰਦੁਆਰਿਆਂ ਕੋਲੋਂ ਇਸ ਨੂੰ ਅਪਣਾਉਣ ਲਈ ਡਰ ਲਗਦਾ ਹੈ, ਕੀ ਸਾਨੂੰ ਕੋਈ ਡਰ ਨਹੀਂ ਸੀ। ਸਾਡਾ ਕੋਈ ਗੁਰੂ ਰੱਬ ਨਹੀਂ ਹੋਵੇਗਾ ਕਿ ਅਸੀਂ ਇਹ ਕੀ ਰੱਟਾ ਆਪਣੀ ਜਾਨ ਨੂੰ ਪਾਣ ਲੱਗੇ ਹਾਂ। ਅੱਜ ਜਿੰਨੇ ਵੀ ਤੁਸੀਂ ਇਥੇ ਬੈਠੇ ਹੋ, ਤੁਹਾਨੂੰ ਕਿਸੇ ਨੇ ਕਦੀ ਗਾਲ ਕਢੀ ਹੈ? ਸਾਡਾ ਨਾਂ ਹੀ ਲੈਂਦੇ ਹਨ ਕਿ ਦਰਸ਼ਨ ਦਾਸ ਕੋਲ ਮਤ ਜਾਉ। ਮੰਦਰਾਂ ਤੇ ਗੁਰਦੁਆਰਿਆਂ ਵਿਚ ਆਮ ਕਹਿੰਦੇ ਹਨ ਸ਼ਾਇਦ ਮਸੀਤਾਂ ਵਿਚ ਵੀ ਕਹਿੰਦੇ ਹੋਣਗੇ।

ਫਿਰ ਇਕ ਬੜੀ ਹੈਰਾਨੀ ਦੀ ਗਲ ਹੈ ਕਿ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ, ਹਰ ਹਰ ਮਹਾਂਦੇਵ, ਪੈਰੀਂ ਪੈਂਦੇ ਹਾਂ, ਨਮਸਕਾਰ, ਨਮਸਤੇ, ਥੈਂਕ ਯੂ, ਜਾਂ ਮੈਨੀ ਮੈਨੀ ਥੈਂਕ ਯੂ, ਕਹਿਣ ਦੇ ਬਹੁਤ ਸਾਧਨ ਹਨ, ਫਿਰ ਨਾਨਕ ਨਾਮ ਚੜ੍ਹਦੀ ਕਲਾ ਕਿਉਂ ਚੁਣਿਆ ਗਿਆ? ਕਿਉਂ? ਕਾਹਦੇ ਲਈ।

ਕੀ ਗੱਲ ਅਸੀਂ ਕੋਈ ਨਵਾਂ ਧੰਦਾ ਚਲਾਣਾ ਸੀ?

ਜੇ ਚਲਦੇ ਧੰਦਿਆਂ ਨਾਲ ਹੀ ਸਾਨੂੰ ਸਭ ਕੁਛ ਮਿਲ ਸਕਦਾ ਸੀ ਤਾਂ ਕਿਉਂ ਅਸੀਂ ਇਹ ਐਨਾ ਖਲਾਰਾ ਖਲਾਰਿਆ। ਅਸੀਂ ਵੀ ਅੰਮ੍ਰਿਤ ਛਕਾਉਂਦੇ। ਜਿਹੜੇ ਬੰਦੇ ਸਾਡੇ ਨਾਲ ਬਰਦੀਆਂ ਪਾ ਕੇ ਖਲੋ ਸਕਦੇ ਹਨ, ਬਰਦੀਆਂ ਪਾ ਕੇ, ਬਿਨ ਬੁਲਾਇਆਂ ਆ ਸਕਦੇ ਹਨ, ਅਸੀਂ ਉਹਨਾਂ ਨੂੰ ਵੀ ਅੰਮ੍ਰਿਤ ਛਕਾਉਂਦੇ ਤੇ ਆਪ ਵੀ ਛਕਦੇ। ਉਹਨਾਂ ਨੂੰ ਵੀ ਕਹਿੰਦੇ ਕਿ ਵਾਹਿਗੁਰੂ ਜੀ ਕਾ ਖਾਲਸਾ ਕਹੀ ਜਾਉ ਅਤੇ ਮੈਂ ਵੀ ਕਹੀ ਜਾਂਦਾ। ਅਸੀਂ ਕਿਉਂ ਕਰੀਏ?

## *ਅਜ ਲੋੜ ਹੈ ਚੜ੍ਹਦੀ ਕਲਾ ਦੀ ਜਿਸ ਤੇ ਅਸੀਂ ਮਿਸ਼ਨ ਦੀ ਬੁਨਿਆਦ ਰਖੀ ਹੈ।*

ਕਈ ਲੋਕ ਸਾਨੂੰ ਕਹਿੰਦੇ ਹਨ ਕਿ ਤੁਸੀਂ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਕਿਉਂ ਨਹੀਂ ਕਹਿੰਦੇ ਤਾਂ ਅਸੀਂ ਕਈ ਵਾਰੀ ਛੋਟਾ ਜਿਹਾ ਜਵਾਬ ਦਿੰਦੇ ਹਾਂ ਕਿ ਅਸੀਂ ਤਾਂ ਨੌ ਗੁਰੂਆਂ ਨੂੰ ਮੰਨਦੇ ਹਾਂ, ਦਸਵੇਂ ਨੂੰ ਨਹੀਂ। ਅਸੀਂ ਸਿੰਘ ਨਹੀਂ ਹਾਂ। ਸਿੰਘ ਬਣਾਂਗੇ, ਕਦੇ ਵਕਤ ਆਏਗਾ ਤਾਂ। ਕੋਈ ਪਿਆਰਾ ਲਭੇਗਾ

ਅੰਮ੍ਰਿਤ ਛਕਾਉਣ ਵਾਲਾ ਤਾਂ ਸ਼ਾਇਦ ਸਾਰੇ ਜਣੇ ਰਲਕੇ ਛਕ ਲਈਏ ਪਰ ਕੋਈ ਪਿਆਰਾ ਲਭਦਾ ਨਹੀਂ। ਕਰੀਏ ਕੀ? ਮੈਂ ਆਪ ਖੁਦ ਭੈੜਾ ਹਾਂ ਮੈਂ ਤੁਹਾਨੂੰ ਰਸਤਾ ਕੀ ਦੇਵਾਂ? ਮੈਂ ਜੇ ਤੁਹਾਨੂੰ ਪੁੱਠ ਰਸਤੇ ਪਾਵਾਂ ਤਾਂ ਤੁਸੀਂ ਮੇਰੇ ਕੋਲ ਨਾ ਆਉਣਾ।

ਮੇਰੇ ਖਿਆਲ ਦੇ ਮੁਤਾਬਕ - ਇਕ ਸਵਾਲ ਹੈ ਜਿਵੇਂ ਲੋਕ ਕਹਿੰਦੇ ਹਨ ਕਿ ਘੁਮਿਆਰੀ ਆਪਣਾ ਹੀ ਭਾਂਡਾ ਜਿਆਦਾ ਸਰਾਉਂਦੀ ਹੈ - ਅਸੀਂ ਵੀ ਸ਼ਾਇਦ ਨਾਨਕ ਧਾਮ ਨੂੰ ਸਰਾਉਂਦੇ ਹੋਈਏ ਪਰ ਇਹ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ" ਨਾ ਮੇਰੇ ਪਿਉ ਦਾ ਨਾਂ ਹੈ ਨਾ ਇਹ ਕਿਸੇ ਮਾਂ ਦਾ ਨਾਂ ਹੈ - ਨਾ ਮੇਰੇ ਕਿਸੇ ਜਨਮ ਦਾ ਨਾਂ ਹੈ ਕਿ ਮੈਂ ਬ੍ਰਾਹਮਣਾਂ ਦੇ ਘਰ ਜੰਮਿਆ ਹਾਂ, ਨਾ ਮੇਰੀ ਜਾਤ ਦਾ ਨਾਂ ਹੈ ਜੋ ਮੈਂ ਤੁਹਾਨੂੰ ਪੜ੍ਹਾਉਣਾ ਚਾਹੁੰਦਾ ਹਾਂ। ਇਹ ਤਿਲਕ ਸੰਧੂਰ ਦਾ ਲਾਉਣਾ, ਇਹ ਕਿਹੜੇ ਗੁਰੂ ਦੇ ਵਕਤ ਨਹੀਂ ਲੱਗਾ, ਇਹ ਕਦੋਂ ਲਗਾ ਜਦੋਂ ਉਹ ਉਹਦੇ ਨਾਲ ਸਹਿਮਤ ਹੋ ਗਿਆ। ਮਹਾਰਾਜ ਨੇ ਆਪਣੀ ਫੌਜ ਤੇ ਭੇਜਿਆ ਪ੍ਰਮਾਤਮਾ ਰਾਖਾ ਬਣਿਆ ਤੇ ਅੱਜ ਵੀ ਇਸ ਤਿਲਕ ਦੀ ਵਡਿਆਈ ਹੈ। ਇਸਦਾ ਮਤਲਬ ਇਹ ਨਹੀਂ ਕਿ ਤੁਸੀਂ ਜੇ ਤਿਲਕ ਲਾ ਲਵੋਗੇ ਤਾਂ ਬ੍ਰਾਹਮਣ ਬਣ ਜਾਵੋਗੇ। ਰਹਿਣਾ ਤਾਂ ਤੁਸੀ ਉਸੇ ਘਰ ਹੀ ਹੈ ਜਿਸ ਵਿਚ ਤੁਸੀਂ ਜੰਮੇ ਹੋ।.

ਰਾਮ ਨੇ ਆਪਣੇ ਵੇਲੇ ਵਿਚ ਕਹਿੰਦੇ ਹਨ ਕਿ ਸ਼ੇਰ ਤੇ ਬਕਰੀ ਨੂੰ ਇਕ ਘਾਟ ਤੇ ਪਾਣੀ ਪਿਲਾਇਆ ਹੈ ਪਰ ਬਕਰੀ ਨੂੰ ਸ਼ੇਰ ਨਹੀਂ ਬਣਾਇਆ। ਉਹਨਾਂ ਦੀ ਨਸਲ ਉਹੋ ਹੀ ਰਖੀ ਹੈ। ਰੱਬ ਨੇ ਨਾ ਜਾਤਾਂ ਪਾਤਾਂ ਬਣਾਈਆਂ ਹਨ ਅਤੇ ਨਾ ਹੀ ਉਹ ਬਦਲੇਗਾ। ਇਹ ਅਸੀ ਆਪ ਹੀ ਬਣਾਈਆਂ ਹਨ - ਆਪੇ ਹੀ ਬਦਲ ਲੈਣੀਆਂ ਹਨ। ਬਚੇ ਕ੍ਰਿਸਚਨ ਹੋ ਜਾਣ, ਦੂਜੇ ਧਰਮਾਂ ਨੂੰ believe ਕਰ ਲੈਣ। ਕੋਈ ਕੇਸ ਰਖ ਲਵੇ ਜਾਂ ਕਟਾ ਲਵੇ ਨਾ ਰਖੇ, ਰੱਬ ਨਾਲ ਇਸ ਦਾ ਕੋਈ ਮਤਲਬ ਨਹੀਂ। ਰੱਬ ਦਾ ਮਤਲਬ ਤੁਹਾਡੀ ਆਤਮਾ ਨਾਲ ਹੈ, ਤੁਹਾਡੀ ਅੰਦਰਲੀ ਬਿਰਤੀ ਨਾਲ ਹੈ। ਤੁਸੀਂ ਜਿਥੇ ਜਾ ਕੇ ਮਰਜ਼ੀ ਮੰਨਤ ਮੰਨ ਲਵੋ ਅਤੇ ਸੁਖਣਾ ਸੁਖ ਲਵੋ। ਕਾਰ ਚਲਾਉਂਦੇ ਜਾ ਰਹੇ ਹੋ ਉਥੇ ਕੋਈ ਮੰਦਰ ਨਹੀਂ ਹੁੰਦਾ, ਤੁਹਾਡੇ ਸਾਹਮਣੇ ਗ੍ਰੰਥ ਨਹੀਂ ਪਿਆ ਹੁੰਦਾ - ਤੁਹਾਡੇ ਕੋਲ ਕੋਈ ਗੁਰੂ ਨਹੀਂ ਖਲੋਤਾ ਹੁੰਦਾ, ਤੁਹਾਡੇ ਸਾਹਮਣੇ ਕੋਈ ਰੱਬ ਨਹੀਂ ਖਲੋਤਾ ਹੁੰਦਾ, ਤੁਹਾਡੇ ਸਾਹਮਣੇ ਕੋਈ ਝੰਡਾ ਨਹੀਂ ਲਗਾ ਹੁੰਦਾ, ਫਿਰ ਵੀ ਕਦੇ ਜਦ ਗੱਡੀ ਵਜ੍ਹਣ ਲਗਦੀ ਹੈ ਤਾਂ ਇਕ ਦਮ ਕਹਿੰਦੇ ਹੋ ੳ ਪ੍ਰਮਾਤਮਾ, ਹਾਏ ਵਾਹਿਗੁਰੂ, ਹੇ ਅੱਲਾ, ਹੇ ਰਾਮ - ਮੈਨੂੰ ਬਚਾਈਂ। ਤੁਸੀ ਬਚ ਜਾਂਦੇ ਹੋ। ਫਿਰ ਕਹਿੰਦੇ ਹੋ ਦੇਖਿਆ ਅਸੀਂ ਬਚ ਗਏ। ਮੋਟਰ

ਕਾਰ ਵਿਚ ਰੱਬ ਕਿਥੋਂ ਆ ਗਿਆ। ਰੱਬ ਤਾਂ ਵੜਿਆ ਹੋਇਆ ਹੈ ਗੁਰਦੁਆਰੇ ਵਿਚ, ਜਾਂ ਮੰਦਰ ਵਿਚ - ਉਹ ਮੋਟਰ ਵਿਚ ਕਿਵੇਂ ਤੁਹਾਨੂੰ ਬਚਾ ਕੇ ਚਲਾ ਗਿਆ। ਇਹ ਇਸ ਕਰਕੇ ਕਿ ਉਹ ਸਰਬ ਸ਼ਕਤੀਮਾਨ ਹੈ। ਉਹਦਾ ਕੋਈ ਵੀ ਧਾਮ ਨਹੀ ਹੈ। ਜੇ ਨਾਨਕ ਧਾਮ ਵੀ ਹੈ ਤਾਂ ਇਹ ਉਹਦੇ ਲਈ ਨਹੀ ਹੈ ਇਹ ਤਾਂ ਤੁਹਾਡੇ ਲਈ ਹੈ ਕਿ ਤੁਸੀ ਉਥੇ ਜਾ ਕੇ ਇਕੱਠੇ ਹੋ ਸਕੋ। ਅਜ ਤੁਸੀ ਇਸੇ ਸਾਊਥਾਲ ਵਿਚ ਹਾਲ ਵਿਚ ਆ ਕੇ ਬੈਠੇ ਹੋ, ਇਥੇ ਤਾਂ ਸਚਖੰਡ ਨਾਨਕ ਧਾਮ ਨਹੀਂ, ਕੋਈ ਗੁਰੂ ਨਹੀਂ। ਕੀ ਲੈਣ ਆਏ ਹੋ ਇਥੇ? ਜਿਸ ਭਾਵਨਾ ਨਾਲ ਤੁਸੀ ਬੈਠੇ ਹੋ ਤੁਹਾਨੂੰ ਮਿਲ ਜਾਂਦੀ ਹੈ ਇਹ ਤੁਹਾਡੀ ਭਾਵਨਾ ਤੇ ਨਿਰਭਰ ਹੈ:—

***ਤਹਾ ਬੈਕੁੰਠ ਜਹਾ ਸਾਧ ਪਗੁ ਧਰੇ।।***

ਜਿਥੇ ਸਾਧ ਸੰਗਤ ਦੇ ਚਰਨ ਪੈ ਜਾਂਦੇ ਹਨ ਉਹ ਜਗ੍ਹਾ ਪਵਿਤਰ ਹੋ ਜਾਂਦੀ ਹੈ।

***ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ।।***

ਅੱਜ ਅਸੀ ਸਾਰੇ ਸੰਤ ਸਮਾਜ ਵਿਚ ਬੈਠੇ ਹਾਂ ਤੁਸੀ ਥਲੇ ਹੋ ਮੈਨੂੰ ਜ਼ਰਾ ਉਚਾ ਬਿਠਾ ਰਖਿਆ ਹੈ ਪਰ ਦਰਜਾ ਸਾਡਾ ਫਿਰ ਵੀ ਨੀਵਾਂ ਹੈ ਕਿਉਂਕਿ ਤੁਸੀ ਵੀਹ ਹਿਸੇ ਹੋ ਤੇ ਅਸੀ ਇਕ ਹਿਸਾ ਹਾਂ। ਕਈ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਹੀਂ ਬਹਿਣਾ ਚਾਹੀਦਾ। ਅਸੀ ਇਕ ਦਿਨ ਇਹ ਗੱਲ ਸੁਣ ਕੇ ਹੱਸ ਪਏ ਅਤੇ ਆਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪੰਜ ਫੁਟ ਅੱਠ ਇੰਚ ਕੱਦ ਸੀ ਅਤੇ ਉਹਨਾਂ ਦੇ ਮਾਮੇ ਕਿਰਪਾਲ ਜੀ ਦਾ ਛੇ ਫੁਟ ਚਾਰ ਇੰਚ ਸੀ। ਉਹ ਗੁਰੂ ਸਾਹਿਬ ਦੇ ਨਾਲ ਖਲੋਤੇ ਕਿੰਨੇ ਹੀ ਉੱਚੇ ਲਗਦੇ ਸਨ ਪਰ ਮਹਾਰਾਜ ਜੀ ਨੇ ਕਦੇ ਨਹੀਂ ਕਿਹਾ ਕਿ ਤੁਸੀ ਐਨੇ ਉਚੇ ਹੋ। ਰੱਬ ਦਾ ਕੋਈ ਕੱਦ ਨਹੀਂ ਹੈ? ਉਚੇ ਨੀਵੇਂ ਛੋਟੇ ਬੜੇ ਇਹ ਸਭ ਭਾਵਨਾ ਹੈ। ਮਹਾਰਾਜ ਨੇ ਮਕਾ ਚਾਰੇ ਪਾਸੇ ਘੁੰਮਾ ਦਿਤਾ - ਉਹਨਾਂ ਦੇ ਭਰਮ ਖਤਮ ਕਰਨ ਲਈ ਅਤੇ ਇਹ ਵੀ ਦਸਿਆ ਕਿ ਮੱਕਾ ਚਾਰੇ ਪਾਸੇ ਹੈ ਤੁਹਾਡੇ ਅੰਦਰ ਉਹ ਚੀਜ਼ ਹੋਣੀ ਚਾਹੀਦੀ ਹੈ ਫਿਰ ਤੁਹਾਨੂੰ ਸਭ ਕੁਛ ਮਿਲੇਗਾ।

***ਨਾਨਕ ਨਾਮ ਚੜ੍ਹਦੀ ਕਲਾ***

***ਤੇਰੇ ਭਾਣੇ ਸਰਬੱਤ ਦਾ ਭਲਾ।।***

*ਨਾਨਕ ਨਾਮ ਚੜ੍ਹਦੀ ਕਲਾ।*

*ਤੇਰੇ ਭਾਣੇ ਸਰਬੱਤ ਦਾ ਭਲਾ।।*

ਮਾਝ ਮਹਲਾ 5 ਘਰੁ 4।।

*ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰ।।*

*ਮਨੁ ਤਨੁ ਰਤਾ ਸਚੁ ਰੰਗਿ ਇਕੋ ਨਾਮੁ ਅਧਾਰੁ।।*

ਅਜ ਦਾ ਦਿਹਾੜਾ ਸਾਵਣ ਮਹੀਨੇ ਦਾ ਹੈ। ਅਜ ਦੇ ਸ਼ੁਭ ਦਿਹਾੜੇ ਤੇ ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਡੇ ਇਸ ਮਨੁੱਖ ਜਾਮੇ ਨੂੰ ਆਪਣੇ ਇਸ ਸੁੰਦਰ ਉਪਦੇਸ਼ ਦੇ ਰਾਹੀਂ ਇਸ ਸਾਵਣ ਦੇ ਮਹੀਨੇ ਦੀ ਬਾਬਤ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਸਾਵਣ ਦੇ ਮਹੀਨੇ ਵਿਚ ਬਰਸਾਤੀ ਮੌਸਮ ਹੁੰਦਾ ਹੈ, ਪਤਝੜ ਤੋਂ ਬਾਅਦ ਇਕ ਹਰਿਆਵਲ ਜਹੀ ਛਾ ਜਾਂਦੀ ਹੈ। ਸਰਸੋਂ ਵਰਗੇ ਫੁੱਲ ਖਿੜਦੇ ਹਨ। ਉਹ ਸਰਸੋਂ ਦਾ ਜੋ ਰੰਗ ਹੈ ਉਹ ਅਕਾਲ ਪੁਰਖ ਦੇ ਬਾਣੇ ਦਾ ਰੰਗ ਹੈ ਜਿਸ ਨੂੰ ਵਿਸ਼ਨੂੰ ਸਰੂਪ, ਬ੍ਰਹਮ ਸਰੂਪ ਤੇ ਪਾਰਬ੍ਰਹਮ ਸ਼ਿਵ ਸਰੂਪ ਆਖਦੇ ਹਾਂ। ਜਿਸ ਤਰ੍ਹਾਂ ਸਰਸੋਂ ਨਾਮ ਦੇ ਨਾਲ ਉਸਦੇ ਰੰਗ ਦਾ ਕੋਈ ਤਲੋਕਾਤ ਨਹੀਂ ਇਸੇ ਤਰ੍ਹਾਂ ਸਾਡੇ ਇਸ ਮਨੁੱਖ ਜਾਮੇ ਨਾਲ ਸਾਡੀ ਇਸ ਰੂਹ ਦਾ ਕੋਈ ਸੰਬੰਧ ਨਹੀਂ ਹੈ। ਸਾਡੀ ਇਹ ਆਤਮਾ ਕਾਫੀ ਸਮਿਆਂ ਤੋਂ ਦੁਖ ਮੁਸੀਬਤਾਂ ਝਲਦੀ ਹੋਈ ਅਲਗ ਅਲਗ ਜਾਮਿਆਂ ਵਿਚ ਚਲੀ ਆ ਰਹੀ ਹੈ, ਜਿਸ ਤਰ੍ਹਾਂ ਅਸੀਂ ਕਈ ਵਾਰੀ ਸਤਿਸੰਗਾਂ ਵਿਚ ਮਿਸਾਲ ਦਿੱਤੀ ਹੈ ਕਿ ਪ੍ਰਮਾਤਮਾ ਨੇ

ਸਾਨੂੰ ਇਹ ਕਾਫੀ ਸੁਨਹਿਰਾ ਮੌਕਾ ਦਿਤਾ ਹੈ ਕਿ ਅਸੀਂ ਸਰੀਰ ਵਿਚ ਪ੍ਰਮਾਤਮਾ ਨੂੰ ਮਿਲ ਸਕੀਏ। ਕਈ ਵਾਰੀ ਸਾਡੇ ਇਹ ਸਰੀਰ ਵਿਚ ਇਕ ਤਾਂਘ ਜਿਹੀ ਪੈਦਾ ਹੁੰਦੀ ਹੈ ਉਹ ਤਾਂਘ ਹੈ ਪ੍ਰਮਾਤਮਾ ਦੇ ਵਸਲ ਦੀ ਪ੍ਰਮਾਤਮਾ ਦੇ ਮਿਲਾਪ ਦੀ ਜਾਂ ਉਸ ਨਾਲ ਜੁੜਨ ਦੀ। ਜਿਸ ਤਰ੍ਹਾਂ ਫੁਲਾਂ ਦੇ ਰੰਗ ਦਾ ਹੇਠਾਂ ਟਾਹਣੀ ਦੇ ਰੰਗ ਨਾਲ ਕੋਈ ਸੰਬੰਧ

ਨਹੀਂ ਹੁੰਦਾ। ਪਾਣੀ ਜ਼ਿਆਦਾ ਦੇਣ ਨਾਲ ਖੇਤੀ ਮਰ ਜਾਂਦੀ ਹੈ - ਕਿਸਾਨ ਨੂੰ ਬੜੀ ਸੋਚ ਸਮਝ ਕੇ ਖੇਤੀ ਨੂੰ ਪਾਣੀ ਦੇਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਇਸ ਸਰੀਰ ਨੂੰ ਚਲਾਉਣ ਲਈ ਹਮੇਸ਼ਾਂ ਸੋਚ ਸਮਝ ਕੇ ਇਸ ਵਿਚ ਖਿਆਲ ਅਤੇ ਖੁਰਾਕ ਪਾਉਣੀ ਚਾਹੀਦੀ ਹੈ। ਅਸੀਂ ਕਈ ਵਾਰੀ ਆਖਦੇ ਹਾਂ ਕਿ ਮਾੜੇ ਖਿਆਲ ਸਰੀਰ ਨੂੰ ਮਾੜਾ ਬਣਾ ਦਿੰਦੇ ਹਨ। ਮਾੜੀ ਖੁਰਾਕ ਸਰੀਰ ਨੂੰ ਰੋਗ ਲਾ ਦਿੰਦੀ ਹੈ, ਇਸੇ ਤਰ੍ਹਾਂ ਹੀ ਸਾਡੀ ਆਤਮਾ ਜਿਹੜੀ ਕਿ ਮਨ ਦੇ ਤਾਬੇ ਥਲੇ ਲਿਬੜੀ ਪਈ ਹੈ, ਜਾਂ ਇਸ ਨੂੰ ਮਨ ਤੋਂ ਆਜ਼ਾਦੀ ਦੁਆਉਣ ਵਾਸਤੇ ਜੋ ਸਾਹਿਬ ਨੇ ਆਸਾਨ ਤੇ ਸੌਖਾ ਤਰੀਕਾ ਬਿਆਨ ਕੀਤਾ ਹੈ ਉਹ ਹੈ ਨਾਮ।

ਅਸੀਂ ਨਾਮ ਲੈ ਕੇ ਵੀ ਉਸ ਦੀ ਕਮਾਈ ਨਹੀਂ ਕਰਦੇ, ਇਹ ਵੀ ਕਈ ਵਾਰੀ ਸਵਾਲ ਪੈਦਾ ਹੁੰਦਾ ਹੈ ਕਿ ਸਾਨੂੰ ਕੋਈ ਰੌਸ਼ਨੀ, ਕੋਈ ਲਾਈਟ, ਦੀ ਚੰਗਿਆੜੀ ਨਜ਼ਰ ਨਹੀਂ ਆਉਂਦੀ। ਅਸੀਂ ਕਈ ਵਾਰੀ ਮਿਸਾਲ ਦੇ ਕੇ ਸਮਝਾਂਦੇ ਹਾਂ ਕਿ ਜੇ ਡਾਕਟਰ ਪਾਸੋਂ ਦਵਾਈ ਲੈ ਲਈ ਜਾਵੇ ਤਾਂ ਉਹ ਖਾਧੀ ਨਾ ਜਾਏ ਜਾਂ ਆਲੇ 'ਚ ਰਖ ਦਿਤੀ ਜਾਏ ਤਾਂ ਉਸਦਾ ਰੋਗ ਕਿਸ ਤਰ੍ਹਾਂ ਕਟਿਆ ਜਾਵੇਗਾ। ਇਸੇ ਤਰ੍ਹਾਂ ਹੀ ਸਾਡੀ ਆਤਮਾ ਜੁਗਾਂ ਜੁਗਾਂਤਰਾਂ ਤੋਂ ਉਸ ਪ੍ਰਮਾਤਮਾ ਦੇ ਅੰਮ੍ਰਿਤ ਦੀ ਪਿਆਸੀ ਹੈ। ਗੁਰੂ ਅਮਰਦਾਸ ਮੇਹਾਰਾਜ ਜੀ ਤਾਂ ਇਹ ਬਿਆਨ ਕਰਦੇ ਹਨ:—

*।।ਮਿਲ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ।।*

*।।ਮੈਂ ਨੈਣੀ ਨੀਂਦ ਨਾ ਆਵੈ ਭਾਵੈ ਅੰਨੁ ਨ ਪਾਣੀ।।*

ਹੇ ਦਾਤਾ ਮੈਨੂੰ ਤੇਰੇ ਤੋਂ ਬਗੈਰ ਹੁਣ ਚੈਨ ਨਹੀਂ, ਨੀਂਦਰ ਨਹੀਂ, ਖੁਸ਼ੀ ਨਹੀਂ, ਭੁੱਖ ਨਹੀ ਲਗਦੀ, ਪਿਆਸ ਨਹੀਂ ਲਗਦੀ - ਇਹ ਆਤਮਾ ਦੀ ਭੁਖ ਅਤੇ ਪਿਆਸ ਹੈ।

*।।ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤੁ ਭੁਚੰਹੁ।।*

ਆਤਮਾ ਉਸ ਅੰਮ੍ਰਿਤ ਨਾਮ ਦੀ ਖੁਰਾਕ ਮੰਗਦੀ ਹੈ ਜਿਸ ਨਾਲ ਉਹਦੀ ਤ੍ਰਿਪਤੀ ਸੰਤੋਖ ਔਰ ਸਿੱਦਕ ਸਬਰ ਉਸਨੂੰ ਹਾਸਲ ਹੋਣਾ ਹੈ। ਕਾਫੀ ਸਮਿਆਂ ਤੋਂ ਸੰਤ ਮਹਾਤਮਾ ਆਪਣੇ ਸਤਿਸੰਗਾਂ ਦੇ ਰਾਹੀਂ ਸਾਨੂੰ ਸਮਝਾਉਂਦੇ ਆਏ ਔਰ ਸਮਝਾ ਕੇ ਚਲੇ ਗਏ। ਕਈਆਂ ਲੋਕਾਂ ਨੇ ਉਨ੍ਹਾਂ ਦੇ ਦਸੇ ਹੋਏ ਰਸਤਿਆਂ ਨੂੰ ਆਪਣੀ ਇੱਛਾ ਮੁਤਾਬਕ ਛੋਟੇ ਛੋਟੇ ਦਾਇਰਿਆਂ ਵਿਚ ਤਕਸੀਮ ਕਰ ਦਿਤਾ, ਵੰਡ ਦਿਤਾ ਅਤੇ ਉਹਨਾਂ ਰਾਹੀਂ ਝਗੜੇ ਔਰ ਬਖੇੜੇ ਖੜੇ ਕਰ ਲਏ। ਆਪਣੇ ਮਨਾਂ ਦੀਆਂ ਦੀਵਾਰਾਂ ਅਤੇ ਵਲਗਣਾਂ ਵਲ

ਲਈਆਂ, ਦਰਾੜਾਂ ਪਾ ਦਿਤੀਆਂ - ਕਾਹਦੇ ਲਈ? ਸਿਰਫ ਆਪਣੀ ਵਡਿਆਈ ਲਈ ਨਾ ਕਿ ਪ੍ਰਮਾਤਮਾ ਦੀ ਮਹਿਮਾ ਅਤੇ ਜਸ ਲਈ। ਗੁਰਬਾਣੀ ਗੁਰੂ ਗ੍ਰੰਥ, ਰਮਾਇਣ ਅਤੇ ਗੀਤਾ, ਕੁਰਾਨ ਅਤੇ ਬਾਈਬਲ - 6 ਸ਼ਾਸਤਰ ਤੇ ਚਾਰ ਵੇਦ, 18 ਪੁਰਾਨ ਤੇ 9 ਕੁਰਾਨ, 12 ਵਿਆਕਰਣਾ ਵਿਚ ਪ੍ਰਮਾਤਮਾ ਦਾ ਜਸ ਅਤੇ ਵਡਿਆਈ ਬਿਆਨ ਕੀਤੀ ਗਈ ਹੈ। ਪ੍ਰਮਾਤਮਾ ਨਾਲ ਮਿਲਣ ਦਾ ਜਿਹੜਾ ਸਾਧਨ ਹੈ, ਤਰੀਕਾ ਹੈ, ਜੁਗਤੀ ਹੈ, ਉਹ ਕੇਵਲ ਤੁਹਾਡੇ ਪਰੈਕਟੀਕਲ ਜੀਵਨ ਵਿਚ ਆਉਂਦੀ ਹੈ। ਜੇ ਤੁਸੀਂ ਪਾਠ ਪੂਜਾ ਪੁੰਨ ਦਾਨ ਕਰਕੇ ਇਹ ਮਹਿਸੂਸ ਕਰਦੇ ਹੋ ਕਿ ਪ੍ਰਮਾਤਮਾ ਕੋਲੋਂ ਸਾਨੂੰ ਕੋਈ ਲਾਭ ਜਾਂ ਫਾਇਦਾ ਹੋਵੇਗਾ - ਉਹ ਸਿਰਫ ਸਾਡੇ ਜੀਵਾਂ ਦੇ ਬਾਹਰੀ ਖਿਆਲ ਹਨ ਨਾ ਕਿ ਕੋਈ ਹਕੀਕੀ ਚੀਜ਼ ਹੈ। ਔਲਾਦ, ਦੌਲਤ, ਸਰੀਰ, ਵਿਦਿਆ ਔਰ ਅਕਲ ਪ੍ਰਮਾਤਮਾ ਸਾਨੂੰ ਜਨਮ ਦੇ ਨਾਲ ਹੀ ਦੇ ਦਿੰਦਾ ਹੈ। ਜਿਸ ਨੂੰ ਅਸੀ ਕਿਸਮਤ ਜਾਂ ਕਰਮ ਆਖਦੇ ਹਾਂ। ਕਰਮ ਕਮਾਵਣ ਵਾਸਤੇ ਮਹਾਂਪੁਰਖ ਆਉਂਦੇ ਹਨ ਔਰ ਕਰਮ ਭੋਗਣ ਵਾਸਤੇ ਗ੍ਰਹਿਸਤੀ ਲੋਕ ਆਉਂਦੇ ਹਨ। ਕਰਮਾਂ ਦੀ ਤਕਸੀਮ ਦਾ ਅਰਥ ਹੈ 'ਫਰਜ਼', 'ਕਰਤਵ' - ਕਿਸੇ ਚੀਜ਼ ਦੀ ਪਾਲਣਾ ਕਰਨਾ। ਉਹ ਸਾਡਾ ਕਰਮ ਹੈ। ਜਿਸ ਕਰਮ ਨੂੰ ਸੰਤਾਂ ਨੇ ਇਸ ਤਰ੍ਹਾਂ ਤਕਸੀਮ ਕੀਤਾ ਹੈ।

ਕਰਮ ਅਸਲ ਵਿਚ ਕੀ ਚੀਜ਼ ਹੈ? ਉਹ ਹੈ ਕਮਾਈ। ਉਹ ਕਾਹਦੀ ਕਮਾਈ? ਸਿਰਫ ਇਕ ਸੁਚੇ ਨਾਮ ਦੀ, ਸਚੇ ਕੰਮ ਦੀ, ਸਚੇ ਪ੍ਰੇਮ ਦੀ, ਸਚੇ ਦਾਨ ਦੀ, ਸਚੇ ਪੁੰਨ ਦੀ, ਸਚੇ ਪਾਠ ਦੀ, ਸਚੀ ਪੂਜਾ ਦੀ, ਸਚੇ ਨਿਤਨੇਮ ਦੀ, ਇਹ ਜੋ ਸੱਚੀ ਕਮਾਈ ਹੈ ਇਹ ਅਸਲ ਵਿਚ "ਮੌਤ" ਦੇ ਆਖਰੀ ਵਕਤ ਹੀ ਕੰਮ ਆਉਂਦੀ ਹੈ। ਜਿਸ ਤਰ੍ਹਾਂ ਕਿ ਅਸੀਂ ਪਿਛਲੇ ਸਤਿਸੰਗ ਵਿਚ ਕਿਹਾ ਸੀ ਕਿ ਸੱਚ ਅਤੇ ਝੂਠ ਜ਼ਿੰਦਗੀ ਦੇ ਦੋ ਪਹਿਲੂ ਹਨ। ਜਿਹੜੇ ਇਨਸਾਨ ਨੂੰ ਕਦੇ ਕਦੇ ਕੋਸਦੇ ਹਨ ਕਿ ਤੂੰ ਝੂਠ ਬੋਲਿਆ ਹੈ, ਤੂੰ ਸੱਚ ਬੋਲਿਆ ਹੈ। ਉਸਨੂੰ ਕਈ ਵਾਰ ਅਸੀਂ ਸਤਿਸੰਗਾਂ ਵਿਚ ਬਿਆਨ ਕਰਦੇ ਆਏ ਹਾਂ ਕਿ ਝੂਠ ਅਸਲ ਵਿਚ ਕੀ ਹੈ? ਤੁਹਾਡਾ ਬਿਜ਼ਨੈਸ ਨਹੀਂ, ਤੁਹਾਡਾ ਮਿਲਣਾ ਜੁਲਣਾ ਨਹੀਂ, ਤੁਹਾਡੀ ਔਲਾਦ ਨਹੀਂ, ਤੁਹਾਡਾ ਸਰੀਰ ਨਹੀਂ, ਤੁਹਾਡੀ ਕੋਈ ਧੰਨ ਦੌਲਤ ਨਹੀਂ; ਝੂਠ

ਹੈ ਤੁਹਾਡੀ ਸਿਰਫ਼ ਜ਼ਿੰਦਗੀ ਜਿਸਨੂੰ ਤੁਸੀ ਚਲਾਉਣ ਵਾਸਤੇ ਨਿਤ ਨਵੀਆਂ ਨਵੀਆਂ ਸਕੀਮਾਂ ਤਿਆਰ ਕਰਦੇ ਰਹਿੰਦੇ ਹੋ। ਨਿਤ ਨਵੀਆਂ ਨਵੀਆਂ ਖੁਰਾਕਾਂ ਖਾਂਦੇ ਹੋ, ਸਿਰਫ ਸਰੀਰ ਨੂੰ ਤੰਦਰੁਸਤ ਰਖਣ ਲਈ। ਪਰ ਇਹ ਝੂਠ ਹੈ, ਇਹ ਨਾਸ਼ਵਾਨ ਹੈ, ਮੈਲਾ ਹੈ, ਗੰਦਗੀ ਹੈ। ਸੋ ਜ਼ਿੰਦਗੀ ਝੂਠ ਹੈ ਜਿਸ ਕਾਰਨ ਕਰਕੇ ਜੀਵ ਗਲਤ ਰਸਤਿਆਂ ਤੇ ਭਟਕਦਾ ਫਿਰਦਾ ਹੈ ਔਰ ਆਪਣਾ ਵਡਮੁਲਾ ਜੀਵਨ ਅਜਾਈ ਗੁਆ

ਬੈਠਦਾ ਹੈ ਅਤੇ ਸਚਾਈ ਕੇਵਲ ਇਕ ਮੌਤ ਹੈ ਜਿਸ ਦਾ ਨਾਮ ਇਕੋ ਹੀ ਹੈ। ਉਸਦਾ ਕੋਈ ਟਾਈਮ ਨਹੀਂ, ਕੋਈ ਵਕਤ ਨਹੀਂ, ਕੋਈ ਸਕੀਮ ਨਹੀਂ, ਪਤਾ ਨਹੀਂ ਕਿਹੜੇ ਵੇਲੇ ਔਰ ਕਿਥੇ ਆ ਜਾਣੀ ਹੈ ਅਤੇ ਕਿਹੜੀ ਬਣਤ ਬਣਨੀ ਹੈ। ਕੋਈ ਪਤਾ ਨਹੀਂ ਐਕਸੀਡੈਂਟ ਹੋਣਾ ਹੈ, ਕੋਠਿਓਂ ਡਿਗਣਾ ਹੈ, ਬਿਮਾਰ ਹੋ ਜਾਣਾ ਹੈ, ਜਾਂ ਕਿਸੇ ਨੇ ਆ ਕੇ ਸਾਨੂੰ ਕਤਲ ਕਰ ਜਾਣਾ ਹੈ। ਉਹਦਾ ਕੋਈ ਕਿਸੇ ਤੇ ਇਲਜ਼ਾਮ ਨਹੀਂ ਔਰ ਨਾ ਰੱਬ ਨੇ ਲਿਆ ਹੀ ਹੈ। ਰੱਬ ਨੇ ਅੱਜ ਤਕ ਕਿਸੇ ਇਨਸਾਨ, ਕਿਸੇ ਮਾਂ-ਪਿਉ, ਕਿਸੇ ਧੀ, ਕਿਸੇ ਪੁੱਤਰ, ਕਿਸੇ ਸੰਬੰਧੀ ਕਿਸੇ ਰਿਸ਼ਤੇਦਾਰ ਤੇ ਕੋਈ ਕਲੇਮ ਨਹੀਂ ਕੀਤਾ, ਦਬਾਉ ਨਹੀ ਪਾਇਆ ਕਿ ਮੈਂ ਤੈਨੂੰ ਮਾਰਨ ਲੱਗਾ ਹਾਂ। ਸਗੋਂ ਬਚਾਇਆ ਹੀ ਹੈ। ਜ਼ਿੰਦਗੀ ਚਲਾਉਣ ਲਈ ਮਾਂ, ਪਿਉ, ਭੈਣ ਭਰਾ, ਸਭ ਆਪਣੇ ਆਪਣੇ ਹੱਕ ਜਮਾਉਂਦੇ ਹਨ ਜਦੋਂ ਕਿ ਅਸਲ ਵਿਚ ਸਿਰਫ ਇਕ ਰੱਬ ਦਾ ਹੱਕ ਹੈ ਜਿਸਨੇ ਸਾਨੂੰ ਜਨਮ ਦਿੱਤਾ ਹੈ। ਔਰ ਕਦੇ ਵੀ ਖੁਆਬ ਵਿਚ ਆ ਕੇ ਸਾਨੂੰ ਉਸਨੇ ਕਦੀ ਨਹੀਂ ਕੋਸਿਆ ਕਿ ਮੈਂ ਤੈਨੂੰ 70-80 ਸਾਲ ਜ਼ਿੰਦਗੀ ਦਿੱਤੀ ਪਰ ਤੂੰ (ਜੀਵ) ਮੇਰੇ ਲਈ ਕੀ ਕੀਤਾ। ਆਪਦੇ ਲਈ ਤਾਂ ਤੂੰ ਬੜੇ ਸਾਧਨ ਬਣਾਏ ਹਨ, ਜਿਸ ਤਰ੍ਹਾਂ ਕਿ ਰਹਿਣ ਵਾਸਤੇ, ਆਉਣ ਜਾਣ ਵਾਸਤੇ।

ਬੇਸਮਝੀ ਵਿਚ ਕਦੀ ਅਸੀ ਆਖਦੇ ਹੁੰਦੇ ਹਾਂ ਕਿ ਸਭ ਲੋਆਂ ਰੱਬ ਦੀਆਂ ਹਨ। ਨਹੀ ਇਹ ਸਭ ਬੰਦੇ ਦੀਆਂ ਕਾਢਾਂ ਹਨ। ਬੰਦੇ ਦਾ ਦਿਮਾਗ ਔਰ ਬੁਧੀ ਜਿਹੜੀ ਸਹੀ ਪਾਸੇ ਜਾਣ ਵਾਲੀ ਸੀ ਉਹ ਉਲਟ ਪਾਸੇ ਚਲੀ ਗਈ। ਜਦੋਂ ਵੀ ਅਸੀਂ ਸਹੀ ਪਾਸੇ ਜਾਣ ਦੀ ਕੋਸ਼ਿਸ਼ ਕਰਦੇ ਹਾਂ ਔਰ ਮਾੜੇ ਪਾਸਿਉਂ ਬਚਣ ਲਈ ਜਦ ਅਸੀਂ ਤੀਜਾ ਰਸਤਾ ਲਭਦੇ ਹਾਂ ਤੇ ਉਹ ਵੀ ਸਾਡੇ ਸਾਹਮਣੇ ਮਾੜਾ ਖੜਾਂ ਹੋ ਜਾਂਦਾ ਹੈ। ਉਹ ਜ਼ਿੰਦਗੀ ਨੂੰ ਚਲਾਉਣ ਲਈ ਵੀ ਮਾੜਾ ਹੁੰਦਾ ਹੈ ਪਰ ਮਰਨ ਵਾਸਤੇ ਕੋਈ ਮਾੜਾ ਚੰਗਾ ਨਹੀ। ਚਾਹੇ ਸਾਰੇ ਰਿਸ਼ਤੇਦਾਰ, ਸਾਕ ਸੰਬੰਧੀ, ਕੋਲ ਕਿਉਂ ਨਾ ਬੈਠੇ ਹੋਣ।

ਸਾਊਥਾਲ ਦੇ ਸਤਿਸੰਗ ਵਿਚ ਵੀ ਅਸੀ ਕਿਹਾ ਸੀ ਕਿ ਬੰਦਾ ਜਦੋਂ ਮਰਦਾ ਹੈ ਤਾਂ ਮਰਨ ਤੋਂ ਬਾਅਦ ਉਸਦੇ ਰਿਸ਼ਤੇਦਾਰ, ਸਾਕ ਸੰਬੰਧੀ ਸਭ ਉਸ ਕੋਲ ਸਰਾਹਣੇ ਬੈਠਕੇ ਰੋਂਦੇ ਹਨ। ਉਹ ਉਸ ਵਕਤ ਸੁਣਦਾ ਹੁੰਦਾ ਹੈ। ਕਿਉਂ ਕਿ ਇਹ ਡਾਕਟਰੀ ਥਿਊਰੀ ਵੀ ਹੈ ਔਰ ਰੱਬੀ ਥਿਊਰੀ ਵੀ ਹੈ। ਪੰਜਾਬ ਵਿਚ ਆਦਮੀ ਦੇ ਅੰਤਮ ਸੰਸਕਾਰ ਕਰਨ ਵੇਲੇ ਆਦਮੀ ਦੀ ਖੋਪਰੀ ਵਿਚ ਬਾਂਸ ਨਾਲ ਠੋਕਰ ਮਾਰੀ ਜਾਂਦੀ ਹੈ। ਕਿਉਂਕਿ ਜੋ ਇਸ ਜੀਵ ਨੇ ਉਹਨਾਂ ਦੇ ਵਿਰਲਾਪ ਸੁਣੇ ਹੁੰਦੇ ਹਨ ਕਿਤੇ ਉਹ ਦਿਮਾਗ ਵਿਚ

ਹੀ ਨਾ ਰਹਿ ਜਾਣ. ਕਿਤੇ ਉਨ੍ਹਾਂ ਵਿਰਲਾਪਾਂ ਕਰਕੇ ਮ੍ਰਿਤਕ ਜੀਵ ਦੀ ਭਟਕਣਾ ਘਰ ਵੱਲ ਨਾ ਰਹਿ ਜਾਏ। ਜਿਸ ਕਰਕੇ ਉਸਨੂੰ ਦੁਬਾਰਾ ਉਸੇ ਘਰ ਵਿਚ ਫਿਰ ਜਨਮ ਲੈ ਕੇ ਆਣਾ ਪੈ ਜਾਵੇ। ਸੋ ਇਸ ਕਰਕੇ ਸਿਰ ਦੀ ਖੋਪੜੀ ਭੰਨ ਦਿਤੀ ਜਾਂਦੀ ਹੈ। ਸੁਣਨ ਦੀ ਪਾਵਰ ਆਦਮੀ ਦੇ ਮਰਨ ਉਪਰੰਤ ਉਨ੍ਹਾਂ ਚਿਰ ਨਹੀ ਜਾਂਦੀ ਜਿੰਨਾ ਚਿਰ ਤਕ ਮ੍ਰਿਤਕ ਜੀਵ ਦੀ ਲਾਠੀ ਮਾਰਕੇ ਖੋਪੜੀ ਨਹੀਂ ਭੰਨੀ ਜਾਂਦੀ ਭਾਵ ਦਾਖ ਨਹੀਂ ਦਿਤੀ ਜਾਂਦੀ। ਬਾਂਕੀ ਸਾਰੀਆਂ consiouses ਮਰਨ ਉਪਰੰਤ ਮਰ ਜਾਂਦੀਆਂ ਹਨ ਸਿਵਾਇ ਇਕ ਸੁਣਨ ਸ਼ਕਤੀ ਦੇ। ਜਿਸ ਤਰ੍ਹਾਂ ਜਿਉਂਦੇ ਜੀਅ ਦੇਖ ਲਓ ਜਿਸ ਵਕਤ ਆਦਮੀ ਪਾਗਲ ਹੋ ਜਾਂਦਾ ਹੈ, ਉਸਦਾ ਦਿਮਾਗ ਫੇਲ੍ਹ ਹੋ ਜਾਂਦਾ ਹੈ - ਭਾਵ ਕੰਮ ਕਰਨਾ ਬੰਦ ਕਰ ਦਿੰਦਾ ਹੈ, ਉਹ ਵੇਖਦਾ ਹੈ ਕਿ ਆਹ ਮੇਰੀ ਮਾਂ ਹੈ, ਆਹ ਮੇਰਾ ਪਿਓ ਹੈ, ਆਹ ਮੇ ਰੇ ਭੈਣ ਭਰਾ ਹਨ, ਬੱਚੇ ਹਨ, ਆਹ ਰੋਟੀ ਹੈ, ਆਹ ਕੱਪੜੇ ਹਨ ਪ੍ਰੰਤੂ ਉਹ ਨਾ ਤਾਂ ਕਿਸੇ ਨੂੰ ਬੁਲਾਉਂਦਾ ਹੈ ਔਰ ਨਾ ਹੀ ਕਿਸੇ ਚੀਜ਼ ਨੂੰ ਹੱਥ ਲਾਉਂਦਾ ਹੈ। ਸਗੋਂ ਕਦੇ ਰੋਣ ਲਗ ਪਵੇਗਾ, ਕਦੇ ਹਸਣ ਲਗ ਪਵੇਗਾ। ਇਕੋ ਧੁਨ 'ਚ ਬੈਠਾ ਰਹੇਗਾ, ਉਸ ਦਾ ਕਾਰਨ ਸਿਰਫ ਇਹੋ ਹੀ ਹੈ ਕਿ ਉਸਦੀ ਸੁਰਤੀ ਕੰਮ ਕਰ ਰਹੀ ਹੈ ਪ੍ਰੰਤੂ ਉਸਤੇ ਐਕਸ਼ਨ ਲੈਣ ਲਈ ਕੋਈ ਚੀਜ਼ ਨਹੀਂ ਹੈ। ਉਹ ਸੀ ਉਸਦੀ ਸੁਣਵਾਈ, ਉਹਦੀ ਉਸ ਵਕਤ ਸੁਧ ਬੁਧ ਖਤਮ ਹੋ ਜਾਂਦੀ ਹੈ। ਜਿਸ ਤਰ੍ਹਾਂ ਵੇਖ ਲਉ ਜਦ ਕਿਤੇ ਤੁਹਾਨੂੰ ਕਰੋਧ ਆ ਜਾਂਦਾ ਹੈ ਤਾਂ ਤੁਸੀ ਕਦੇ ਚੰਗੀ ਗਲ ਨਹੀਂ ਸੁਣਦੇ ਅਤੇ ਹਮੇਸ਼ਾਂ ਹੀ ਚੰਗੀ ਗਲ ਤੁਹਾਡੇ ਅੰਦਰ ਗੁੱਸਾ ਭੜਕਾਏਗੀ।

ਜਦੋਂ ਤੁਸੀਂ ਝੂਠ ਬੋਲੋਣ, ਨਿੰਦਿਆ ਚੁਗਲੀ ਕਰਨ 'ਚ ਲੱਗੇ ਹੋਵੋਗੇ ਤਾਂ ਤੁਹਾਡਾ ਧਿਆਨ ਇਨਾਂ ਲਗਿਆ ਹੋਵੇਗਾ ਕਿ ਕੋਈ ਗੱਲ ਕਿਤੇ ਮਿਸ ਨਹੀਂ ਹੋ ਸਕੇਗੀ। ਐਨਾਂ ਤੁਸੀ ਉਸਨੂੰ ਗੌਰ ਨਾਲ ਸੁਣੋਗੇ। ਪਰ - ਜਦ ਤੁਹਾਡੇ ਸੱਚ ਸੁਣਨ ਦਾ ਵੇਲਾ ਆਵੇ ਗਾ ਤਾਂ ਤੁਸੀ ਧਿਆਨ ਕਿਸੇ ਹੋਰ ਪਾਸੇ ਕਰ ਲਉਗੇ ਜਾਂ ਕਹਿ ਦਿਉਗੇ ਕਿ ਅੱਛਾ ਜੀ ਮੇਰੇ ਕੋਲ ਵਕਤ ਨਹੀ ਹੈ। ਕਿਉਂ? ਕਿ ਸੱਚ ਖੁਰਾਕ ਇਤਨੀ ਤਕੜੀ ਹੈ ਕਿ ਆਮ ਆਦਮੀ ਪਚਾ ਨਹੀਂ ਸਕਦਾ। ਕੁੱਤੇ ਨੂੰ ਜੇਕਰ ਕਿਤੇ ਘਿਉ ਖੁਆ ਦੇਈਏ ਤਾਂ ਉਸ ਨ

ਪਾਗਲ ਹੀ ਹੋਣਾ ਹੈ। ਸੱਚ ਇਕ ਐਸਾ ਤਾਕਤਵਰ ਦਾਣਾ ਹੈ, ਐਸਾ ਮੋਤੀ ਹੈ, ਐਸਾ ਹੀਰਾ ਹੈ

ਜਿਸਨੂੰ ਖਾਣ ਵਾਸਤੇ ਬਹੁਤ ਵੱਡੀ ਕੁਰਬਾਨੀ ਦੇਣੀ ਪੈਂਦੀ ਹੈ। ਉਹ ਸਿਰਫ ਪੂਰਨ ਸੰਤ ਹੀ ਦੇ ਸਕਦੇ ਹਨ। ਸੱਚ ਦੀ ਟੱਕਰ, ਸੱਚ ਦਾ ਮੁਕਾਬਲਾ, ਉਹ ਜੀਉਂਦੇ ਜੀਅ

ਕਰਦੇ ਹਨ।

ਮਰਨ ਦਾ ਸਾਰਾ ਇੰਤਜਾਮ ਉਨ੍ਹਾਂ ਪਹਿਲੋਂ ਹੀ ਪ੍ਰਮਾਤਮਾ ਪਾਸੋਂ ਲਿਆ ਹੁੰਦਾ ਹੈ। ਜਦ ਕਿ ਤੁਹਾਨੂੰ ਇਹ ਪਤਾ ਨਹੀਂ ਹੁੰਦਾ ਹੈ ਕਿ ਤੁਸੀਂ ਕਦੋਂ ਔਰ ਕਿਸ ਤਰ੍ਹਾਂ ਮਰਨਾ ਹੈ। ਤੁਹਾਨੂੰ ਨਹੀਂ ਪਤਾ ਕਿ ਅਗਲਾ ਤੁਹਾਡਾ ਕਿਹੜਾ ਜਾਮਾ ਹੈ। ਜਿਵੇਂ ਜਿੰਨੇ ਵੀ ਸਾਡੇ ਰੱਬੀ ਅਕਾਸ਼ (ਸੰਤ, ਅਵਤਾਰ) ਹਨ ਉਹ ਇੰਨੇ ਕੁ ਸਾਫ ਹਨ ਕਿ ਉਸ ਨੂੰ ਕੋਈ ਵੀ ਬੰਦਾ ਧੁੰਦਕਾਰ ਵਿਚ ਨਹੀਂ ਲਿਜਾ ਸਕਦਾ, ਉਸ ਨੂੰ ਕੋਈ ਮੈਲਾ ਨਹੀਂ ਕਰ ਸਕਦਾ। ਸੂਰਜ ਨੂੰ ਕਾਲੇ ਬੱਦਲ ਢੱਕ ਸਕਦੇ ਹਨ - ਉਸਨੂੰ ਬੰਦ ਨਹੀਂ ਕਰ ਸਕਦੇ। ਚੰਦਰਮਾ ਨੂੰ ਢਕ ਸਕਦੇ ਹਨ - ਉਸਨੂੰ ਬੰਦ ਨਹੀਂ ਕਰ ਸਕਦੇ। ਇਸੇ ਤਰ੍ਹਾਂ ਮਹਾਂਪੁਰਖਾਂ ਦੀ ਵਡਿਆਈ ਤੇ ਉਹਨਾਂ ਦੇ ਪ੍ਰਕਾਸ਼ ਨੂੰ ਕੋਈ ਰੋਕ ਨਹੀਂ ਸਕਦਾ। ਪ੍ਰੰਤੂ ਅਸੀਂ ਲੋਕ ਕਿਸੇ ਦੀ ਬੁਰਿਆਈ ਨੂੰ ਕਿਸੇ ਦੇ ਗੁਨਾਹ ਨੂੰ, ਕਿਸੇ ਦੀ ਕਮੀ ਨੂੰ ਜਾਂ ਹੋਰ ਵੀ ਕਿਸੇ ਚੀਜ਼ ਨੂੰ ਢਕਣ ਦੀ ਕੋਸ਼ਿਸ਼ ਨਹੀਂ ਕਰਦੇ ਸਗੋਂ ਉਸਨੂੰ ਆਪਣਾ ਜਾਤੀ ਹਿੱਤ, ਆਪਣੀ ਇਜ਼ਤ ਦੀ ਖਾਤਰ ਖਿਲਾਰਦੇ ਹਾਂ। ਜਦੋਂ ਕਿ ਸਾਡਾ ਅਸਲ ਵਿਚ ਫਰਜ਼ ਬਣਦਾ ਹੈ ਕਿ ਕਿਸੇ ਦੀ ਕਮੀ ਨੂੰ ਘਰ ਬੈਠਕੇ ਰਲਕੇ ਉਸਤੇ ਪੜਦਾ ਪਾਇਆ ਜਾਵੇ। ਨਾ ਕਿ ਉਸਦੀ ਮਿੱਟੀ ਪੁਟੀ ਜਾਵੇ। ਇਕ ਬੰਦਾ ਮਾੜਾ ਹੈ ਉਸ ਨੂੰ ਢਕਣ ਦੀ ਕੋਸ਼ਿਸ਼ ਕੀਤੀ ਜਾਵੇ। ਜਿਸ ਤਰ੍ਹਾਂ ਤੁਸੀ ਕੂੜਾ ਚੁਕ ਕੇ ਇਕ ਡੱਬੇ 'ਚ ਪਾਉਂਦੇ ਹੋ ਇਸੇ ਤਰ੍ਹਾਂ ਹੀ ਮਾੜੀਆਂ ਗੱਲਾਂ ਜਾਂ ਕਿਸੇ ਦੀਆਂ ਕਮਜ਼ੋਰੀਆਂ ਇਕ ਕੂੜੇ ਦੀ ਨਿਆਈਂ (ਵਰਗੀਆਂ) ਹੁੰਦੀਆਂ ਹਨ। ਉਸਨੂੰ ਕਿਤੇ ਪਾਉਣ ਦੀ ਕੋਸ਼ਿਸ਼ ਕਰੋ ਨਾ ਕਿ ਖਿਲਾਰਨ ਦੀ ਪਰ ਅਸੀਂ ਕੁੱਕੜਾਂ ਵਾਂਗੂੰ ਲੜਾਈ ਲੜਦੇ ਹਾਂ ਜਿਸ ਤਰ੍ਹਾਂ:—

***"ਕੁਕੜਾਂ ਖੇਹ ਉਡਾਈ ਭੌਂ ਚੌਂ ਆਪਣੇ ਸਿਰ ਪਾਈ"***

ਸੋ ਸਾਡੀ ਬੁਧੀ, ਕੁਕੜਾਂ ਦੇ ਵਾਂਗੂ ਹੈ। ਇਸੇ ਤਰ੍ਹਾਂ ਜੋ ਨਾਮ ਦੀ ਰੰਗਤ ਹੈ ਉਹ ਸਰੋਂ ਦੇ ਫੁੱਲ ਵਰਗੀ ਹੈ। ਭਾਵ ਜਿਸ ਤਰ੍ਹਾਂ ਜੀਵ ਸਰੋਂ ਦੇ ਫੁੱਲ ਦੇ ਮਾਹੌਲ ਨੂੰ ਅਨੁਭਵ ਕਰਕੇ ਖੁਸ਼ ਹੁੰਦਾ ਹੈ ਇਸੇ ਤਰ੍ਹਾਂ ਹੀ ਜੀਵ ਨਾਮ ਦੀ ਰੰਗਤ 'ਚ ਆਨੰਦ ਮਾਣਦਾ ਹੈ। ਅੱਜ ਦੇ ਮਹੀਨੇ ਵਿਚ ਹਿੰਦੁਸਤਾਨ 'ਚ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ। ਬਰਸਾਤਾਂ ਵਿਚ ਆਦਮੀ ਦੇ ਕਾਰੋਬਾਰ ਘਟਦੇ ਹਨ। ਸਾਵਣ ਦੇ ਮਹੀਨੇ ਵਿਚ ਕੁੜੀਆਂ ਦੇ ਸੁਹਾਗਾਂ ਦੀਆਂ ਰਸਮਾਂ ਪੂਰੀਆਂ ਹੁੰਦੀਆਂ ਹਨ। ਜਿਸ ਤਰ੍ਹਾਂ ਤੀਆਂ ਦਾ ਤਿਓਹਾਰ ਹੁੰਦਾ ਹੈ, ਜਿਸ ਵਿਚ ਲੜਕੀਆਂ ਆਪਣੇ ਸੁਹਾਗਾਂ ਦੀਆਂ ਖੈਰਾਂ ਗਿੱਧੇ ਰਾਹੀ ਮੰਗਦੀਆਂ ਹਨ। ਲੋਕ ਇਸ ਮਹੀਨੇ ਵਿਚ ਛੁੱਟੀ ਵਾਲੇ ਦਿਨ ਆਪਣੇ ਆਪਣੇ ਘਰਾਂ

ਵਿਚ ਖੀਰਾਂ ਪੂੜੇ ਕਢਕੇ ਖਾਂਦੇ ਹਨ। ਮਿੱਠਾ ਖਾਣਾ, ਲੂਣਾ ਖਾਣਾ ਪ੍ਰਮਾਤਮਾ ਦਾ ਇਕ ਸਰੀਰਕ ਬੈਲੈਂਸ ਹੈ। ਇਨ੍ਹਾਂ ਮਹੀਨਿਆਂ ਵਿਚ ਕੁਸ਼ਤੀਆਂ ਕਰਨ ਵਾਲੇ ਮਿਹਨਤਾਂ ਕਰਨ ਵਾਲੇ ਜੀਵ ਆਪਣੀ ਮਿਹਨਤ ਛਡ ਦਿੰਦੇ ਹਨ। ਕਿਉਂ ਖੂਨ ਪਸੀਨਾ ਇਕ ਹੋਇਆ ਹੁੰਦਾ ਹੈ। ਉਹਨਾਂ ਨੂੰ ਡਰ ਹੁੰਦਾ ਹੈ ਕਿ ਜੋੜਾਂ 'ਚ ਕਿਤੇ ਦਰਦ ਨਾ ਬੈਠ ਜਾਵੇ। ਇਨ੍ਹਾਂ ਮਹੀਨਿਆਂ ਵਿਚ ਹੀ ਸਾਨੂੰ ਇਕ ਨਵੀਂ ਤਾਂਘ ਪੈਦਾ ਹੁੰਦੀ ਹੈ ਕਿ ਚਾਵਲ ਦੀ ਬੀਜਾਈ ਖਤਮ ਹੋ ਜਾਵੇ। ਇਸ ਮਹੀਨੇ 'ਚ ਚਾਵਲ ਦੀ ਬੀਜਾਈ ਖਤਮ ਕਰਕੇ ਕਿਸਾਨ ਬਹੁਤ ਖੁਸ਼ ਹੁੰਦਾ ਹੈ। ਉਸ ਵਾਸਤੇ ਸਾਵਣ ਦਾ ਮਹੀਨਾ ਖੁਸ਼ੀਆਂ ਭਰਿਆ ਹੁੰਦਾ ਹੈ।

ਜਿੰਨੇ ਵੀ ਰੱਬੀ ਨੂਰ ਹਨ, ਜਿਸ ਤਰ੍ਹਾਂ ਮਹਾਰਾਜ ਨੇ ਰੰਗ ਬਾਰੇ "ਸਾਵਣ ਸਰਸੀ ਕਾਮਣੀ" ਹੈ ਇਸੇ ਤਰ੍ਹਾਂ ਹੀ ਪ੍ਰਮਾਤਮਾ ਦਾ ਜੋ ਬਾਣਾ ਹੈ, ਉਹ ਬਸੰਤੀ ਪੀਲੇ ਰੰਗ ਦਾ ਹੈ।

ਨਾਭੀ 'ਚ ਬੈਠਣ ਵਾਲਾ ਵਿਸ਼ਨੂੰ ਹਿਰਦੇ 'ਚ ਬੈਠਣ ਵਾਲਾ ਬ੍ਰਹਮ, ਗੁਦਾ 'ਚ ਬੈਠਣ ਵਾਲਾ ਗਨੇਸ਼, ਕੰਠ 'ਚ ਬੈਠਣ ਵਾਲੀ ਸ਼ਕਤੀ, ਅੱਖਾਂ 'ਚ ਬੈਠਣ ਵਾਲੀ ਓਮਾ ਤੇ ਮਹੇਸ਼, ਮਸਤਕ 'ਚ ਬੈਠਣ ਵਾਲਾ ਸਤਿਗੁਰੂ ਸਰੂਪ, ਜਿੰਨੇ ਵੀ ਅੱਖਾਂ ਤੋਂ ਥਲੇ ਸਾਡੇ ਅੰਗ ਹਨ, ਉਹ ਸਾਰੇ ਦੇ ਸਾਰੇ ਦੇਵੀ ਦੇਵਤਿਆਂ ਦੇ ਮਲੇ ਹੋਏ ਹਨ। ਉਹ ਸਾਡੀ ਰਖਿਆ ਕਰਦੇ ਹਨ। ਸਾਡੀ ਪਾਲਣਾ ਕਰਦੇ ਹਨ। ਰਹਿ ਗਿਆ ਨਾਮ। ਨਾਮ ਤੁਸਂ ਕਦੇ ਜਪਿਆ ਨਹੀ। ਲੈ ਤੁਸਾਂ ਲੋਕਾਂ ਲਿਆ ਹੈ ਪਰ ਜਪਣਾ ਨਹੀਂ ਕਿਉਂ ਕਿ ਤੁਹਾਨੂੰ ਪਤਾ ਹੈ ਕਿ ਜੇ ਜਪਣ ਲਗ ਪਏ ਤਾਂ ਸੱਚ ਦਾ ਪਤਾ ਲਗ ਜਾਏਗਾ। ਉਹ ਤੁਹਾਨੂੰ ਲੋਕਾਂ ਨੂੰ ਠੀਕ ਨਹੀ ਲਗਣਾ ਕਿਉਂ ਕਿ ਸੱਚ ਕੌੜਾ ਹੈ। ਜਾਂ ਤੁਸੀਂ ਉਸ ਵਕਤ ਨਾਮ ਜ਼ਰੂਰ ਜਪਦੇ ਹੋ ਜਦੋਂ ਕਿਤੇ ਤੁਹਾਡੇ ਤੇ ਸਮਝੋ ਕਿ ਕੋਈ ਮੁਸੀਬਤ ਪੈ ਗਈ ਫਿਰ ਤੁਸੀ ਸੋਚਦੇ ਹੋ ਕਿ ਹੁਣ ਦੋ ਕੁ ਮਿੰਟ ਰੱਬ ਨੂੰ ਧਿਆ ਲਉ। ਫਿਰ ਤੁਸੀਂ ਫਟਾ ਫਟ ਲਗ ਜਾਉਗੇ ਵੈਸੇ ਕਦੇ ਨਹੀਂ। ਫਿਰ ਤੁਹਾਡਾ ਰੱਬ ਨੂੰ ਧਿਆਉਣ ਦਾ ਕੋਈ ਟਾਈਮ ਨਹੀ ਹੁੰਦਾ। ਵੈਸੇ ਤੁਸੀ ਹਰ ਤਰ੍ਹਾਂ ਆਪਣੀਆਂ ਅਕਲਾਂ ਮੁਤਾਬਕ ਧਿਆਨ ਜ਼ਰੂਰ ਕਰਦੇ ਹੋ, ਜਿਸ ਤਰ੍ਹਾਂ ਗੁਰਦੁਆਰੇ ਜਾਣਾ, ਮੰਦਰ ਜਾਣਾ, ਮਸੀਤੇ ਜਾਣਾ ਪਰ ਉਹ ਸਿਰਫ ਦੁਖ ਤਕਲੀਫ ਤੇ। ਪਰ ਜਿਹੜਾ ਸੱਚੇ ਨਾਮ ਦਾ ਧਿਆਨ ਹੈ, ਉਹ ਨਸੀਬਾਂ ਨਾਲ ਜਾਂ ਮੁਕਦਰਾਂ ਨਾਲ ਮਿਲਦਾ ਹੈ ਵੈਸੇ ਆਮ ਹਰ ਬੰਦੇ ਨੂੰ ਨਹੀ। ਉਹ ਆਪ ਕਰਵਾਉਂਦਾ ਹੈ, ਆਪ ਕਰਦਾ ਨਹੀਂ। ਅਸੀ ਇਕ ਦਿਨ ਸਤਿਸੰਗ ਵਿਚ ਕਿਹਾ ਸੀ ਕ਼ਿ ਸਾਡਾ ਰੱਬ ਇਹ ਆਖਦਾ ਹੈ ਕਿ "ਮੈਂ ਕੰਮ ਕਰਾਉਣਾ ਜਾਣਦਾ ਹਾਂ, ਕਰਨਾ ਨਹੀਂ। ਮੈਨੂੰ

ਆਪਣੀ ਅਕਲ ਨਹੀਂ ਹੈ ਮੈਨੂੰ ਤੁਹਾਡੀ ਅਕਲ ਹੈ, ਭਾਵ ਜੋ ਤੁਸੀਂ ਮੈਨੂੰ ਕਹਿੰਦੇ ਹੋ ਉਹ ਮੈਂ ਮੰਨਦਾ ਹਾਂ। ਮੈਂ ਜੋ ਕਹਿੰਦਾ ਹਾਂ ਉਹ ਮੈਂ ਤੁਹਾਨੂੰ ਕਦੇ ਜ਼ਬਰਦਸਤੀ ਨਹੀਂ ਮਨਾਉਂਦਾ।"

ਅਤੇ ਨਾ ਹੀ ਮੈਂ ਅਜ ਤਕ ਮਨਾਇਆ ਹੈ। ਆਪਦੇ ਵਿਚਾਰ ਉਹ ਕਦੇ ਤੁਹਾਡੇ ਤੇ ਥੋਪਦਾ ਨਹੀਂ। ਤੁਸੀਂ ਆਪਣੇ ਵੀਚਾਰਾਂ ਨੂੰ ਰੱਬ ਤੇ ਥੋਪਦੇ ਹੋ। ਦਾਗ ਲਾਉਂਦੇ ਹੋ ਕਿ ਤੂੰ ਰੱਬਾ ਆਹ ਨਹੀਂ ਕੀਤਾ ਤੂੰ ਔਹ ਨਹੀਂ ਕੀਤਾ। ਉਸਨੇ ਕਦੀ ਤੁਹਾਡੇ ਤੇ ਗਿਲਾ ਨਹੀਂ ਕੀਤਾ ਉਹ ਤੁਹਾਨੂੰ ਹਮੇਸ਼ਾਂ ਤੋਂ ਕਹਿੰਦਾ ਆਇਆ ਹੈ ਔਰ ਤੁਸਾਂ ਉਸਨੂੰ ਇਕ ਵਾਰ ਵੀ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਇਕ ਵਾਰ ਵੀ ਸੱਚੇ ਦਿਲੋਂ ਨਹੀਂ ਪੁਕਾਰਿਆ। ਅਸੀਂ ਕਦੇ ਆਪਣੇ ਆਪ ਵਲ ਝਾਤੀ ਨਹੀਂ ਮਾਰੀ। ਸਾਨੂੰ ਕਦੇ ਵੀ ਉਹ ਚੀਜ਼ ਚੰਗੀ ਨਹੀਂ ਲਗਦੀ ਜਿਸ ਵਿਚ ਸਾਡਾ ਆਪਣਾ ਅਨੰਦ ਨਾ ਹੋਵੇ। ਸਾਨੂੰ ਉਹ ਲੋਕ ਨਹੀਂ ਚੰਗੇ ਲਗਦੇ ਜਿਸ ਵਿਚ ਕੋਈ ਆਪਣਾ ਬੰਦਾ ਨਾ ਬੈਠਾ ਹੋਵੇ ਜਾਂ ਜਿਹਦੇ ਕੋਲੋਂ ਸਾਨੂੰ ਕੋਈ ਫਾਇਦਾ ਨਹੀਂ ਹੁੰਦਾ। ਉਸ ਕੋਲ ਬੈਠਣਾ ਕੀ - ਅਸੀਂ ਬੁਲਾਉਣਾ ਤਕ ਪਸੰਦ ਨਹੀਂ ਕਰਦੇ। ਜਿਸ ਕੋਲੋਂ ਸਾਨੂੰ ਕੋਈ ਫਾਇਦਾ ਹੋਣਾ ਹੈ ਉਸ ਕੋਲ ਅਸੀਂ ਭਜ ਕੇ ਜਾਣਾ ਹੈ। ਓਦੋਂ ਨਾ ਰਾਤ ਵੇਖਣੀ ਹੈ ਨਾ ਕੋਈ ਵੇਲਾ ਕੁਵੇਲਾ ਵੇਖਣਾ ਹੈ। ਸਿਰਫ ਮਤਲਬ ਵੇਖਣਾ ਹੈ। ਪਰ ਰੱਬ ਕੋਲੋਂ ਸਾਨੂੰ ਇੰਨੇ ਫਾਇਦੇ ਹੁੰਦੇ ਹਨ ਅਸੀਂ ਉਹਦੇ ਕੋਲ ਨਹੀਂ ਗਏ। ਇਥੋਂ ਤਕ ਕਿ ਉਸ ਨੂੰ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਕਦੇ ਕਿਤੇ ਇਤਫਾਕ ਮਿਲੇ ਤਾਂ ਦੋ ਘੜੀਆਂ ਉਹਦੇ ਮੰਦਰ, ਗੁਰਦੁਆਰੇ ਜਾ ਬੈਠਦੇ ਹਾਂ।

ਸਾਊਥਾਲ ਦੇ ਸਤਿਸੰਗਾਂ 'ਚ ਅਸੀਂ ਅਪੀਲ ਕੀਤੀ ਸੀ ਕਿ ਰੱਬ ਵੀ ਤੁਹਾਨੂੰ ਸਮਝਾ ਸਮਝਾ ਕੇ ਥਕ ਗਿਆ ਹੈ ਤੇ ਥਕ ਗਏ ਹਨ ਉਹਦੇ ਨਬੀ ਪੈਗੰਬਰ ਵੀ ਪਰ ਤੁਸੀਂ ਬਾਜ਼ ਨਹੀਂ ਆਉਣਾ। ਰੱਬ ਨੇ ਬਾਜ਼ ਆ ਜਾਣਾ ਹੈ। ਉਸ ਨੇ ਆਪਦੇ ਆਪ ਨੂੰ ਢਾਲ ਲੈਣਾ ਹੈ। ਪਰ ਤੁਸੀਂ ਆਪਣੀ ਕਿਸੇ ਚੀਜ਼ ਨੂੰ ਢਾਲਣਾ ਨਹੀਂ। ਤੁਹਾਡੇ ਲੋਕਾਂ ਅੰਦਰ ਉਹੀ ਈਰਖਾ, ਉਹੀ ਨਫ਼ਰਤ ਉਹੀ ਬਦਲੇ ਦੀ ਭਾਵਨਾ ਦਬੀ ਪਈ ਹੈ। ਜਿਸ ਤਰ੍ਹਾਂ ਅੰਗਿਆਰੀ ਸੁਆਹ ਵਿਚ ਦੱਬੀ ਜਾਂਦੀ ਹੈ ਪਰ ਜਦੋਂ ਉਤੋਂ ਸੁਆਹ ਹਟ ਜਾਏ ਤਾਂ ਉਹ ਭਖ ਪੈਂਦੀ ਹੈ। ਕਦੇ ਕਦੇ ਤੁਸੀਂ ਕਿਸੇ ਮਹਾਂਪੁਰਖ ਦੀ ਸ਼ਰਨ 'ਚ ਜਾ ਕੇ ਉਹ ਚੀਜ਼ਾਂ ਦਬਾ ਲੈਂਦੇ ਹੋ, ਜਦੋਂ ਮਹਾਂਪੁਰਖ ਕਿਤੇ ਥੋੜਾ ਜਿਹਾ ਆਪਣਾ ਹਥ ਪਿਛੇ ਕਰਦੇ ਹਨ ਤਾਂ ਤੁਸੀਂ ਮਨਮੁਖ ਹੋ ਜਾਂਦੇ ਹੋ। ਉਹ ਭੈ, ਉਹ ਖੌਫ ਤੁਹਾਡੇ ਹਿਰਦੇ ਵਿਚੋਂ ਨਿਕਲ

ਜਾਂਦਾ ਹੈ। ਫਿਰ ਤੁਸੀਂ ਕੀ ਕਰਦੇ ਹੋ, ਤੁਹਾਨੂੰ ਕੋਈ ਪਤਾ ਨਹੀਂ ਚਲਦਾ। ਆਪਣੇ ਆਪ 'ਚ ਤੁਸੀ ਸੋਚਦੇ ਹੋ ਕਿ ਅਸੀ ਬਹੁਤ ਤਗੜੇ ਕੰਮ ਕਰ ਰਹੇ ਹਾਂ ਜਾਂ ਬੜੀ ਅਕਲ ਵਾਲੇ ਕੰਮ ਕਰ ਰਹੇ ਹਾਂ, ਪਰ ਉਹ ਪੁੱਠਾ ਹੁੰਦਾ ਹੈ, ਕਿਉਂ ਕਿ ਤੁਹਾਡੀ ਅਕਲ ਅੱਗੇ ਉਹਦੀ ਸ਼ਕਲ ਨਹੀਂ ਹੁੰਦੀ। ਜਦੋਂ ਉਹਦੀ ਸ਼ਕਲ ਤੁਹਾਡੇ ਅੱਗੇ ਆ ਜਾਂਦੀ ਹੈ ਤਾਂ ਤੁਹਾਡੀ ਫਿਰ ਅਕਲ ਕੰਮ ਨਹੀਂ ਕਰਦੀ। ਫਿਰ ਸਾਰਾ ਉਹਦਾ ਕੰਮ ਹੁੰਦਾ ਹੈ। ਜਦੋਂ ਤੁਸੀਂ ਮਹਾਂਪੁਰਖਾਂ ਦੇ ਬਚਨਾਂ ਤੋਂ ਦੂਰ ਚਲੇ ਜਾਂਦੇ ਹੋ ਤਾਂ ਤੁਹਾਡਾ ਹਾਲ ਵੀ ਉਸ ਅੰਗਿਆਰੀ ਵਾਲਾ ਹੀ ਹੁੰਦਾ ਹੈ। ਤੁਹਾਡੇ ਵਿਕਾਰ ਫਿਰ ਦੁਬਾਰਾ ਭਖ ਪੈਂਦੇ ਹਨ।

ਜਿਸ ਤਰ੍ਹਾਂ ਅਸੀਂ ਕਲ ਵੀ ਈਸਟਹੈਮ ਦੇ ਸਤਿਸੰਗ ਵਿਚ ਕਿਹਾ ਸੀ ਅਤੇ ਅਜ ਫਿਰ ਅਸੀਂ ਉਹੀ ਚੀਜ਼ ਦੁਹਰਾ ਰਹੇ ਹਾਂ। ਜਦ ਅਸੀ ਆਪਦੇ ਪ੍ਰੇਮੀਆਂ ਨਾਲ ਬੈਠਕੇ ਕਦੀ ਕਦੀ ਰੱਬੀ ਗੋਸ਼ਟ ਕਰਦੇ ਹੁੰਦੇ ਹਾਂ ਤਾਂ ਇਕ ਵਾਰ ਅਸੀ ਸਵਾਲ ਕੀਤਾ ਕਿ ਅਗਰ ਤੁਹਾਨੂੰ ਕਿਤੇ ਰੱਬ ਮਿਲ ਜਾਏ ਤਾਂ ਤੁਸੀਂ ਕੀ ਕਰੋਗੇ? ਸਾਰਿਆਂ ਨੇ ਆਪਣੀ ਆਪਣੀ ਬੁਧੀ ਮੁਤਾਬਕ ਜਵਾਬ ਦਿਤੇ ਔਰ ਅਖੀਰ ਵਿਚ ਇਕ ਗੁਰਮੁਖ ਨੇ ਸਾਨੂੰ ਆਖਿਆ ਕਿ ਮਹਾਰਾਜ ਜੀ ਤੁਸੀਂ ਇਸ ਬਾਰੇ ਕੀ ਕਹਿੰਦੇ ਹੋ? ਤਾਂ ਅਸੀ ਜਵਾਬ ਦਿੱਤਾ: ਰੱਬ ਜਦੋਂ ਮੈਨੂੰ ਮਿਲਿਆ ਜਾਂ ਜਦੋਂ ਉਸ ਨੇ ਮੈਨੂੰ ਭੇਜਿਆ ਤਾਂ ਇਕ ਚੀਜ਼ ਉਸ ਨੇ ਮੈਨੂੰ ਕਹੀ ਸੀ ਉਹ ਅੱਜ ਤਕ ਮੇਰੇ ਕੋਲ ਹੈ। ਉਹਦੇ ਪਾਸੋਂ ਨਾ ਮੈਂ ਸ਼ਕਤੀ ਮੰਗੀ, ਨਾ ਧੰਨ ਦੌਲਤ ਮੰਗਿਆ, ਨਾ ਸਰੀਰ, ਨਾ ਘਰ, ਨਾ ਪਰਿਵਾਰ। ਜੋ ਕੁਝ ਵੀ ਉਸ ਨੇ ਮੈਨੂੰ ਦਿੱਤਾ - ਆਪਣੀ ਨਿਆਮਤ ਸਦਕਾ ਦਿੱਤਾ। ਇਕ ਨਿਉਂਦਰੇ ਦੇ ਤੌਰ ਤੇ ਸਭ ਕੁਝ ਉਸ ਨੇ ਮੈਨੂੰ ਦਿੱਤਾ। ਨਿਉਂਦਰੇ ਤੋਂ ਭਾਵ ਹੈ ਦੂਣ ਸਵਾਇਆ ਕਰਨਾ ਭਾਵ ਮੈਂ ਰੁਪਈਆ ਦਿੱਤਾ ਉਸ ਨੇ ਮੈਨੂੰ ਦੋ ਰੁਪਈਏ ਦੇ ਦਿੱਤੇ। ਰੱਬ ਨੂੰ ਅਸਾਂ ਇਕੋ ਚੀਜ਼ ਕਹੀ ਸੀ ਕਿ ਸੱਜਣਾ ਤੂੰ ਮੇਰੇ ਕੰਮ ਕਰੀ ਜਾਹ ਮੈਂ ਤੇਰਾ ਕੰਮ ਕਰੀ ਜਾਵਾਂਗਾ। ਰੱਬ ਨੂੰ ਇਹੋ ਕਿਹਾ ਸੀ ਕਿ ਤੂੰ ਸਾਡਾ ਅੱਗਾ ਸਵਾਰ ਦੇਵੀਂ ਅਸੀਂ ਤੇਰੇ ਇਥੇ ਬੰਦੇ ਸਵਾਰ ਦਿਆਂਗੇ। ਉਸਦੀ ਡਿਊਟੀ ਅਸੀਂ ਸਿਰਫ ਚਾਰ ਘੰਟੇ, ਪੰਜ ਘੰਟੇ ਜਾਂ ਵਧ ਤੋਂ ਵਧ 8 ਘੰਟੇ ਤਕ ਕਰਦੇ ਹਾਂ ਪਰ ਉਹ ਸਾਡੀ ਡਿਊਟੀ 24 ਘੰਟੇ ਕਰਦਾ ਹੈ। ਸਾਡੇ ਨਾਲੋਂ ਕਿਤੇ ਜ਼ਿਆਦਾ ਦੂਣ ਸਵਾਈ। ਕਿਸੇ ਜੀਵ ਨੇ ਸਵਾਲ ਕੀਤਾ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਉਸ ਨੂੰ ਅਸੀ ਕਿਹਾ ਕਿ ਵੇਖੋ ਜਿਸ ਤਰ੍ਹਾਂ ਤੁਸੀਂ ਸਾਨੂੰ ਮਹਾਰਾਜ ਤੌਰ ਤੇ ਮੰਨਦੇ ਹੋ। ਮੈਂ ਇਥੇ ਬੈਠਾ ਹਾਂ। ਇਧਰ ਮੈਂ ਸੌਂਦਾ ਹਾਂ ਤਾਂ ਸਾਡੀ ਇੰਡੀਆ ਵ੍ਹਿਚ ਗੱਦੀ ਸ਼ੁਰੂ ਹੁੰਦੀ ਹੈ। ਇਧਰ ਅਸੀਂ 4-5 ਵਜੇ ਉੱਠ ਕੇ ਮਿਸ਼ਨ ਦਾ ਕੰਮ ਕਰਨਾ ਸ਼ੁਰੂ ਕਰਦੇ ਹਾਂ ਤਾਂ ਉਧਰ ਸੰਧਿਆ ਦੀ ਆਰਤੀ ਹੋ ਕੇ ਬਿਲਕੁਲ ਸਮਾਪਤੀ ਹੋਈ ਹੁੰਦੀ

ਹੈ। ਜਦੋਂ ਅਸੀ ਸੌਂਦੇ ਹਾਂ ਤਾਂ ਰੱਬ ਉਧਰ ਚਲਾ ਜਾਂਦਾ ਹੈ ਔਰ ਜਦੋਂ ਅਸੀਂ ਇਧਰ ਉੱਠਦੇ ਹਾਂ ਤਾਂ ਰੱਬ ਇਧਰ ਆ ਜਾਂਦਾ ਹੈ। ਅਸਲ ਵਿਚ ਸਾਧ ਸੰਗਤ ਜੀ ਸਵਾਲ ਇਹ ਨਹੀ ਹੈ, ਅਸਲ ਵਿਚ ਉਹ ਤਾਂ ਹਰ ਥਾਂ ਰਮਿਆ ਹੋਇਆ ਹੈ। ਸਿਰਫ ਜਿਹੜਾ ਤੱਕਣ ਵਾਲਾ ਹੈ, ਉਹ ਉਹਦੀ ਡਿਊਟੀ ਵਿਚ ਹੋਣਾ ਚਾਹੀਦਾ ਹੈ। ਅਸੀ ਕਿਤੇ ਜਾਣਾ ਹੋਵੇ ਤਾਂ ਸਾਨੂੰ ਸੌ ਸੋਚਾਂ ਲਗ ਜਾਂਦੀਆਂ ਹਨ ਕਿ ਕਿਸ ਤਰ੍ਹਾਂ ਜਾਵਾਂਗੇ। ਪਰ ਰੱਬ ਇਕ ਛਿਨ ਭੀਤਰ ਮਾਮੂਲੀ ਬੋਲ ਤੋਂ ਵੀ ਪਹਿਲਾਂ ਉਥੇ ਪਹੁੰਚ ਜਾਂਦਾ ਹੈ। ਸੋ ਤੁਹਾਨੂੰ ਵੀ ਚਾਹੀਦਾ ਹੈ ਕਿ ਕਿਸੇ ਮਹਾਪੁਰਖ ਦੀ ਸ਼ਰਨ ਵਿਚ ਜਾ ਕੇ ਉਹਦਾ ਕੰਮ ਆਪਣੇ ਉਪਰ ਲਓ ਔਰ ਆਪਣਾ ਉਹਦੇ ਉਪਰ ਸੁਟ ਦਿਉ। ਭਾਵ ਉਹਦੇ ਹੋ ਜਾਉ। ਪਰ ਜਦੋਂ ਤੁਸੀਂ ਆਪਣੇ ਕੰਮ ਕਾਰ ਆਪ ਸਵਾਰਨ ਲਗਦੇ ਹੋ ਤਾਂ ਉਹਨੂੰ ਕੀ ਜ਼ਰੂਰਤ ਹੈ ਤੁਹਾਡੇ ਕੰਮ ਸਵਾਰਨ ਦੀ। ਕੀ ਲੋੜ ਹੈ ਉਹਨੂੰ ਤੁਹਾਡੇ ਕੋਲ ਬੈਠਣ ਦੀ, ਖਲੋਣ ਦੀ? ਰੱਬ ਕਦੀ ਵੀ ਇਸ ਤਰ੍ਹਾਂ ਤੁਹਾਡੇ ਪਾਸ ਨਹੀਂ ਆਵੇਗਾ। ਕਿਉਂ ਕਿ ਤੁਸੀਂ ਆਪਣੇ ਕੰਮ ਆਪ ਸਵਾਰਦੇ ਹੋ। ਤੁਸੀ ਉਹਦੇ ਨਹੀਂ ਬਣੇ। ਤੁਸੀ ਉਹਦੇ ਤੇ ਯਕੀਨ ਨਹੀਂ ਕੀਤਾ। ਇਹ ਜੋ ਕੁਝ ਤੁਸੀ ਕਰਦੇ ਹੋ ਆਪਣੇ ਲਈ ਕਰਦੇ ਹੋ - ਇਹ ਤੁਹਾਡਾ ਕਰਮ ਹੈ। ਕਰਮ ਭੋਗਣਾ ਔਰ ਕਰਮ ਕਮਾਉਣਾ ਦੋ ਅਰਥ ਹਨ। ਜਿਸ ਤਰ੍ਹਾਂ ਕਿਸਾਨ ਹੈ ਉਸਦੇ ਕੰਮ ਨੂੰ ਦੋ ਤਰੀਕਿਆਂ ਨਾਲ ਅਸੀਂ ਬਿਆਨ ਕਰ ਰਹੇ ਹਾਂ। ਇਕ ਹੈ ਹਾੜੀ ਦੀ ਫਸਲ ਔਰ ਦੂਜੀ ਹੈ ਸੌਣੀ ਦੀ ਫਸਲ। ਹਾੜੀ ਦੀ ਫਸਲ ਕਿਸਾਨ ਨੇ ਕਟੀ ਸਭ ਤੋਂ ਪਹਿਲਾਂ - ਉਸ ਨੇ ਆਪਣਾ ਕਰਜ਼ਾ ਉਤਾਰਿਆ। ਆਪਦੇ ਖਾਣ ਜੋਗੇ ਦਾਣੇ ਰਖੇ ਬਾਕੀ ਵਾਧੂ ਜਮਾਂ ਕਰ ਲਏ। ਸਿਰਫ ਔਖੇ ਵਕਤ ਵਾਸਤੇ। ਇਸੇ ਤਰ੍ਹਾਂ ਸੌਣੀ ਦੀ ਫਸਲ ਨਾਲ ਕੀਤਾ। ਇਸੇ ਤਰ੍ਹਾਂ ਹੀ ਸਾਡੇ ਕਰਮ, ਸੰਸਕਾਰ ਹਨ। ਪਿਛੇ ਅਗਰ ਮਾੜੇ ਕਰਮ ਕੀਤੇ ਤਾਂ ਸਾਨੂੰ ਹੁਣ ਮਾੜੇ ਭੁਗਤਾਣ ਕਰਨੇ ਪਏ। ਪਿਛੇ ਚੰਗੇ ਕਰਮ ਕੀਤੇ ਤਾਂ ਸਾਨੂੰ ਚੰਗੇ ਭੁਗਤਾਨ ਕਰਨੇ ਪਏ।

ਜਿਹੜੇ ਭੁਗਤਾਨ ਅਸੀ ਜਿਉਂਦੇ ਜੀ ਕਰਦੇ ਹਾਂ - ਮਰਨ ਤੋਂ ਉਪਰੰਤ ਸਾਂਡਾ ਬੈਲੈਂਸ ਫਿਰ ਸਾਨੂੰ ਮਿਲਦਾ ਹੈ। ਇਕ ਸ਼ਕਲ ਤੁਹਾਡੀ ਇਥੇ ਸਰੀਰ ਰੂਪ ਵਿਚ ਬੈਠੀ ਹੈ। ਇਕ ਬੈਕੁੰਠ ਧਾਮ ਵਿਚ ਹੈ। ਉਥੇ ਤੁਹਾਡਾ ਪੁਤਲਾ ਜਿਸ ਤਰ੍ਹਾਂ ਵੀ ਖੇਡਦਾ ਹੈ ਉਸੇ ਤਰ੍ਹਾਂ ਹੀ ਤੁਸੀ ਥਲੇ ਕੰਮ ਕਰਦੇ ਹੋ।

ਰੱਬ ਪ੍ਰਕ੍ਰਿਤੀ ਭਾਵ ਦਰਖਤਾਂ ਵਿਚ ਨਹੀ ਹੈ:

ਦਰਖਤ ਉਹਦੀ ਸੋਭਾ ਹਨ। ਅਸਲ ਵਿਚ ਤੁਹਾਡੇ ਵਿਚ ਉਹ ਹੈ ਹੀ ਨਹੀਂ,

ਤੁਸੀਂ ਉਹਦੀ ਇਕ ਚਮਕ ਹੋ, ਉਹਦੀ ਲੋਅ ਹੋ। ਉਹਦਾ ਨਿਖਾਰ ਹੋ, ਉਹਦੀ ਸੋਭਾ ਹੋ ਆਪ ਜਦੋਂ ਉਸ ਨੇ ਤੁਹਾਡੇ ਵਿਚ ਆ ਜਾਣਾ ਹੈ ਤਾਂ ਤੁਸੀਂ ਇਹ ਨਹੀਂ ਰਹਿਣਾ, ਜੋ ਤੁਸੀਂ ਹੁਣ ਹੋ। ਹੁਣ ਤੁਹਾਡੇ ਵਿਚ ਉਹ (ਪ੍ਰਮਾਤਮਾ) ਨਹੀਂ - ਇਹ ਸਿਰਫ਼ ਤੁਹਾਡਾ ਇਕ ਭੁਲੇਖਾ ਹੈ। ਜਦੋਂ ਤੁਸੀਂ ਇਹ ਸਮਝਦੇ ਹੋ ਕਿ ਰੱਬ ਤੁਹਾਡੇ ਅੰਦਰ ਹੈ ਤਾਂ ਉਦੋਂ ਤੁਸੀਂ ਹੰਕਾਰ 'ਚ ਆ ਜਾਂਦੇ ਹੋ, ਤੁਹਾਡੇ 'ਚ ਗਰੂਰ ਆ ਜਾਂਦਾ ਹੈ। ਜਦੋਂ ਤੁਸੀਂ ਸੋਚਦੇ ਹੋ ਕਿ ਰੱਬ ਤੁਹਾਡੇ 'ਚੋਂ ਬਾਹਰ ਹੈ ਤਾਂ ਤੁਹਾਡੇ 'ਚ ਨਿਮਰਤਾ ਆ ਜਾਂਦੀ ਹੈ। ਉਸ ਵਕਤ ਤੁਸੀਂ ਫਿਰ ਮੰਦਰ, ਗੁਰਦੁਆਰਿਆਂ ਵਿਚ ਜਾ ਕੇ ਮੱਥਾ ਟੇਕਣ ਲੱਗ ਪੈਂਦੇ ਹੋ। ਫਿਰ ਤੁਸੀਂ ਉਸੇ ਰੱਬ ਦੀਆਂ ਮਿੰਨਤਾਂ ਕਰਦੇ ਹੋ ਕਿ ਹੇ ਪ੍ਰਮਾਤਮਾ ਸਾਡੇ ਮਾੜੇ ਕਰਮਾਂ ਨੂੰ ਮੁਆਫ ਕਰ ਦੇਣਾ। ਉਦੋਂ ਤੁਸੀਂ ਰੱਬ ਨੂੰ ਉਨ੍ਹਾਂ ਗੁਰਦੁਆਰਿਆਂ, ਮੰਦਰਾਂ, ਮਸੀਤਾਂ 'ਚ ਮਹਿਸੂਸ ਕਰਦੇ ਹੋ। ਜਦੋਂ ਤੁਸੀਂ ਉਸ ਨੂੰ ਅੰਦਰ ਸਮਝਦੇ ਹੋ ਤਾਂ ਉਦੋਂ ਕਿਸੇ ਨਾਲ ਬੋਲਣਾ ਪਸੰਦ ਨਹੀਂ ਕਰਦੇ। ਆਖਰ 'ਚ ਸਵਾਲ ਇਹ ਪੈਦਾ ਹੁੰਦਾ ਹੈ ਕਿ ਰੱਬ ਨੂੰ ਕਿਥੇ ਰਖਣਾ ਚਾਹੀਦਾ ਹੈ? ਰੱਬ ਨੂੰ ਸਾਹਮਣੇ ਵੀ, ਸੱਜੇ ਵੀ ਨਹੀਂ, ਖੱਬੇ ਵੀ ਨਹੀਂ, ਅਤੇ ਅੰਦਰ ਵੀ ਨਹੀਂ। ਤੁਸੀਂ ਸਿਰਫ ਉਸ ਨੂੰ ਆਪਣੇ ਪਿਛੇ ਮੰਗੋ, ਉਸ ਨੂੰ ਕਹੋ ਕਿ ਰੱਬਾ ਮੇਰੇ ਪਿਛੇ ਖਲੋ ਕੇ ਮਿਹਰ ਕਰੀ ਜਾਹ। ਤੁਸੀਂ ਵੇਖਿਆ ਹੋਵੇਗਾ ਕਿ ਜਿੰਨੇ ਵੀ ਰੱਬੀ ਪੈਗੰਬਰ ਹਨ ਉਹਨਾਂ ਦਾ ਪ੍ਰਕਾਸ਼ ਪਿਛਲੇ ਪਾਸੇ ਦਰਸਾਇਆ ਜਾਂਦਾ ਹੈ। ਤੁਸੀਂ ਪ੍ਰਮਾਤਮਾ ਨੂੰ ਕਹੋ ਕਿ ਮੇਰੇ ਪਿਛੇ ਹੱਥ ਰਖ। ਜੇਕਰ ਰੱਬ ਦਾ ਹੱਥ ਤੁਹਾਡੇ ਪਿਛੇ ਹੋਵੇ ਗਾ ਤੁਸੀਂ ਕਦੇ ਵੀ ਢਹਿੰਦੀਆਂ ਕਲਾਂ 'ਚ ਨਹੀਂ ਜਾਵੋਗੇ। ਸਦਾ ਚੜ੍ਹਦੀਆਂ ਕਲਾਂ ਵਿਚ ਹੀ ਜਾਉਗੇ।

ਆਮ ਕਹਾਵਤ ਹੈ ਕਿ ਘੋੜੇ ਦੇ ਪਿਛਾੜੀ ਤੇ ਅਫਸਰ ਦੀ ਅਗਾੜੀ ਕਦੀ ਨਾ ਹੋਵੋ। ਇਸੇ ਤਰ੍ਹਾਂ ਹੀ ਰੱਬ ਵੀ ਇਕ ਅਫਸਰ ਹੈ। ਉਹਦੇ ਕਦੇ ਵੀ ਅਗਾੜੀ ਨਾ ਹੋਵੋ। ਵ੍ਹਹਦੀ ਹਾਜ਼ਰੀ ਭਾਵ ਮਿਹਰ ਭਰਿਆ ਹੱਥ ਹਮੇਸ਼ਾ ਉਸ ਪਾਸੋਂ ਪਿਛੇ ਹੀ ਮੰਗੋ ਤਾਂ ਜੋ ਤੁਹਾਨੂੰ ਉਹ ਤੁਹਾਡੇ ਕੰਮ ਕਰਨ ਲਈ ਖੁਲ੍ਹੀ ਛੁਟੀ ਦੇ ਕੇ ਰੱਖੇ। ਜਿਸ ਤਰ੍ਹਾਂ ਘੋੜੇ ਦੀ ਲਗਾਮ ਬੰਦਾ ਆਪਣੇ ਹੱਥ ਵਿਚ ਫੜ ਕੇ ਉੱਤੇ ਬੈਠ ਜਾਂਦਾ ਹੈ, ਘੋੜੇ ਦਾ ਮੂੰਹ ਔਰ ਲਗਾਮ ਪਿਛੇ ਹੁੰਦੀ ਹੈ ਤਾਂ ਇਸ ਤਰ੍ਹਾਂ ਆਦਮੀ ਉਸ ਨੂੰ ਦੁੜਾਉਂਦਾ ਹੈ। ਜਦੋਂ ਉਤਰ ਪੈਂਦਾ ਹੈ ਤਾਂ ਘੋੜਾ ਖਲੋ ਜਾਂਦਾ ਹੈ। ਤੁਸਾਂ ਵੇਖਿਆ ਹੋਵੇਗਾ ਕਿ ਇਸ ਤਰ੍ਹਾਂ ਘੋੜੇ ਦੀ ਅਗੋਂ ਲਗਾਮ ਫੜਕੇ ਭਾਵ ਜਿੰਨਾ ਮਰਜ਼ੀ ਅੱਗੇ ਨੂੰ ਖਿੱਚੋ ਉਹ ਕਦੀ ਵੀ ਪਹਿਲੇ ਜਿੰਨ੍ਹਾਂ ਖੁਲ੍ਹ ਕੇ ਨਹੀਂ ਦੌੜ ਸਕੇਗਾ। ਇਸ ਤਰ੍ਹਾਂ ਹੀ ਜੀਵ ਨੂੰ ਆਪਣੇ ਜੀਵਨ ਦੀ ਲਗਾਮ ਰੱਬ ਨੂੰ ਫੜਾ ਕੇ ਆਪਦੇ ਅੱਗੇ ਨਹੀਂ ਸਮਝਣਾ ਚਾਹੀਦਾ ਉਸ ਨੂੰ ਹਮੇਸ਼ਾਂ ਆਪਣੇ ਪਿੱਛੇ

ਰੱਖੋ। ਇਸ ਤਰ੍ਹਾਂ ਰੱਬ ਤੁਹਾਡੀ ਜ਼ਿੰਦਗੀ ਅਸਲ ਤਰੀਕੇ ਨਾਲ ਚਲਾ ਸਕਦਾ ਹੈ, ਤੁਸੀ ਆਪਣੀ ਜ਼ਿੰਦਗੀ 'ਚ 'ਰਫ਼ਤਾਰ ਫੜ ਸਕਦੇ ਹੋ। ਖੁਸ਼ੀਆਂ ਮਾਣ ਸਕਦੇ ਹੋ। ਤੁਹਾਨੂੰ ਕਦੀ ਕੋਈ ਕਲਪਣਾ ਨਹੀਂ ਲਗੇਗੀ, ਉਹਦਾ ਭਾਣਾ ਹੱਸਕੇ ਮੰਨ ਸਕੋਗੇ।

ਸੋ ਇਸ ਲਈ ਅੱਜ ਦੇ ਮਹੀਨੇ ਉਤੇ ਜੋ ਮਹਾਰਾਜ ਨੇ ਕਿਹਾ ਹੈ ਕਿ ਦਰਦ ਆਪਣਾ ਆਪਣਾ ਹੈ। ਇਕ ਵਾਰ ਦੀ ਗੱਲ ਹੈ ਕਿ ਮਹਾਰਾਜ ਏਸਨਾਬਾਦ ਬੈਠੇ ਸਨ, ਜ਼ੁਲਮ ਹੋ ਰਿਹਾ ਹੈ। ਮਰਦਾਨਾ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕਰ ਰਿਹਾ ਹੈ ਕਿ ਹਜ਼ੂਰ ਦੇਖੋ ਸਾਹਮਣੇ ਧੀਆਂ ਭੈਣਾਂ ਦੀ ਇੱਜ਼ਤ-ਪੱਤ ਲੁਟੀ ਜਾ ਰਹੀ ਹੈ। ਤੁਸੀ ਤਕ ਰਹੇ ਹੋ ਪ੍ਰੰਤੂ ਕੁਝ ਕਰ ਨਹੀਂ ਰਹੇ। ਗੁਰੂ ਸਾਹਿਬ ਕਹਿਣ ਲੱਗੇ ਕਿ ਇਨ੍ਹਾਂ ਨੂੰ ਮੈਂ ਕੁਝ ਨਹੀ ਕਹਿਣਾ ਕਿਉਂ ਕਿ ਇਨ੍ਹਾਂ ਨੇ ਆਪਣੇ ਗੁਨਾਹਾਂ ਤੋਂ ਕਦੇ ਬਾਜ਼ ਨਹੀ ਆਉਣਾ। ਤਾਂ ਅਗੋਂ ਮਰਦਾਨਾ ਕਹਿਣ ਲੱਗਾ ਮਹਾਰਾਜ ਜੀ ਫਿਰ ਕਿਸਨੂੰ ਆਖਣਾ ਹੈ। ਅਗੋਂ ਗੁਰੂ ਸਾਹਿਬਾਨ ਖੜੇ ਹੋ ਗਏ ਔਰ ਕਹਿਣ ਲੱਗੇ:—

*ਏਤੀ ਮਾਰ ਪਈ ਕੁਰਲਾਣੇ,*

*ਤੈਂ ਕੀ ਦਰਦ ਨ ਆਇਆ।।*

ਕਹਿਣ ਲੱਗੇ ਬੰਦਿਆਂ ਨੇ ਕਦੀ ਨਹੀਂ ਮੁੜਨਾ ਇਹ ਲੋਕ ਇਕ ਬੱਚੇ ਦੀ ਨਿਆਈਂ ਹਨ। ਜਿਸ ਤਰ੍ਹਾਂ ਇਕ ਬੱਚਾ ਸ਼ਰਾਰਤ ਕਰਨ ਤੋਂ ਕਦੀ ਬਾਜ ਨਹੀ ਆ ਸਕਦਾ ਇਸੇ ਤਰ੍ਹਾਂ ਇਨ੍ਹਾਂ ਲੋਕਾਂ ਦੀ ਬੁਧੀ ਆਪਦੇ ਮਾੜੇ ਕਰਮਾਂ ਦੀ ਖਾਤਰ ਇੰਨੀ ਕਮਜ਼ੋਰ ਹੋ ਚੁਕੀ ਹੈ ਕਿ ਚੱਗੇ ਮਾੜੇ ਦੀ ਪਹਿਚਾਣ ਕਰਨਾ ਇਨਾਂ ਵਾਸਤੇ ਬਹੁਤ ਔਖਾ ਹੈ। ਇਸੇ ਤਰ੍ਹਾਂ ਸਾਡਾ ਜਿਹੜਾ ਦਰਦ ਹੈ ਉਹ ਸਿੱਧਾ ਰੱਬ ਵੱਲ ਹੀ ਹੁੰਦਾ ਹੈ। ਸਾਡੀ ਕੋਸ਼ਿਸ਼ ਇਹੀ ਹੁੰਦੀ ਹੈ ਕਿ ਤੁਹਾਨੂੰ ਕੁਝ ਕਹਿਣ ਦੀ ਜਗ੍ਹਾ ਰੱਬ ਨੂੰ ਕਿਹਾ ਜਾਏ - ਉਹ ਠੀਕ ਹੈ। ਕਿਉਂਕਿ ਤੁਹਾਡੇ ਲੋਕਾਂ ਤੇ ਸਾਡੇ ਕਹਿਣ ਦਾ ਕੋਈ ਫਰਕ ਨਹੀ ਪੈਣਾ। ਅਸੀਂ ਨਾਮ ਦਿੱਤਾ, ਕਈ ਲੋਕ ਨਾਮ ਲੈ ਕੇ ਚਲੇ ਗਏ। ਕਈ ਆਏ ਹਨ, ਅਰਦਾਸ ਕੀਤੀ ਔਰ ਸਭ ਕੁਝ ਪ੍ਰਾਪਤ ਕੀਤਾ। ਉਹ ਵੀ ਚਲੇ ਗਏ। ਜਦੋਂ ਵੀ ਅਸੀ ਕੁਝ ਆਖਦੇ ਹਾਂ ਉਹ ਸਿਰਫ ਅਸੀ ਆਪਦੇ ਸ਼ਬਦਾਂ ਵਿਚ, ਗੀਤਾਂ ਵਿਚ, ਜਾਂ ਆਪਣੀਆਂ ਨਜ਼ਮਾਂ ਵਿਚ ਹੀ ਆਖਦੇ ਹਾਂ। ਸਿੱਧਾ ਅਸੀ ਕਦੇ ਵੀ ਕਿਸੇ ਨੂੰ ਕੁਝ ਨਹੀ ਕਿਹਾ। ਹਮੇਸ਼ਾਂ ਸਾਡੀ ਹਾਂ ਤੁਹਾਡੀ ਹਾਂ ਵਿਚ ਹੁੰਦੀ ਹੈ। ਰਾਤੀ ਵੀ ਅਸੀਂ ਲੇਟੇ ਹੋਏ ਸੀ ਔਰ ਆਪਣੇ ਰੱਬ ਨੂੰ ਕਹਿ ਰਹੇ ਸੀ ਕਿ ਸਜਣਾ ਅਸੀ ਤੇਰਾ ਬੜਾ ਕੰਮ ਕੀਤਾ ਹੈ। 16 ਸਾਲ ਤੇਰੀ ਨੌਕਰੀ ਕਰਦਿਆਂ ਬੀਤ ਗਏ ਹਨ। 12 ਸਾਲ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ

– ਸਾਡੀ ਵੀ ਹੁਣ ਸੁਣ – ਸਾਨੂੰ ਆਹ ਚੀਜ਼ ਦੀ ਜ਼ਰੂਰਤ ਹੈ। ਜੇ ਤੂੰ ਦੇ ਦੇਵੇਂਗਾ ਤਾਂ ਤੇਰੇ ਤੋਂ ਸਦਕੇ ਜਾਵਾਂਗੇ, ਜੇ ਤੂੰ ਨਹੀਂ ਦੇਵੇਂਗਾ ਤਾਂ ਫਿਰ ਵੀ ਅਸੀ ਤੇਰੇ ਹੀ ਹਾਂ। ਤੇਰੇ ਤੇ ਗਿਲਾ ਕੋਈ ਨਹੀਂ ਹੈ, ਕਾਹਦਾ ਤੇਰੇ ਤੇ ਰੋਸ ਕਰਨਾ ਹੈ ਅਸਾਂ ਨੂੰ ਤੂੰ ਬਹੁਤ ਮਾਇਆ ਤੇ ਕਾਇਆਂ ਦਿੱਤੀ ਹੋਈ ਹੈ। ਇਹ ਤੇਰੀ ਰਹਿਮਤ ਹੈ ਨਾ ਕਿ ਸਾਡੀ ਅਕਲ ਮਤ ਹੈ। ਅਸੀ ਇਕ ਆਪਣੇ ਸ਼ਿਅਰ 'ਚ ਲਿਖਿਆ ਹੈ:–

***ਖੁਦਾ ਮਸਰੂਫ ਹੈ ਆਪਣੇ ਕਾਮੋਂ ਮੇਂ ਮੁਕੰਮਲ***

***ਬੰਦੇ ਕੋ ਇਹਤਰਾਮ ਦੇਤਾ ਹੈ ਤਦਬੀਰੋ ਦੇ ਬਾਦ***

ਉਹ ਆਦਮੀ ਨੂੰ ਔਲਾਦ ਨਹੀ ਦਿੰਦਾ, ਇਜ਼ਤ ਦਿੰਦਾ ਹੈ, ਕਦੋਂ, ਜਦੋਂ ਬੰਦਾ ਮਿਹਨਤ ਕਰਦਾ ਹੈ।

ਉਹ ਦੌਲਤ ਨਹੀਂ ਦਿੰਦਾ ਸਤਿਕਾਰ ਦਿੰਦਾ ਹੈ। ਮਾਣ ਦਿੰਦਾ ਹੈ, ਰਾਜ ਭਾਗ ਦਿੰਦਾ ਹੈ। ਤਪ ਤੋਂ ਰਾਜ ਦਿੰਦਾ ਹੈ।

ਰਾਤੀ ਅਸੀਂ ਆਪਣੇ ਸਾਹਿਬ ਨੂੰ ਆਪਣੀ ਰਚਨਾ ਰਾਹੀਂ ਕੁਝ ਕਹਿ ਰਹੇ ਸਾਂ। ਕੁਝ ਲਿਖਿਆ ਹੈ ਔਰ ਕੁਝ ਹੋਰ ਲਿਖਾਂਗੇ। ਸਵੇਰੇ ਵੀ ਸਾਡੇ ਅੰਦਰ ਇਹੋ ਚੀਜ਼ ਗੂੰਜ ਰਹੀ ਸੀ ਕਿ ਵੇਖ ਕੀ ਹੋ ਰਿਹਾ ਹੈ। ਸੋ ਛੋਟੇ ਲਫ਼ਜ਼ਾਂ 'ਚ ਕਹਿ ਰਹੇ ਸੀ:–

***ਤੇਰੇ ਤੋਲ ਤਰਾਜੀ ਤੋਂ ਲੈ ਕੇ ਸ਼ਪਥ ਤਲਵਾਰ ਦੀ ਨੋਕ ਤਕ***

***ਤੇਜ਼ ਧਾਰਾਂ ਆਰਿਆਂ ਦੀਆਂ ਅਸਾਂ ਮੁਸੀਬਤਾਂ ਝਲੀਆਂ ਨੇ ਤੇਰੀ ਖਾਤਰ।***

***ਤੇਰੀ ਸੋਚ ਦੇ ਸਦਕੇ ਜਿਨ੍ਹਾਂ ਮੰਨਿਆ ਭਾਣਾ***

***ਚਰਖੜੀ ਚੜ੍ਹੇ ਆਸ਼ਕ, ਸੂਲੀਆਂ ਚੁੰਮ ਗਏ ਤੇਰੇ ਇਸ਼ਕ ਖਾਤਰ***

***ਜਿਸ ਸਾਂਝ ਨੂੰ ਤੂੰ ਕਦੇ ਜਗਾਇਆ ਸੀ,***

***ਉਹ ਬੁਝੀ ਏ ਓਦੋਂ ਦੀ ਹੁਣ ਤੀਕਰ।***

ਕਿ ਜਿਸ ਨੂੰ ਤੂੰ ਜਗਾ ਕੇ ਗਿਆ ਸੀ ਉਹ ਓਦੋਂ ਦੀ ਬੁਝ ਗਈ ਹੈ। ਔਰ ਹੁਣ ਤਕ ਬੁਝੀ ਹੀ ਆ ਰਹੀ ਹੈ। ਸੋ ਇਹ ਲਫ਼ਜ਼ਾਂ ਦੀ ਤਕਸੀਮ ਹੀ ਇਕ ਰੱਬੀ ਪੁਕਾਰ ਹੈ। ਤੇ ਇਹੋ ਹੀ ਇਕ ਮਾਲਾ ਹੈ। ਗੁਰਬਾਣੀ ਵੀ ਲਫ਼ਜ਼ਾ ਦੀ ਤਕਸੀਮ ਹੈ, ਖੁਦਾਈ ਉਸਤਤ ਹੈ। ਤੁਹਾਡੀ ਇਹ ਪੂੰਜੀ ਨਹੀਂ ਹੈ, ਇਹ ਉਹਦੀ ਵਡਿਆਈ ਹੁੰਦੀ ਹੈ, ਤੁਹਾਡਾ ਉਸ ਉਪਰ ਕੋਈ ਹਕ ਨਹੀਂ ਬਣਦਾ। ਤੁਸੀ ਉਸਦਾ ਜਸ ਕਰ ਸਕਦੇ

ਹੈ। ਸੋ ਸਾਹਿਬ ਹੁਣ ਵੇਖੋ ਕੀ ਫੁਰਮਾਨ ਕਰਦੇ ਹਨ:—

***ਬਿਖਿਆ ਰੰਗ ਕੂੜਾਇਆ ਦਿਸਨ ਸਭੇ ਛਾਰੁ।।***

***ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲ ਸਾਧੂ ਪੀਵਣਹਾਰੁ।।***

ਸਾਹਿਬ ਫਿਰ ਸਾਨੂੰ ਬੜੇ ਪਿਆਰ ਨਾਲ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਸਰਸੋਂ ਤੋਂ ਸਾਗ ਬਣਦਾ ਹੈ, ਸਰਸੋਂ ਤੋਂ ਤੇਲ ਵੀ ਨਿਕਲਦਾ ਹੈ ਜੋ ਸਾਡੇ ਸਰੀਰਾਂ ਨੂੰ ਤਰਾਵਟ ਦਿੰਦਾ ਹੈ ਅਤੇ ਉਸ ਵਿਚੋਂ ਹੋਰ ਵੀ ਅਨੇਕਾਂ ਚੀਜ਼ਾਂ ਨਿਕਲਦੀਆਂ ਹਨ। ਮਹਿਰੂ ਡੰਗਰ ਨੂੰ ਅਗਰ ਸਰੋਂ ਦਾ ਤੇਲ ਦਿੱਤਾ ਜਾਏ ਤਾਂ ਆਪਣਾ ਦੁੱਧ ਵਧਾ ਲੈਂਦਾ ਹੈ। ਇਸੇ ਤਰ੍ਹਾਂ ਹੀ ਜਿਹੜਾ ਇਹ ਨਾਮ ਹੈ, ਇਸ ਵਿਚ ਵੀ ਇਕ ਰਸ ਹੈ, ਇਕ ਤੇਲ ਹੈ, ਇਕ ਹਿਰਦੇ ਵਿਚ ਅਤਰ ਹੈ ਜਿਸ ਨੂੰ ਕਢਣ ਵਾਸਤੇ ਸੰਤ ਰੂਪੀ ਕੋਹਲੂ ਚਾਹੀਦਾ ਹੈ। ਆਤਮਾ ਰੂਪੀ ਪ੍ਰਕਾਸ਼ ਨਾਲ ਉਸ ਕੋਹਲੂ ਵਿਚ ਜੇ ਇਹ ਨਾਮ ਪੀਸਿਆ ਜਾਏ ਤਾਂ ਫਿਰ ਉਹ ਤੇਲ ਦੀ ਧਾਰ ਨਿਕਲੇਗੀ। ਉਹ ਲਭਣਾ ਸਾਨੂੰ ਜ਼ਰੂਰੀ ਹੈ ਅਗੋਂ ਵੇਖੋ ਹਜ਼ੂਰ ਕੀ ਫੁਰਮਾਨ ਕਰਦੇ ਹਨ:

***ਵਣ ਤਿਣੁ ਪ੍ਰਭ ਸੰਗਿ ਮਉਲਿਆ ਸਮਰਥ ਪੁਰਖ ਅਪਾਰੁ।।***

***ਹਰਿ ਮਿਲਣੈ ਨੋ ਮਨੁ ਲੋਚਦਾ ਕਰਮ ਮਿਲਾਵਣਹਾਰੁ।।***

ਸਾਹਿਬ ਕਿੰਨੇ ਪਿਆਰ ਨਾਲ ਹਰੀ, ਪ੍ਰਮਾਤਮਾ ਦੀ ਵਡਿਆਈ, ਪ੍ਰਮਾਤਮਾ ਦੀ ਪ੍ਰਸੰਸਾ, ਗੁਨਗਾਨ, ਪ੍ਰਮਾਤਮਾ ਦਾ ਜਸ ਕਰ ਰਹੇ ਹਨ ਔਰ ਕਹਿੰਦੇ ਹਨ ਕਿ ਉਸ ਨੂੰ ਮਿਲਣ ਲਈ ਦਿਲ ਲੋਚਦਾ ਹੈ, ਤਰਸਦਾ ਹੈ। ਹੁਣ ਵੇਖੋ ਤੁਸੀਂ ਲੋਕ ਆਪਸ ਵਿਚ ਰੱਬ ਦੇ ਨਾਵਾਂ ਤੋਂ ਕਿਸ ਤਰ੍ਹਾਂ ਲੜਦੇ ਹੋ। ਕੋਈ ਕਹਿੰਦਾ ਹੈ ਵਾਹਿਗੁਰੂ ਜਪਣਾ ਹੈ, ਕੋਈ ਕਹਿੰਦਾ ਹੈ ਸਤਿਨਾਮ ਜਪੋ ਜੀ, ਹੋਰ ਕੋਈ ਪੂਜਾ ਪਾਠ ਹੀ ਨਹੀਂ। ਕੋਈ ਕਹਿੰਦਾ ਹੈ ਕਿ ਰਾਮ ਰਾਮ ਕਹੋ - ਕੋਈ ਕਹਿੰਦਾ ਹਰੀ ਕ੍ਰਿਸ਼ਨ ਕਹੋ ਇਹ ਸਭਨਾਂ ਤੋਂ ਉੱਚਾ ਹੁੰਦਾ ਹੈ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਹਰਿ ਨਾਮ ਕਿਸਦਾ ਹੈ। ਪੱਤੇ ਪੱਤੇ ਤੇ ਲਿਖਿਆ ਗਿਆ ਹੈ ਹਰਿ ਹਰਿ ਹਰਿ........। ਇਹ ਕਿਸਦਾ ਨਾਮ ਹੈ? ਕੀ ਉਹ ਵਾਹਿਗੁਰੂ, ਅੱਲਾ, ਈਸ਼ਵਰ ਹੈ? ਕੀ ਨਾਮ ਹੈ ਉਸਦਾ? ਅਗਰ ਜੇ ਹਰਿ ਦਾ ਸ਼ਬਦੀ ਅਰਥ ਦੇਖਿਆ ਜਾਏ ਤਾਂ ਇਹ ਸੰਸਕ੍ਰਿਤ ਦਾ ਲਫ਼ਜ਼ ਹੈ। ਇਸਦਾ ਅਰਥ ਹੈ "ਸ਼ਿਵ" ਜ਼ਨਮ ਦੇਣ ਵਾਲੀ ਤਾਕਤ। ਵਿਸ਼ਨੂੰ - ਪਾਲਣ ਪੋਸਣ ਕਰਨ ਵਾਲੀ ਤਾਕਤ। ਬ੍ਰਹਮਾ - ਗਿਆਨ ਦੇਣ ਵਾਲੀ ਤਾਕਤ। ਇਕ ਲਫ਼ਜ਼ ਹੈ "ਹਰੀ" - ਇਸ ਤੋਂ ਭਾਵ ਹੈ

ਬਾਂਦਰ। ਹਰੀ ਤੋਂ ਭਾਵ ਹੈ, ਵਿਸ਼ਨੂੰ, ਹਰੀ ਤੋਂ ਭਾਵ ਹੈ ਸ਼ਿਵ। ਸੋ, ਇਹ ਸਾਰੇ ਲਫ਼ਜ਼ੀ ਝਗੜੇ ਹਨ।

ਹੁਣ ਅਸੀਂ ਇਹ ਦੇਖਣਾ ਹੈ ਕਿ ਲਫਜ਼ਾਂ ਦੀ ਤਕਸੀਮ ਅਸਾਂ ਕਿਥੋਂ ਲੈਣੀ ਹੈ? ਕਹਿਣ ਤੋਂ ਭਾਵ ਹੈ ਕਿ ਮਨ ਲੋਚਦਾ ਹੈ:–

*ਮੇਰਾ ਮਨੁ ਲੋਚੈ ਗੁਰਦਰਸ਼ਨ ਤਾਈ।।*

*ਬਿਲਪ ਕਰੇ ਚਾਤ੍ਰਿਕ ਕੀ ਨਿਆਈ।।*

ਕਹਿੰਦੇ ਹਨ ਕਿ ਹੇ ਦਾਤਾ ਜਿਸ ਤਰ੍ਹਾਂ ਇਕ ਚਾਤ੍ਰਿਕ ਜਾਨਵਰ ਸਿਰਫ ਇਕ ਪਾਣੀ ਦੀ ਬੂੰਦ ਲਈ ਤੜਫਦਾ ਹੈ, ਉਹ ਚਾਹੇ 12 ਸਾਲ ਬਰਸਾਤ ਨਾ ਹੋਵੇ, ਉਹ ਕਦੀ ਵੀ ਕਿਸੇ ਧਾਰਮਿਕ ਸਥਾਨ ਜਾਂ ਹੋਰ ਕਿਤਿਉਂ ਵੀ ਪਾਣੀ ਨਹੀਂ ਪੀਂਦਾ। ਸਿਰਫ ਉਹ ਬਾਰਸ਼ ਦੀ ਬੂੰਦ ਨਾਲ ਹੀ ਤ੍ਰਿਪਤ ਹੁੰਦਾ ਹੈ ਇਸ ਲਈ ਉਸ ਦੀ ਸਦਾ ਬਾਰਸ਼ ਦੀ ਬੂੰਦ ਨਾਲ ਲਿਵ ਲਗੀ ਰਹਿੰਦੀ ਹੈ। ਇਸੇ ਤਰ੍ਹਾਂ ਹੀ ਹੇ ਦਾਤਾ ਤੂੰ ਮੇਰੇ ਤੇ ਵੀ ਅਸਮਾਨੀ, ਭਾਵ ਰੱਬੀ ਬਖਸ਼ਿਸ਼ ਕਰ – ਮੇਰੀ ਆਤਮਾ ਰੂਪੀ ਚਾਤ੍ਰਿਕ ਤੜਫ ਰਹੀ ਹੈ।

ਜਿਸ ਤਰ੍ਹਾਂ ਕਿ:–

*ਤ੍ਰਿਖਾ ਨਾ ਉਤੈ ਸ਼ਾਤਿ ਨ ਆਵੈ।।*

ਸ਼ਾਂਤ ਤੋਂ ਮਤਲਬ ਹੈ ਠੰਡ – ਸ਼ੀਤਲਤਾ ਜਿਸ ਤਰ੍ਹਾਂ ਅਸੀ ਕਈ ਵਾਰ ਆਖਦੇ ਹੁੰਦੇ ਹਾਂ ਕਿ ਠੰਡ ਨਹੀਂ ਪਈ। ਸੋ ਸ਼ਾਂਤ ਤੋਂ ਭਾਵ ਹੈ ਠੰਡ ਪੈਣੀ, ਨਾ ਕਿ ਸ਼ਾਂਤੀ ਜਾਂ "ਪੀਸ" ਹੈ। ਜਿਸ ਤਰ੍ਹਾਂ ਗਰਮੀ 'ਚ ਪੱਖਾ ਸਰੀਰ ਨੂੰ ਠੰਡ ਪਾ ਦਿੰਦਾ ਹੈ। ਗੁਰੂ ਸਾਹਿਬ ਉਪਰ ਆਪਣੀ ਗੁਰਬਾਣੀ ਵਿਚ ਇਹੋ ਹੀ ਬਿਆਨ ਕਰਦੇ ਹਨ ਕਿ ਹੇ ਦਾਤਾ ਤੇਰੇ ਤੋਂ ਬਗੈਰ ਹੁਣ ਮੇਰੀ ਨਾ ਪਿਆਸ ਮਿਟੀ ਹੈ ਔਰ ਨਾ ਹੀ ਅੰਦਰ ਠੰਡਕ ਪਹੁੰਚੀ ਹੈ। ਭਾਵ ਅੰਦਰ ਸੀਤਲਤਾ ਨਹੀ ਆਈ। ਜਿਸ ਪ੍ਰਕਾਰ ਪੰਜਾਬ ਅੰਦਰ ਗਰਮੀਆਂ ਦੇ ਦਿਨਾਂ ਵਿਚ ਜਦੋਂ ਤੁਸੀ ਠੰਡਾ ਪਾਣੀ, ਠੰਡਾ ਸ਼ਰਬਤ, ਸ਼ਕੰਜਵੀ ਜਾਂ ਹੋਰ ਕੋਈ ਠੰਡੀ ਚੀਜ਼ ਪੀਦੇ ਹੋ ਤਾਂ ਤੁਹਾਡੇ ਅੰਦਰ ਠੰਡ ਪੈ ਜਾਂਦੀ ਹੈ:–

*ਤੇਰਾ ਮੁਖੁ ਸੁਹਾਵਾ ਜੀਉ, ਸਹਜ ਧੁਨਿ ਬਾਣੀ।।*

*ਚਿਰੁ ਹੋਆ ਦੇਖੇ ਸਾਰਿੰਗ ਪਾਣੀ।।*

*ਧੰਨੁ ਸੁ ਦੇਸ ਜਹਾ ਤੂੰ ਵਸਿਆ*

***ਮੇਰੇ ਸਜਣ ਮੀਤ ਮੁਰਾਰੇ ਜੀਉ।।***

ਕਿੰਨਾ ਪਿਆਰਾ ਰੂਪ ਹੈ। ਕਿੰਨਾਂ ਅੱਛਾ ਨਿਖਾਰ ਹੈ। ਕਿ ਹੇ ਪ੍ਰਮਾਤਮਾ ਤੇਰਾ ਐਹੋ ਜਿਹਾ ਸੁੰਦਰ ਮੁਖ ਹੈ ਕਿ ਦਿਲ ਕਰਦਾ ਹੈ ਕਿ ਤੈਨੂੰ ਤੱਕੀ ਜਾਈਏ, ਤਕੀ ਜਾਈਏ। ਇਥੋਂ ਤਕ ਕਿ ਇਕ ਪਲ ਵੀ ਅੱਖ ਨਾ ਝਮਕੀਏ। ਤੈਨੂੰ ਕਦੀ ਨਾ ਭੁਲਾਈਏ। ਹਰ ਵਕਤ ਤੇਰੇ ਘਰ ਦਾ, ਜੋ ਇਕੋ ਨੂਰ ਹੈ, ਇਕੋ ਨਾਦ ਹੈ, ਇਕ ਜੋ ਮਿੱਠੀ ਮਿੱਠੀ ਧੁਨ ਹੈ, ਉਸ ਨੂੰ ਕਦੇ ਵੀ ਨਾ ਵਿਸਾਰੀਏ।

***ਤੇਰਾ ਮੁਖ ਸੁਹਾਵਾ ਜੀਉ ਸਹਿਜ ਧੁਨਿ ਬਾਣੀ।।***

***ਧੰਨੁ ਸੁ ਦੇਸੁ ਜਹਾਂ ਤੂੰ ਵਸਿਆ।।***

ਗੁਰੂ ਸਾਹਿਬ ਕਹਿੰਦੇ ਹਨ ਕਿ ਧੰਨ ਉਹ ਜਗ੍ਹਾ, ਉਹ ਸਥਾਨ ਹੈ ਜਿਥੇ ਤੇਰਾ ਵਾਸਾ ਹੈ।

***ਸੋ ਥਾਨ ਸੁਹਾਵਾ ਪਵਿਤੁ ਹੈ ਜਿਥੇ ਸੰਤੁ ਸਭਾ।।***

ਮਹਾਰਾਜ ਕਹਿੰਦੇ ਹਨ ਕਿ ਉਹ ਥਾਂ ਉਹ ਜਗ੍ਹਾ ਪਵਿੱਤਰ ਹੈ ਜਿਥੇ ਸੰਤਾਂ ਦੀ ਸਭਾ ਬੈਠਦੀ ਹੈ। ਭਾਵ ਸਾਧ ਸੰਗਤ ਜਿਥੇ ਮਾਲਕ ਦਾ ਹਰਿ ਜਸ ਕਰਦੀ ਹੈ ਉਹ ਜਗ੍ਹਾ ਪਵਿੱਤਰ ਹੈ।" ਸੁਹਾਵਣੀ ਹੈ।

***ਤਹਿ ਬੈਕੁੰਠ ਜਹਾਂ ਸਾਧੁ ਪਗੁ ਧਰੈ।।***

***ਤਹਿ ਬੈਕੁੰਠ ਜਹਾ ਕੀਰਤਨੁ ਤੇਰਾ।।***

ਕਹਿੰਦੇ ਹਨ ਕਿ ਉਹ ਸਵਰਗ ਰੂਪੀ ਚੀਜ਼ ਨੂੰ ਤੁਸਾਂ ਨੇ ਐਸਾ ਸਥਾਨ ਬਣਾ ਦਿੱਤਾ ਹੈ ਜਿਥੇ ਤੁਹਾਨੂੰ ਬਨਾਉਣ ਵਾਲਿਆਂ ਨੂੰ ਖੁਦ ਚੈਨ ਨਹੀਂ। ਜਿਥੇ ਚਹਿਲ ਪਹਿਲ ਸੀ। ਖੁਸ਼ੀਆਂ ਸਨ ਹਰ ਆਦਮੀ ਖਾਂਦਾ ਪੀਂਦਾ ਅਨੰਦ 'ਚ ਰਹਿੰਦਾ ਸੀ ਪਰ ਹੁਣ ਤੁਸੀਂ ਸਿਰਫ ਆਪਣੇ ਆਪਣੇ ਢਿਡ ਭਰਕੇ ਸੌਂ ਜਾਂਦੇ ਹੋ।

ਅਸਲ ਵਿਚ ਉਹ ਧੰਨ ਦੇਸ਼ ਹੈ, ਧੰਨ ਸਥਾਨ ਹੈ ਜਿਥੇ ਕਿਸੇ ਮਹਾਂਪੁਰਖ ਦੇ ਚਰਨਾਂ ਦੀ ਛੋਹ ਦਾ ਪ੍ਰਤਾਪ ਹੈ। ਆਪਣੇ ਪੇਟ ਭਰਕੇ ਆਪਣਿਆਂ ਆਲ੍ਹਣਿਆਂ ਵਿਚ ਤਾਂ ਜਾਨਵਰ ਵੀ ਜਾ ਬੈਠਦੇ ਹਨ ਪਰ ਤੁਸੀ ਤਾਂ ਜਾਨਵਰ ਨਹੀ ਹੋ। ਤੁਹਾਨੂੰ ਤਾਂ ਰੱਬ ਨੇ ਪੇਟ ਭਰਨ ਲਈ ਸਾਂਝ ਦਿੱਤੀ ਸੀ। ਜਿਸ ਤਰ੍ਹਾਂ "ਵੰਡ ਕੇ ਛਕੋ"। ਉਹ ਵੰਡ ਕੇ ਤੁਸੀਂ ਕਿਸ ਨੂੰ ਛਕਾਇਆ? ਸਿਰਫ ਜਿਥੇ ਤੁਹਾਨੂੰ ਕੋਈ ਮਤਲਬ ਲਭਾ ਜਾਂ ਕੋਈ ਫਾਇਦਾ ਹੋਇਆ, ਉਸ ਤੋਂ ਤੁਸੀ ਬਾਹਰ ਨਹੀਂ ਉੱਠੇ। ਜਿਸ ਨਾਲ ਤੁਹਾਡਾ ਕੋਈ ਸਵਾਰਥ ਨਹੀਂ,

ਹਲ ਹੋਇਆ। ਉਸਨੂੰ ਤੁਸਾਂ ਘਰ ਆਏ ਨੂੰ ਪਾਣੀ ਦਾ ਘੁਟ ਤਕ ਨਹੀਂ ਪੁਛਿਆ। ਇਸ ਦਾ ਕੀ ਕਾਰਨ ਹੈ? ਉਹ ਸਿਰਫ ਇਹ ਹੈ ਕਿ ਤੁਸੀਂ ਉਸ ਨਾਲ ਜੁੜੇ ਨਹੀਂ। attach ਨਹੀਂ ਹੋਏ। ਤੁਸੀਂ ਆਪਣੇ ਮੋਹ ਮਾਇਆ ਔਰ ਜਜ਼ਬਾਤਾਂ ਵਿਚ ਹੀ ਹਰ ਚੀਜ਼ ਨੂੰ ਤੱਕਿਆ ਹੈ ਇਸ ਤੋਂ ਬਾਹਰ ਨਹੀਂ ਗਏ। ਜਿਹੋ ਜਿਹੀ ਤੁਸੀਂ ਸ਼ੀਸ਼ੇ ਵਿਚ ਸ਼ਕਲ ਵੇਖੋਗੇ ਉਸੀ ਤਰ੍ਹਾਂ ਦੀ ਤੁਹਾਨੂੰ ਨਜ਼ਰ ਆਵੇਗੀ।

***"ਧੰਨੁ ਸੁ ਦੇਸੁ ਜਹਾਂ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਓ।।***
***ਹਉ ਘੋਲੀ ਹਉ ਘੋਲਿ ਘੁਮਾਈ ਗੁਰੂ ਸਜਣ ਮੀਤ ਮੁਰਾਰੇ ਜੀਉ।।"***

ਮੁਰਾਰੇ ਤੋਂ ਭਾਵ ਕ੍ਰਿਸ਼ਨ ਵੀ ਹੈ। ਭਗਵਾਨ ਕ੍ਰਿਸ਼ਨ ਨੂੰ ਵੀ ਮੁਰਾਰ ਕਿਹਾ ਗਿਆ ਹੈ। ਕ੍ਰਿਸ਼ਨ ਮੁਰਾਰੀ, ਨੰਦ ਕਿਸ਼ੋਰ, ਨੰਦ ਗੁਪਾਲ। ਵੇਖੋ ਗੁਰੂ ਅਰਜਨ ਸਾਹਿਬ ਆਪਣੀ ਚਿੱਠੀ 'ਚ ਲਿਖਦੇ ਹਨ:–

***"ਇਕੁ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ"***

ਹਾਲਾਂਕਿ ਕਲਜੁਗ ਚਲ ਰਿਹਾ ਸੀ। ਲੋਕ ਆਖਦੇ ਹਨ ਕਿ ਗੁਰੂ ਨਾਨਕ ਸਾਹਿਬ ਕਲਜੁਗ 'ਚ ਆਏ। ਮਹਾਰਾਜ ਆਖਦੇ ਹਨ ਕਿ, "ਇਕ ਘੜੀ ਨ ਮਿਲਤੇ ਤ ਕਲਜੁਗੁ ਹੋਤਾ" ਜੇਕਰ ਬਾਣੀ ਦੇ ਅਰਥਾਂ ਵੱਲ ਜਾਈਏ ਤਾਂ ਕੀ ਇਸ ਤੋਂ ਭਾਵ ਹੈ ਕਿ ਕਲਜੁਗ ਅੱਗੇ ਆਉਣਾ ਹੈ? ਨਹੀਂ ਅਸਲ ਵਿਚ ਗੁਰੂ ਸਾਹਿਬ ਨੇ ਕਲਜੁਗ ਉਸਨੂੰ ਕਿਹਾ ਹੈ ਜਿਥੇ ਧੁੰਧਕਾਰ ਹੈ, ਬੁਧੀ ਭ੍ਰਿਸ਼ਟੀ ਗਈ ਹੈ, ਈਰਖਾ ਨਫ਼ਰਤ ਭਰੀ ਹੋਈ ਹੈ, ਇਕ ਦੂਜੇ ਨੂੰ ਮਾਰਨ ਮਰਵਾਉਣ ਦੀਆਂ ਸਕੀਮਾਂ ਸੋਚੀਆਂ ਜਾ ਰਹੀਆਂ ਹਨ ਇਕ ਦੂਜੇ ਨੂੰ ਥਲੇ ਦਬਾਉਣ ਦੀਆਂ ਸੋਚਾਂ ਸੋਚੀਆਂ ਜਾ ਰਹੀਆਂ ਹਨ। ਗੁਲਾਮ ਕਰਨ ਦੀਆਂ ਸੋਚਾਂ ਸੋਚੀਆਂ ਜਾ ਰਹੀਆਂ ਹਨ ਅਸਲ 'ਚ ਉਹ ਕਲਜੁਗ ਹੈ। ਉਸ ਨੂੰ ਕਹਿੰਦੇ ਹਨ ਕਲਜੁਗ ਹੋਤਾ ਜਿਸ ਤਰ੍ਹਾਂ ਕਹਿੰਦੇ ਹਨ ਕਿ ਅਗਰ ਤੂੰ ਨਾ ਮਿਲੇ ਤਾਂ ਚਾਰੇ ਪਾਸੇ ਧੁੰਧਾਕਾਰ ਛਾ ਜਾਂਦਾ ਹੈ। ਲੋਅ ਛੁਪ ਜਾਂਦੀ ਹੈ। ਹਨੇਰਾ ਬਾਹਰ ਆ ਜਾਂਦਾ ਹੈ। ਜਿਥੇ ਤੂੰ (ਰੱਬ) ਹੁੰਦਾ ਹੈ ਉਥੇ ਲੋਅ ਨਿਖਰ ਜਾਂਦੀ ਹੈ ਔਰ ਹਨੇਰਾ ਖ਼ਤਮ ਹੋ ਜਾਂਦਾ ਹੈ।

ਜਿਸ ਤਰ੍ਹਾਂ:–

***"ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣੁ ਹੋਆ।।"***

ਕਿਉਂ ਸੌ ਗਏ ਹੋ?

***"ਇਕ ਘੜੀ ਨ ਮਿਲਤੇ ਤਾ ਕਲਜੁਗ ਹੋਤਾ,***

*ਹੁਣ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।।"*

ਗੁਰੂ ਸਾਹਿਬ ਕਹਿੰਦੇ ਹਨ, ਫਿਰ ਕਦੋਂ ਮਿਲਣਾ ਹੈ? ਪ੍ਰਿਅ ਤੋਂ ਭਾਵ ਹੈ ਪਿਆਰਾ, ਭਗਵੰਤਾ ਤੋਂ ਭਾਵ ਬੜੇ ਅਥਾਹ ਭਾਗਾਂ ਵਾਲਾ ਕਿਸਮਤਵੰਦ, ਮੁਕਦਰਾਂ ਦਾ ਬਾਦਸ਼ਾਹ, ਉਸ ਨੂੰ ਅਸੀਂ ਭਗਵੰਤ ਆਖਦੇ ਹਾਂ। ਨਸੀਬਾਂ ਵਾਲਾ ਨਾਂ ਕਿ ਨਸੀਬ ਵਾਲਾ। ਕਦੋਂ ਮੇਰੇ ਨਸੀਬ, ਭਾਗ ਜਾਗਣਗੇ। ਜਦੋਂ ਮੈਨੂੰ ਭਗਵੰਤ, ਨਸੀਬਾਂ ਦਾ ਬਾਦਸ਼ਾਹ ਮਿਲੇਗਾਂ? ਹਾਲਾਂਕਿ ਹਜ਼ੂਰ ਸਰੀਰ ਰੂਪ 'ਚ ਰਹਿੰਦੇ ਹੋਏ ਆਪਣੇ ਪਿਤਾ ਨੂੰ ਚਿੱਠੀ ਲਿਖਦੇ ਰਹੇ ਹਨ। ਆਖਰ 'ਚ ਕਹਿੰਦੇ ਹਨ:—

*"ਭਾਗੁ ਹੋਆ ਗੁਰਿ ਸੰਤ ਮਿਲਾਇਆ"*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਹਾਰਾਜ ਨੇ ਗੁਰੂ ਅਤੇ ਸੰਤ ਕਿਸਨੂੰ ਕਿਹਾ ਹੈ? ਗੁਰੂ ਨਾਮ ਹੈ ਪ੍ਰਮਾਤਮਾ, ਗੁਰੂ ਨਾਮ ਹੈ ਗਿਆਨ ਦਾ, ਗੁਰੂ ਨਾਮ ਹੈ ਗੰਗਾ ਦਾ, ਗੁਰੂ ਨਾਮ ਹੈ ਗਿਆਨ ਦਾ, ਗੁਰੂ ਨਾਮ ਹੈ ਗੀਤਾ, ਗੁਰੂ ਨਾਮ ਹੈ ਗਾਂ ਦਾ ਜਿਹੜੀ ਸਭਨਾਂ ਨੂੰ ਦੁੱਧ ਦਿੰਦੀ ਹੈ ਸੰਤ ਤੋਂ ਭਾਵ ਹੈ ਸਤਿ, ਸੰਤ-ਸਰਬੱਤ, ਸੰਤ-ਸਿਦਕ, ਸੰਤ-ਸ਼ਹਾਦਤ, ਸੰਤ ਹੀ ਸਤਿ ਅਤੇ ਸਬਰ ਹੈ ਔਰ ਸਾਧ ਹੈ। ਜਿਸ ਤਰ੍ਹਾਂ:—

*"ਭਾਗੁ ਹੋਆ ਗੁਰਿ ਸੰਤੁ ਮਿਲਾਇਆ।*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।"*

ਭਾਵ ਉਹ ਲਾਸਾਨੀ ਮਹਾਂ ਪੁਰਖ ਜਿਹੜਾ ਕਦੇ ਨਾਸ ਨਹੀਂ ਹੋਇਆ। ਉਹ ਲਾਸ਼ਰੀਕ, ਜਿਹਦਾ ਕਿਸੇ ਨਾਲ ਕੋਈ ਸ਼ਰੀਕਾ ਨਹੀਂ, ਕੋਈ ਰਿਸ਼ਤਾ ਨਹੀਂ, ਕੋਈ ਨਾਤਾ ਨਹੀਂ। ਅਸੀਂ ਇਕ ਵਾਰ ਆਪਦੇ ਸਤਿਸੰਗ 'ਚ ਕਿਹਾ ਸੀ ਕਿ:—

**"GOD HAVE NO RELATIONSHIP"**

ਰੱਬ ਦੀ ਕੋਈ ਰਿਸ਼ਤੇਦਾਰੀ ਨਹੀਂ ਹੈ। ਉਹ ਸਭ ਦਾ ਸੱਚਾ ਮਿੱਤਰ ਹੈ, ਸੱਚਾ ਦੋਸਤ ਹੈ, ਸੱਚਾ ਮਾਤ-ਪਿਤਾ ਹੈ, ਸੱਚਾ ਭਰਾ ਹੈ। ਉਹ ਸਰੀਰਕ ਜਾਂ ਖੂਨੀ ਰਿਸ਼ਤਾ ਨਹੀਂ ਰਖਦਾ। ਖੂਨ ਲਾਲ ਤੁਹਾਡੇ ਵਿਚ ਵੀ ਹੈ, ਖੂਨ ਲਾਲ ਜਾਨਵਰਾਂ ਵਿਚ ਵੀ ਹੈ, ਪਰ ਉਹਨਾਂ ਨਾਲ ਤੁਹਾਡਾ ਕੋਈ ਖੂਨੀ ਰਿਸ਼ਤਾ ਨਹੀਂ।

ਤੁਹਾਡੇ ਹਿਸਾਬ ਕਿਤਾਬ ਮੁਤਾਬਕ ਸਾਰੀ ਕਾਇਨਾਤ ਔਰ ਸੂਰਜ, ਚੰਦ੍ਰਮਾ ਸਿਤਾਰੇ ਆਦਿ ਕੁਝ ਵੀ ਨਹੀਂ ਹਨ ਕਿਉਂਕਿ ਤੁਸਾਂ ਇਹਨਾਂ ਨੂੰ ਕਦੇ ਜਾਣਿਆਂ ਹੀ ਨਹੀਂ। ਕੀ ਤੁਸੀਂ ਕਦੇ ਸਵੇਰੇ ਉਠ ਕੇ ਸਰਜ ਨੂੰ ਵੇਖਿਆ ਹੈ? ਕਦੀ ਨਮਸਕਾਰ ਕੀਤਾ

ਹੈ? ਕਦੀ ਚੰਦਰਮਾ ਦੀ RESPECT ਕੀਤੀ ਹੈ ਕਿ ਸ਼ੁਕਰ ਹੈ ਤੇਰਾ ਸਾਨੂੰ ਲੋਅ ਦਿੱਤੀ ਹੈ? ਤੁਸਾਂ ਤਾਂ ਰੱਬ ਦੀ ਰਹਿਮਤ ਦਾ ਕਦੀ ਅਹਿਸਾਨ ਤਕ ਨਹੀਂ ਕੀਤਾ ਪਰ ਆਪਣੇ ਆਪਦੇ ਘਰਾਂ 'ਚ ਬਿਜਲੀ ਜਗਾਉਣ, ਸਜਾਉਣ 'ਚ ਲੱਗੇ ਰਹਿੰਦੇ ਹੋ ਔਰ ਇੰਨਾ ਖਿਆਲ ਰਖਦੇ ਹੋ ਕਿ ਕਿਤੇ ਜ਼ਿਆਦਾ ਚਿਰ ਬਜਲੀ ਜਗਦੀ ਨਾ ਰਹੇ, ਤਾਂ ਤੁਸੀਂ ਕਿੱਡੀ ਛੇਤੀ ਬਿਜਲੀ ਬੰਦ ਕਰ ਦਿੰਦੇ ਹੋ। ਤੁਹਾਡੇ ਮਨਾਂ 'ਚ ਕਿੰਨਾ ਫਿਕਰ ਹੁੰਦਾ ਹੈ ਕਿ ਕਿਤੇ ਜ਼ਿਆਦਾ ਬਿਲ ਨਾ ਆ ਜਾਵੇ, ਪ੍ਰੰਤੂ ਕਦੀ ਤੁਸੀ ਰੱਬ ਦੇ ਖਰਚ ਬਾਰੇ ਕਦੀ ਸੋਚਿਆ ਹੈ ਕਿ ਸੂਰਜ ਜਾਂ ਚੰਦਰਮਾ ਕਦੋਂ ਤੋਂ ਚੜ੍ਹਦੇ ਆ ਰਹੇ ਹਨ ਔਰ ਤੁਹਾਨੂੰ ਰੌਸ਼ਨੀ ਦੇ ਰਹੇ ਹਨ ਪਰ ਤੁਸੀਂ ਇਸ ਬਾਰੇ ਸੋਚਣਾ ਤਾਂ ਬਹੁਤ ਦੂਰ ਰਿਹਾ ਕਦੀ ਸ਼ੁਕਰ ਗੁਜ਼ਾਰੀ ਤਕ ਨਹੀਂ ਕੀਤੀ।

ਪ੍ਰਭ ਅਵਿਨਾਸ਼ੀ ਲਾਫਾਨੀ ਪੁਰਖ ਜਿਹੜਾ ਕਦੇ ਨਾਸ ਨਹੀਂ ਹੋਣ ਵਾਲਾ ਔਰ ਉਹਦੀ ਕੋਈ ਸ਼ੁਰੂਆਤ ਨਹੀਂ ਹੈ ਔਰ ਕੋਈ ਅੰਤ ਨਹੀਂ ਹੈ। ਬਹੁਤ ਕਿਤਾਬਾਂ 'ਚ ਲਿਖਿਆ ਗਿਆ ਹੈ ਕਿ ਰੱਬ ਨੇ ਬੰਦਾ ਬਣਾਇਆ, ਔਰਤ ਬਣਾਈ। ਸਾਨੂੰ ਇਕ ਪ੍ਰੇਮੀ ਨੇ ਸਵਾਲ ਕੀਤਾ ਸੀ ਕਿ ਮਹਾਰਾਜ ਜੀ ਇਹ ਅਸੀ ਮੰਨਦੇ ਹਾਂ ਕਿ ਸਾਰੀ ਸ੍ਰਿਸ਼ਟੀ ਦੀ ਸਾਜਨਾ ਇਕ ਰੱਬ ਨੇ ਕੀਤੀ ਪ੍ਰੰਤੂ ਰੱਬ ਨੂੰ ਬਨਾਉਣ ਵਾਲਾ ਕੌਣ ਹੈ? ਉਸ ਨੂੰ ਅਸੀ ਇਕੋ ਜਵਾਬ ਦਿੱਤਾ ਸੀ ਕਿ ਰੱਬ ਨੂੰ ਬਨਾਉਣ ਵਾਲੇ ਤੁਸੀਂ ਲੋਕ ਹੋ ਨਹੀਂ ਤਾਂ ਰੱਬ ਵੈਸੇ ਕੁਝ ਵੀ ਨਹੀਂ ਸੀ। ਤੁਹਾਡੇ ਨਾਲ ਉਹਦੀ ਉਪਮਾ ਹੈ। ਜੇ ਆਪ ਕੁਝ ਹੁੰਦਾ ਤਾਂ ਜਿਹੜੀਆਂ ਤੁਸੀਂ ਅਕਲਾਂ, ਸ਼ਕਲਾਂ ਲੈ ਕੇ ਤੁਰੀ ਫਿਰਦੇ ਹੋ ਕੀ ਉਹ ਤੁਹਾਨੂੰ ਤੁਰਨ ਦਿੰਦਾ? ਹਰਗਿਜ਼ ਨਹੀਂ ਮਹਾਰਾਜ ਨੇ ਕਿਹਾਂ ਹੈ:—

*"ਹਉ ਕਿਛੁ ਨਾਹੀ ਸਭੁ ਕਿਛੁ ਤੇਰਾ।।*
*ਓਤਿ ਪੋਤਿ ਨਾਨਕ ਸੰਗਿ ਬਸੇਰਾ।।"*

ਸਾਹਿਬ ਤਾਂ ਇਥੋਂ ਤਕ ਕਿਹਾ ਹੈ ਕਿ:—

1. **"ਮੈਂ ਨਾਹਿ, ਪ੍ਰਭ ਸਭੁ ਕਿਛੁ ਤੇਰਾ।।
ਈਘੈ ਨਿਰਗੁਨ ਊਘੈ ਸਰਗੁਨ, ਕੇਲ ਕਰਤ ਬਿਚਿ ਸਵਾਮੀ ਮੇਰਾ।"**
2. **"ਤੂੰ ਜੀਵਨ ਤੂੰ ਪ੍ਰਾਨ ਅਧਾਰਾ।। ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ।"**

3. "ਤੂੰ ਸਾਜਨੁ ਤੂੰ ਪ੍ਰੀਤਮ ਮੇਰਾ।। ਚਿਤਹੀ ਨ ਬਿਸਰਹਿ ਕਾਹੂ ਬੇਰਾ।"

ਹੇ ਦਾਤਾ ਤੇਰੀ ਕੀ ਵਡਿਆਈ ਕਰੀਏ। ਤੂੰ ਅਸਲ 'ਚ ਇੰਨੀ ਮਮਤਾ ਸਾਨੂੰ ਦੇ ਦਿੱਤੀ ਹੈ ਕਿ ਉਸ ਨੂੰ ਅਸੀ ਭੁੱਲ ਕੇ ਅਸਲ ਮਮਤਾ ਤੋਂ ਬਾਹਰ ਹੋ ਗਏ ਹਾਂ। ਦੁਨੀਆਂ ਦੀ ਝੂਠੀ ਮਮਤਾ 'ਚ ਫਸ ਗਏ ਹਾਂ। ਮੌਤ ਤੋਂ ਬਚਣ ਲਈ ਬਚਾਉ ਦੀਆਂ ਦੀਵਾਰਾਂ ਬਣਾਉਂਦੇ ਰਹੇ ਕਿ ਕਿਤੇ ਸਾਡਾ ਮਰਨਾ ਬਚ ਜਾਏ ਪਰ ਐਸਾ ਨਾ ਹੋ ਸਕਿਆ।

ਸਾਨੂੰ ਪਤਾ ਨਹੀ ਲਗ ਸਕਿਆ ਕਿ ਅਸੀਂ ਕਦੋਂ ਮਰਨਾ ਹੈ। ਪਤਾ ਨਹੀਂ ਤੁਰਿਆਂ ਜਾਂਦਿਆਂ ਸੜਕ ਤੇ ਕਦੋਂ ਮੌਤ ਆ ਜਾਣੀ ਹੈ ਔਰ ਜਿੰਨ੍ਹਾਂ ਨੂੰ ਤੁਸੀ ਆਪਣੇ ਆਖਦੇ ਹੋ ਕਿਸੇ ਤੁਹਾਡੀ ਮਦਦ ਨਹੀਂ ਕਰ ਸਕਣੀ। ਤੁਸੀਂ ਸਭ ਲੋਕ ਆਪਣੇ ਦਾਅਰਿਆਂ ਵਿਚ ਫਸੇ ਬੈਠੇ ਹੋ ਕਦੇ ਤੁਸਾਂ ਅਪਣੇਪਨ ਤੋਂ ਉੱਤੇ ਉਠ ਕੇ ਕਦੀ ਦੂਜੇ ਲਈ ਕੁਝ ਕੀਤਾ? ਅਗਰ ਜੇ ਤੁਹਾਨੂੰ ਸਮੂਹ ਇਨਸਾਨੀਅਤ ਦੇ ਭਲੇ ਵਾਸਤੇ ਕੁਝ ਕਿਹਾ ਜਾ ਰਿਹਾ ਹੈ ਤਾਂ ਇਹ ਕੋਈ ਤੁਹਾਡੇ ਰਸਤੇ ਦੀ ਰੁਕਾਵਟ ਨਹੀਂ ਹੈ ਸਗੋਂ ਜਾਗ੍ਰਿਤੀ ਹੈ।

**ਸਚਖੰਡ ਨਾਨਕ ਧਾਮ ਤੁਹਾਨੂੰ ਇਸ ਆਵਾਜ਼ ਵਿਚ ਰੋਕ ਨਹੀਂ ਰਿਹਾ ਸਗੋਂ ਤੁਹਾਨੂੰ ਜਾਗ੍ਰਿਤੀ ਦੇ ਰਿਹਾ ਹੈ। ਮਹਾਂਪੁਰਖਾਂ ਦੀ ਰੌਸ਼ਨੀ ਭਾਵ ਪ੍ਰੇਰਨਾ ਜੀਵ ਨੂੰ ਗੁਲਾਮ ਨਹੀਂ ਬਣਾਉਂਦੀ ਸਗੋਂ ਆਪਦੇ ਫਰਜਾਂ ਪ੍ਰਤੀ ਜਾਗ੍ਰਿਤ ਕਰਦੀ ਹੈ।**

**ਰੱਬ ਸਿਰਫ ਆਪਣੀ ਖਾਤਰ ਆਦਮੀ ਬਣਾਉਂਦਾ ਹੈ ਪ੍ਰੰਤੂ ਆਦਮੀ ਆਪਦੇ ਪੇਟ ਦੀ ਖਾਤਰ ਆਦਮੀ ਨੂੰ ਹੀ ਗੁਲਾਮ ਬਣਾਉਂਦਾ ਹੈ। ਪ੍ਰਮਾਤਮਾ ਹਮੇਸ਼ਾਂ ਇਨਸਾਨੀ ਜਾਮੇ ਵਿਚ ਹੀ ਧਰਤੀ ਤੇ ਆਇਆ।**

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਆਏ ਗੁਰੂ ਗੋਬਿੰਦ ਸਿੰਘ ਸਾਹਿਬਾਨ ਜਾਂ ਹੋਰ ਕਈ ਪੀਰ ਪੈਗੰਬਰ ਧਰਤੀ ਤੇ ਆਏ ਉਹ ਸਾਡੇ ਜੀਵਾਂ ਵਾਂਗ ਹੀ ਪੰਜ ਤੱਤਾਂ ਦਾ ਸਰੀਰ ਧਰਤੀ ਤੇ ਲੈ ਕੇ ਆਏ। ਜਿਸ ਤਰ੍ਹਾਂ ਮੁਹੰਮਦ ਸਾਹਿਬ ਆਏ, ਸੁਕਰਾਤ ਆਏ, ਰਾਮ ਆਏ, ਕ੍ਰਿਸ਼ਨ ਆਏ, 24 ਅਵਤਾਰ ਧਰਤੀ ਤੇ ਆਏ ਜਿਹਨਾਂ ਵਿਚੋਂ 10 ਨਿਰਾਕਾਰ, 13 ਸਾਕਾਰ, 23 ਅਵਤਾਰ ਧਰਤੀ ਤੇ ਆ ਚੁੱਕੇ ਹਨ ਔਰ ਇਤਿਹਾਸ ਕਹਿੰਦਾ ਹੈ

ਕਿ ਚੌਵੀਵੇਂ ਅਵਤਾਰ ਨੇ ਧਰਤੀ ਤੇ ਆਉਣਾ ਹੈ ਪਤਾ ਨਹੀਂ ਉਸ ਨੇ ਕਿਥੇ ਆਉਣਾ. ਇਸ ਭਾਲ 'ਚ ਅਸੀਂ ਵੀ ਹਾਂ ਪਰ ਆਵੇਗਾ ਜ਼ਰੂਰ, ਜਾ ਆਇਆ ਹੈ। ਇਹ ਤੁਹਾਡੀ ਆਪਣੀ ਤਲਾਸ਼ ਹੈ। ਜਦੋਂ ਵੀ ਉਸ ਨੇ ਸਵਾਰਿਆ ਹੈ ਆਪ ਆ ਕੇ ਸੰਵਾਰਿਆ ਹੈ, ਸੁਫਨੇ 'ਚ ਆ ਕੇ ਨਹੀਂ ਔਰ ਨਾ ਹੀ ਲੁਕ ਕੇ। ਜੇ ਰੱਬ ਹੀ ਤੁਹਾਨੂੰ ਸਭ ਆਪ ਦੇ ਰਿਹਾ ਹੈ ਤਾਂ ਛੱਡ ਦਿਓ ਪੂਜਾ ਪਾਠ ਕਰਨੇ। ਕਿਉਂ ਭੱਜ-ਭੱਜ ਮੰਦਰਾਂ, ਗੁਰਦੁਆਰਿਆਂ 'ਚ ਜਾਂਦੇ ਹੋ? ਕਿਉਂ ਰੱਬ ਦੀ ਪੂਜਾ ਕਰਦੇ ਹੋ ਕਿਉਂ ਉਸ ਨੂੰ ਭੋਗ ਲਵਾਉਂਦੇ ਹੋ? ਕੀ ਉਹ ਤੁਹਾਡੇ ਇਹਨਾਂ ਪ੍ਰਸ਼ਾਦਾਂ ਦਾ ਭੁੱਖਾ ਹੈ? ਇਹ ਉਸਦੀਆਂ ਹੀ ਨਿਆਮਤਾਂ ਹਨ ਔਰ ਉਸ ਨੂੰ ਹੀ ਤੁਸੀਂ ਦਿੰਦੇ ਹੋ। ਇਕ ਆਦਮੀ ਕਹਿੰਦਾ ਹੈ ਕਿ ਦੁੱਧ ਸਭ ਨਾਲੋਂ ਪਵਿੱਤਰ ਹੈ ਦੁੱਧ ਦਾ ਭੋਗ ਰੱਬ ਨੂੰ ਲਵਾਉਣਾ ਚਾਹੀਦਾ ਹੈ। ਅਸੀਂ ਕਿਹਾ ਦੁੱਧ ਤਾਂ ਵੱਛੇ ਨੇ ਜੂਠਾ ਕੀਤਾ ਹੈ, ਜੂਠੇ ਦੁੱਧ ਦਾ ਭੋਗ ਲਗਵਾਉਣ ਲੱਗੇ ਹੋ? ਆਪ ਤਾਂ ਆਪਦੇ ਬੱਚੇ ਦੀ ਚੀਜ਼ ਜੂਠੀ ਨਹੀਂ ਖਾਂਦੇ। ਤੁਸੀਂ ਜੂਠ ਰੱਬ ਨੂੰ ਕਿਉਂ ਦਿੰਦੇ ਹੋ? ਅਗਰ ਕੋਈ ਸੁੱਚੀ ਚੀਜ਼ ਹੈ ਜਿਹੜੀ ਰੱਬ ਦੇ ਘਰ 'ਚ ਮੰਜ਼ੂਰ ਹੈ ਉਹ ਹੈ ਸਿਰਫ ਤੁਹਾਡਾ ਸੱਚੇ ਦਿਲੋਂ ਕੀਤਾ ਇਕ ਪਿਆਰ ਜਾਂ ਸੱਚੀ ਪੁਕਾਰ। ਜਿਸ ਤਰ੍ਹਾਂ ਸੜਕ ਤੇ ਤੁਰੇ ਜਾਂਦਿਆਂ ਤੁਸੀਂ ਕੋਈ ਬੱਚਾ ਵੇਖਦੇ ਹੋ ਜਿਹੜਾ ਸੜਕ ਪਾਰ ਕਰ ਰਿਹਾ ਹੈ ਉਧਰੋਂ ਗੱਡੀ ਆ ਰਹੀ ਹੈ ਅਗਰ ਤੁਸੀਂ ਭੱਜ ਕੇ ਫੜ ਨਹੀਂ ਸਕੇ, ਬੱਚਾ ਆਪ ਹੀ ਭੱਜ ਕੇ ਸੜਕ ਪਾਰ ਕਰ ਗਿਆ ਤਾਂ ਤੁਸੀਂ ਕਹਿੰਦੇ ਹੋ ਕਿ ਹੇ ਪ੍ਰਮਾਤਮਾ ਤੇਰਾ ਸ਼ੁਕਰ ਹੈ ਕਿ ਤੂੰ ਬੱਚਾ ਬਚਾ ਲਿਆ। ਉਹ ਸ਼ੁਕਰ ਤੁਹਾਡਾ ਸੱਚੇ ਦਿਲੋਂ ਸ਼ੁਕਰ ਹੈ। ਬਾਕੀ ਜਿੰਨੇ ਵੀ ਰੱਬ ਦੇ ਸ਼ੁਕਰਾਨੇ ਹਨ ਉਹ ਤੁਹਾਡੇ ਵਿਖਾਵੇ ਹਨ ਨਾ ਕਿ ਸੱਚੇ ਦਿਲੋਂ। ਜਿੰਨੇ ਵੀ ਧਰਮ ਸਥਾਨ ਬਣੇ ਹਨ ਉਹ ਰੱਬ ਲਈ ਨਹੀਂ ਬਣਾਏ ਸਗੋਂ ਤੁਸਾਂ ਆਪਣੇ ਲਈ ਬਣਾਏ ਹਨ। ਅਜੇ ਤਕ ਰੱਬ ਗੁਰਧਾਮਾਂ ਵਿਚ ਨਾ ਆਇਆ ਹੈ, ਨਾ ਆਉਂਦਾ ਹੈ, ਨਾ ਆਵੇਗਾ। ਸਿਰਫ ਇਹ ਤੁਹਾਡੇ ਲੋਕਾਂ ਲਈ ਹੀ ਬਣੇ ਹਨ। ਅਗਰ ਰੱਬ ਨੂੰ ਮਿਲਣਾ ਚਾਹੁੰਦੇ ਹੋ ਤ੍ਰਿਪਤੀ ਚਾਹੁੰਦੇ ਹੋ ਜਾਂ ਸ਼ਾਂਤੀ ਚਾਹੁੰਦੇ ਹੋ ਤਾਂ ਸਭ ਆਪਣੇ ਆਪ ਨੂੰ ਟੋਲੋ। ਮਤ ਨਾਨਕ ਧਾਮ ਵਿਚ ਆਓ ਇਹ ਝੂਠਾ ਹੈ ਜਾਂ ਸੱਚਾ ਹੈ ਇਹ ਇਸ ਤਰ੍ਹਾਂ ਹੀ ਰਹਿਣਾ ਹੈ। ਜਿਹੜਾ ਨਾਅਰਾ ਜਾਂ ਜਿਹੜਾ ਸਲੋਕ ਨਾਨਕ ਧਾਮ ਦੇ ਰਿਹਾ ਹੈ ਤੁਸੀਂ 10,000 ਮੀਲ ਦੂਰ ਬੈਠ ਕੇ ਵੀ ਪੁਕਾਰ ਕੇ ਵੇਲੋ। ਫਿਰ ਵੇਖਣਾ ਨਾਨਕ ਧਾਮ ਦੀ ਤਾਕਤ ਕੀ ਹੈ? ਮਹਾਰਾਜ ਦਰਸ਼ਨ ਦਾਸ ਰੀਂਦਾ ਹੈ, ਹੋਵੇਗਾ। ਝੂਠਾ ਹੈ, ਹੋਵੇਗਾ। ਹੇਰਾ ਫੇਰੀ ਕਰਦਾ ਹੈ, ਹੋਵੇਗਾ। ਪਰ ਇਹ ਵੇਖਣਾ ਤੁਹਾਡਾ ਕੰਮ ਨਹੀਂ। ਤੁਸਾਂ ਉਹ ਚੀਜ਼ ਵੇਖਣੀ ਹੈ ਜੋ ਨਾਨਕ ਧਾਮ ਦੇ ਰਿਹਾ ਹੈ। ਤ੍ਰਿਲੋਕੀ ਤੋਂ ਉਪਰਦੀ ਜੋ ਪਾਵਰ ਹੈ ਜਿਸਨੂੰ ਅਸੀਂ ਆਪਣਾ ਨਾਮ ਆਖਦੇ

ਹਾਂ ਉਹਦਾ ਨਾਅਰਾ, ਉਸਦੀ ਆਵਾਜ਼ ਜੋ ਕਿਸੇ ਗਰੰਥ 'ਚ ਨਹੀਂ ਲਿਖੀ ਗਈ ਔਰ ਨਾ ਕਿਸੇ ਗੁਰੂ ਨੇ ਉਚਾਰੀ ਹੈ। "ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।" ਨਾਅਰਾ ਅਰਦਾਸ ਵਿਚ ਆਇਆ ਹੈ। ਕਿਥੋਂ ਆਇਆ, ਕਿਨੇ ਦਿੱਤਾ ਹੈ ਔਰ ਕਦੋਂ ਦਿੱਤਾ ਹੈ? ਇਹ ਖੌਰੇ ਵੇਦ, ਕਤੇਬ, ਪੜ੍ਹਨ ਵਾਲਿਆਂ ਨੂੰ ਵੀ ਨਾ ਪਤਾ ਹੋਵੇ। ਨਾਨਕ ਧਾਮ ਦੇ ਦਿੱਤੇ ਹੋਏ ਮੁਖ ਵਾਕ ਨੂੰ, ਨਾਨਕ ਧਾਮ ਦੇ ਦਿੱਤੇ ਹੋਏ ਰੱਬੀ ਖਾਤੇ ਨੂੰ ਇਹ ਇਕ Sign ਦਿੱਤਾ ਗਿਆ ਹੈ। ਇਹ ਇਕ ਪ੍ਰੇਮ ਅਤੇ ਇਤਫਾਕ ਦੀ ਇਨਸਾਨੀ ਆਵਾਜ਼ ਹੈ, ਅਟੈਚਮੈਂਟ ਹੈ। Unity ਦੀ ਨਹੀਂ ਇਤਫਾਕ ਤੋਂ ਭਾਵ ਹੈ ਅਚਾਨਕ, Unity ਇਕੱਠ ਹੈ। ਆਖਰ ਵਿਚ ਦੇਖੋ ਮਹਾਰਾਜ ਜੀ ਬਿਆਨ ਕਰ ਰਹੇ ਹਨ:—

*"ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨਕੈ ਸਦ ਬਲਿਹਾਰ।।*
*ਨਾਨਕ ਹਰਿ ਜੀ ਮਾਇਆ ਕਰਿ ਸਬਦਿ ਸਵਾਰਣ ਹਾਰੂ।।*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮ ਉਰਹਾਰ।।"*

ਸਾਹਿਬ ਦੇਖੋ ਕਿੰਨੇ ਸੁੰਦਰ ਤਰੀਕੇ ਨਾਲ ਕਹਿ ਰਹੇ ਹਨ ਕਿ ਸਾਡੇ ਇੰਡੀਆ ਵਿਚ ਜਦੋਂ ਸਾਵਣ ਦਾ ਮਹੀਨਾ ਆਉਂਦਾ ਹੈ ਤਾਂ ਜਦ ਕਿਸੇ ਕੁੜੀ ਦਾ ਵਿਆਹ ਹੁੰਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਸੱਸ ਦੇ ਮੱਥੇ ਨਹੀਂ ਲਗਣਾ ਤਾਂ ਇਸਨੂੰ ਪੇਕੇ ਭੇਜ ਦਿਓ। ਇਕ ਸੁਹਾਗਣ ਦੇ ਰੂਪ ਵਿਚ ਉਸਦੇ ਕੰਤ ਨੂੰ ਉਸ ਕੋਲੋਂ ਦੂਰ ਕਰ ਲਿਆ ਜਾਂਦਾ ਹੈ। ਉਸਦਾ ਕਾਰਨ ਸਿਰਫ ਇਹ ਹੀ ਨਹੀਂ ਕਿ ਸੱਸ ਦੇ ਮੱਥੇ ਲੱਗਿਆਂ ਉਹ ਔਰਤ ਮਰ ਜਾਏਗੀ, ਨਹੀਂ। ਐਸੀ ਕੋਈ ਖਾਸ ਗੱਲ ਨਹੀਂ ਹੁੰਦੀ। ਵਿਚਾਰਾਂ ਜ਼ਰੂਰ ਬਣੀਆਂ ਹਨ ਜਿਹਨਾਂ ਨੂੰ ਅਸੀ ਰੀਤੀ ਰਿਵਾਜ ਵੀ ਕਹਿ ਸਕਦੇ ਹਾਂ। ਇਸਦੇ ਨਾਲ-ਨਾਲ ਪਤੀ ਪਤਨੀ ਦਾ ਜਿਸਮਾਨੀ ਤਲੋਕਾਤ ਵੀ ਇਕ ਕਾਰਨ ਹੈ। ਕਿਉਂਕਿ ਇਸ ਮਹੀਨੇ ਖੂਨ ਪਾਣੀ ਹਰੇ ਕ ਸਰੀਰ ਦਾ ਇਕ ਹੋਇਆ ਹੁੰਦਾ ਹੈ ਜਿਸ ਕਾਰਨ ਕਰਕੇ ਇਸ ਮਹੀਨੇ 'ਚ ਪੈਦਾ ਹੋਈ ਔਲਾਦ ਵੀ ਕਮਜ਼ੋਰ ਹੋ ਸਕਦੀ ਹੈ, ਉਸਦੀ ਬੁਧੀ ਕਮਜ਼ੋਰ ਹੋਵੇਗੀ। ਇਹ ਖਾਸ ਕਰ ਦੋ ਮਹੀਨੇ ਸਾਵਣ ਔਰ ਇਕ ਅਗਲਾ ਮਹੀਨਾ ਜਿਹੜਾ ਅਗੋਂ ਆਉਣਾ ਹੈ।

ਪਰ ਜਿੰਨਾ ਚਿਰ ਉਹ ਜੀਵ ਰੂਪੀ ਇਸਤ੍ਰੀ ਆਪਣੇ ਪਤੀ ਰੂਪੀ ਪ੍ਰਮਾਤਮਾ ਤੋਂ ਦੂਰ ਰਹਿੰਦੀ ਹੈ ਉਸਦੀ ਖਿੱਚ ਜਾਂ ਉਸਦਾ ਧਿਆਨ ਆਪਣੇ ਪਤੀ ਵੱਲ ਹੀ ਰਹਿੰਦਾ ਹੈ। ਪਰ ਜਿਹੜੀਆਂ ਆਪਣੇ ਪਤੀ ਨਾਲ ਮਿਲ ਜਾਂਦੀਆਂ ਹਨ ਗੁਰੂ ਸਾਹਿਬਾਨ ਕਹਿੰਦੇ ਹਨ ਕਿ ਅਸੀ ਉਹਨਾਂ ਤੋਂ ਕੁਰਬਾਨ ਜਾਂਦੇ ਹਾਂ। ਇਸੇ ਤਰ੍ਹਾਂ ਪ੍ਰਮਾਰਥਿਕ ਰਸਤੇ ਤੇ ਪਤੀ

ਰੂਪੀ ਪ੍ਰਮਾਤਮਾ ਨੂੰ ਸਿਰਫ ਪੂਰਨ ਪੁਰਖ ਕੋਲੋਂ ਸ਼ਬਦ ਲੈ ਕੇ ਹੀ ਮਿਲਿਆ ਜਾ ਸਕਦਾ ਹੈ। ਉਸ ਪਤੀ ਨੂੰ ਮਿਲੇ ਤੋਂ ਬਗੈਰ ਜੀਵ ਰੂਪੀ ਇਸਤ੍ਰੀ ਆਪਣੇ ਆਪ ਨੂੰ ਸੁਹਾਗਣ ਨਹੀਂ ਕਹਿਲਾ ਸਕਦੀ। ਇਸ ਲਈ ਸਚਖੰਡ ਨਾਨਕ ਧਾਮ ਦੇ ਸੰਦੇਸ਼ ਮੁਤਾਬਿਕ ਨਾਮ, ਗੁਰਸ਼ਬਦ ਜਾਂ ਗੁਰਮੰਤਰ ਤੋਂ ਬਿਨਾਂ ਜੀਵ ਅਗਲੇ ਘਰ ਵਿਚ ਪ੍ਰਵਾਨ ਨਹੀਂ ਹੋ ਸਕਦਾ।

ਸਚਖੰਡ ਨਾਨਕ ਧਾਮ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਸਮਝਾਇਆ ਹੈ ਕਿ:-

ਨਾਨਕ ਇਕ ਪ੍ਰਮਾਤਮਾ ਹੈ, ਸਚਖੰਡ ਉਹਦੀ ਸਚਾਈ ਹੈ, ਉਹਦੀ ਜਗ੍ਹਾ ਹੈ। ਧਾਮ ਉਹਦੀ ਰੌਸ਼ਨੀ ਹੈ ਜਿਹੜੀ ਕਿ ਥਾਂ-ਥਾਂ ਨਿਖਰ ਰਹੀ ਹੈ।

*"ਜਹਾਂ ਜਹਾਂ ਦਾਸ ਤਹਾਂ ਤਹਾਂ ਧਾਮ"*

ਹਰ ਦਿਲ ਤੇ ਨਾਨਕ ਧਾਮ ਹੈ, ਜਿਸ ਨੇ ਵੀ ਨਾਮ ਹਾਸਿਲ ਕਰ ਲਿਆ ਉਥੇ ਹੀ ਨਾਨਕ ਧਾਮ ਬਣ ਗਿਆ। ਇੱਟਾਂ ਪੱਥਰਾਂ ਦੇ ਧਾਮ ਤੁਸਾਂ ਬਣਾਏ ਹਨ, ਤੁਹਾਡੇ ਪੈਸਿਆਂ ਦੇ ਬਣੇ ਹਨ। ਜੇ ਦੇ ਕੇ ਜਾਉਗੇ ਤਾਂ ਵੀ ਕੋਈ ਨਹੀਂ ਜੇ ਨਹੀਂ ਦੇ ਕੇ ਜਾਉਗੇ ਤਾਂ ਵੀ ਕੋਈ ਨਹੀਂ, ਕੀ ਫਰਕ ਪੈਣਾ ਹੈ ਇਹ ਤਾਂ ਹੈ:–

***ਦੇਂਦਾ ਦੇਹ ਲੈਂਦੇ ਥਕਿ ਪਾਹਿ।।***

***ਜੁਗਾ ਜੁਗੰਤਰਿ ਖਾਹਿ ਖਾਹੇ।।***

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ।।***

*ਨਾਨਕ ਨਾਮ ਚੜ੍ਹਦੀ ਕਲਾ।।*

*ਤੇਰੇ ਭਾਣੇ ਸਰਬਤ ਦਾ ਭਲਾ।।*

*।।ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨ।।*

*।।ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।।*

ਪੰਚਮ ਪਾਤਸ਼ਾਹ ਦਾ ਇਹ ਮਜਮੂਨ ਹੈ ਸ਼ੁਰੂਆਤ ਅੰਦਰ ਆਪਣੇ ਮੁਖਵਾਕ ਰਾਹੀਂ ਇਹ ਸਮਝਾਉਂਦੇ ਹਨ ਕਿ ਅਸੀ ਤਮਾਮ ਦੁਨੀਆਂ ਦੇ ਲੋਕ ਜਿਹੜੇ ਹਾਂ ਆਪਣੇ ਕਰਮਾਂ ਦੇ ਮੁਤਾਬਕ ਉਸ ਪਿਤਾ ਪ੍ਰਮਾਤਮਾ ਪਾਸੋਂ ਵਿਛੁੜ ਚੁਕੇ ਹਾਂ। ਉਸ ਪਿਤਾ ਪ੍ਰਮਾਤਮਾ ਨੂੰ ਮਿਲਣ ਵਾਸਤੇ ਅਸੀਂ ਸਾਰੇ ਤਮਾਮ ਦੁਨੀਆਂ ਦੇ ਜੀਵ ਅਨੇਕਾਂ ਪ੍ਰਕਾਰ ਦੇ ਯੋਗ ਅਭਿਆਸ, ਤਪਸਿਆ, ਹਠ ਯੋਗ, ਕਰਦੇ ਹਾਂ। ਫਿਰ ਵੀ ਇਹ ਸਾਡੀ ਆਤਮਾ ਪੁਰਾਤਨ ਸਮਿਆਂ ਤੋਂ ਵਿਛੜੀ ਹੋਈ ਹੈ ਆਪਣੇ ਪਿਤਾ ਪ੍ਰਮਾਤਮਾ ਜਾਂ ਆਪਣੇ ਪਤੀ ਰੂਪੀ ਪ੍ਰਮੇਸ਼ਰ ਨਾਲੋਂ ਉਸ ਨੂੰ ਮਿਲਾਵਣ ਦੇ ਵਾਸਤੇ ਉਸ ਨੂੰ ਜੋੜਨ ਦੇ ਵਾਸਤੇ ਜੋ ਸਾਨੂੰ ਤਰੀਕਾ, ਸਾਧਨ ਅਪਨਾਉਣਾ ਚਾਹੀਦਾ ਹੈ ਉਹ ਕੇਵਲ ਹੈ ਸੰਤਾਂ ਮਹਾਤਮਾਵਾਂ ਦੀ ਸ਼ਰਨ - ਜਿਸ ਤਰ੍ਹਾਂ ਕਿ ਸ਼ੁਰੂਆਤ ਅੰਦਰ ਮਹਾਰਾਜ ਜੀ ਇਹ ਸਮਝਾਉਂਦੇ ਹਨ ਕਿ:—

*।।ਕਿਰਤੁ ਕਰਮ ਕੇ ਵਿਛੁੜੇ ਕਰਿ ਕਿਰਪਾ ਮੇਲਹੁ ਰਾਮ।।*

*।।ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸ਼ਾਮ।।*

ਕਿ ਹੇ ਮੇਰੇ ਮਾਲਕ ਅਸੀ ਚਾਰ ਕੋਨੇ ਦਸ ਦਿਸ਼ਾਂ ਘੁੰਮਕੇ ਥੱਕ ਕੇ ਤੇਰੀ ਸ਼ਰਨ ਵਿਚ ਆਏ ਹਾਂ - ਆਪਣੀ ਕ੍ਰਿਪਾ ਅਤੇ ਮਿਹਰ ਕਰ ਜੇ ਸਾਨੂੰ ਆਪਣੀ ਸ਼ਰਨ ਵਿਚ ਲੈ ਲਵੇ ਤਾਂ ਸਾਡਾ ਵੀ ਇਹ ਜਿਹੜਾ ਜਾਮਾਂ ਹੈ - ਇਹ ਜਿਹੜਾ ਜੀਵਨ ਹੈ - ਜਿਹੜਾ ਇਹ ਪ੍ਰਮਾਤਮਾ ਨੇ ਸਾਨੂੰ ਆਪਣੀ ਬਖ਼ਸ਼ਿਸ਼ ਨਾਲ ਦਿੱਤਾ ਹੈ, ਇਸ ਤੋਂ ਅਸੀ ਖਲਾਸੀ ਤੇ ਮੁਕਤੀ ਹਾਸਲ ਕਰ ਸਕੀਏ:—

## ।।ਨਾਨਕੁ ਦੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ।।

ਨਾਮ ਦੀ ਮਹਿਮਾ ਬਾਬਤ ਗੁਰੂ ਮਹਾਰਾਜ ਜੀ ਸਮਝਾਉਂਦੇ ਹਨ। ਅਜ ਦਾ ਦਿਹਾੜਾ ਹੈ ਜੇਠ ਮਹੀਨੇ ਦਾ। ਇਸ ਜੇਠ ਮਹੀਨੇ ਦੀ ਸ਼ੁਰੂਆਤ ਵਿਚ ਮਹਾਰਾਜ ਸਾਨੂੰ ਇਹ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਦੀਆਂ ਕੜਕਦੀਆਂ ਧੁੱਪਾਂ ਗਰਮੀ ਦੇ ਦਿਹਾੜਿਆਂ ਅੰਦਰ ਕਿਸਾਨ ਆਪਣੇ ਖੇਤਾਂ ਦੇ ਅੰਦਰ ਹੱਲ ਚਲਾਉਂਦਾ ਹੈ। ਆਪਣੀ ਕਰੜੀ ਪਰੀਸ਼ਰਮ ਅਤੇ ਮਿਹਨਤ ਕਰਦਾ ਹੈ। ਅਗਰ ਉਸਦੀ ਖੇਤੀ ਵਿਚ ਬੀਜੇ ਹੋਏ ਬੀਜ ਦਾ ਉਸ ਨੂੰ ਲਾਭ ਨਾ ਹੋਵੇ ਤਾਂ ਬਹੁਤ ਦੁਖ ਪਹੁੰਚਦਾ ਹੈ। ਮਗਰ ਫਿਰ ਵੀ ਉਸ ਦੀ ਮਿਹਨਤ ਨੂੰ ਪ੍ਰਮਾਤਮਾ ਫਲ ਜ਼ਰੂਰ ਲਾਉਂਦਾ ਹੈ। ਇਸੇ ਤਰ੍ਹਾਂ ਅਸੀਂ ਵੀ ਕਈ ਸਮਿਆਂ ਤੋਂ ਜ਼ਿੰਦਗੀ ਦੇ ਵਿਚ ਤਪਦੇ ਚਲੇ ਆਉਂਦੇ ਹਾਂ, ਤਰਸਦੇ ਚਲੇ ਆਉਂਦੇ ਹਾਂ ਆਪਣੇ ਮਾਲਕ ਦੇ ਵਾਸਤੇ। ਸਿਰਫ ਇਸ ਲਈ ਨਹੀਂ ਕਿ ਸਾਨੂੰ ਆਪਦੇ ਮਾਲਕ ਦੇ ਪਾਸੋਂ ਕੁਝ ਸੁਖ ਚਾਹੀਦੇ ਹਨ ਜਾਂ ਧੀਆਂ ਪੁਤਰ ਧਨ ਦੌਲਤ ਜਾਂ ਮਹਿਲ ਮਾੜੀਆਂ ਜਾਂ ਹੋਰ ਵੀ ਜੋ ਸਾਧਨ ਹਨ ਜਾਂ ਸੁਖ ਹਨ ਉਹ ਸਾਨੂੰ ਚਾਹੀਦੇ ਹਨ ਤਾਂ ਕਰਕੇ ਅਸੀਂ ਮਾਲਕ ਨੂੰ ਮਿਲਣਾ ਚਾਹੁੰਦੇ ਹਾਂ, ਨਹੀਂ, ਬਲਕਿ ਇਸ ਕਰਕੇ ਕਿ ਮਾਲਕ ਨਾਲ ਮਿਲ ਕੇ ਜਿਹੜੇ ਅਸੀਂ ਦੁਖਾਂ ਦੇ ਵਿਚ ਦਿਨ ਰਾਤ ਪਏ ਮਾਰੇ ਮਾਰੇ ਜਕੜੇ ਹੋਏ ਅਤੇ ਭਟਕਦੇ ਫਿਰਦੇ ਹਾਂ ਉਹਨਾਂ ਤੋਂ ਸਾਨੂੰ ਖਲਾਸੀ ਤੇ ਮੁਕਤੀ ਹਾਸਲ ਹੋ ਸਕੇ। ਜੇ ਤੁਸੀਂ ਲੋਕ ਵੀ ਆਪਦੇ ਮਾਲਕ ਦੇ ਸਿਮਰਨ ਵਿਚ ਮਿਹਨਤ ਕਰੋ, ਪਰੀਸ਼ਰਮ ਕਰੋ ਤਾਂ ਤੁਹਾਨੂੰ ਵੀ ਉਸਦਾ ਲਾਭ ਅਤੇ ਫਾਇਦਾ ਜ਼ਰੂਰ ਹੋਵੇਗਾ। ਜਿਸ ਵਜੋਂ ਅਸੀਂ ਕਈ ਵਾਰ ਅੱਗੇ ਵੀ ਮਿਸਾਲ ਦੇ ਕੇ ਸਮਝਾਇਆ ਹੈ ਕਿ ਕੋਈ ਵੀ ਮਾਲਕ ਜਿਹੜਾ ਹੈ ਆਪਣੇ ਮਜ਼ਦੂਰ ਦੀ ਮਜ਼ਦੂਰੀ ਨਹੀਂ ਰਖ ਸਕਦਾ। ਇਸੇ ਤਰ੍ਹਾਂ ਹੀ ਜੇ ਤੁਸੀਂ ਵੀ ਦੋ ਘੜੀਆਂ - ਇਕ ਘੜੀ, ਅੱਧੀ ਘੜੀ, ਜਾਂ ਤੁਸੀਂ ਪ੍ਰਮਾਤਮਾ ਦੇ ਉਸ ਘਰ ਦੀ ਸੇਵਾ ਵਾਸਤੇ ਨਾਮ ਵਾਸਤੇ ਜਿੰਨਾਂ ਵੀ ਟਾਈਮ ਕਢੋਗੇ ਉਸਤੋਂ ਲਾਭ ਅਤੇ ਫਾਇਦਾ ਹੋਵੇਗਾ।

ਅਸੀਂ ਲੋਕ ਇਹਨਾਂ ਧਿਆਨਾਂ ਨੂੰ ਛੱਡ ਕੇ ਦੁਨੀਆਂ ਦੀਆਂ ਚੀਜ਼ਾਂ ਵਿਚ ਦਿਨ ਰਾਤ ਪਏ ਇਕ ਦੂਜੇ ਨੂੰ ਕਰਨ ਕਰਾਵਣ, ਮਰਨ ਮਰਵਾਣ, ਵਿਚ ਇਕ ਦੂਜੇ ਨੂੰ ਪਿਛੇ ਹਟਾਵਣ ਲਈ ਜੇ ਵਿਚਾਰ ਵਟਾਂਦਰਾ ਕਰਦੇ ਰਹੀਏ, ਸਕੀਮਾਂ ਬਣਾਉਂਦੇ ਰਹੀਏ ਤਾਂ ਆਸ਼ਾ ਹੈ ਕਿ ਉਸ ਮਹਾਰਾਜ ਦੇ ਮੁਖ ਵਾਕ ਦੇ ਮੁਤਾਬਕ ਕਦੇ ਵੀ ਸਫਲਤਾ ਨਹੀਂ ਮਿਲ ਸਕਦੀ। ਇਸ ਉਪਰੰਤ ਸਾਡੇ ਜੋ ਅੰਦਰ ਦੇ ਵਿਕਾਰ ਹਨ ਜਿਨ੍ਹਾਂ ਦੇ ਅੰਦਰ ਸਾਡੀ ਆਤਮਾ ਕਾਫੀ ਸਮਿਆਂ ਤੋਂ ਦੁਖ ਮੁਸੀਬਤਾਂ ਸਹਿਣ ਕਰਦੀ ਚਲੀ ਆਉਂਦੀ ਹੈ, ਉਸ

ਨੂੰ ਅਸੀਂ ਆਜ਼ਾਦੀ ਦਿਲਾਉਣੀ ਹੈ, ਖਲਾਸੀ ਦਿਲਾਉਣੀ ਹੈ ਅਤੇ ਮੁਕਤੀ ਦਿਲਾਉਣੀ ਹੈ। ਇਸ ਅਜਰ ਤੇ ਅਮਰ ਸਰੂਪ ਨੂੰ ਪੈਦਾ ਕਰਨ ਦੇ ਵਾਸਤੇ ਸਾਨੂੰ ਕਿਹੜੀ ਜੁਗਤੀ ਕਿਹੜੇ ਸਾਧਨ ਜਾਂ ਕਿਹੜੀ ਪ੍ਰਯੋਗਸ਼ਾਲਾ ਹੈ ਜਿਥੇ ਸਾਨੂੰ ਜਾ ਕੇ ਆਪਣਾ ਧਿਆਨ ਜੋੜਨਾ ਚਾਹੀਦਾ ਹੈ। ਉਹ ਕੇਵਲ ਸੰਤ ਸ਼ਰਨ ਹੈ ਅਤੇ ਸੰਤਾਂ ਦੀ ਸ਼ਰਨ ਦਾ ਨਾਮ ਹੈ। ਜਦ ਤਕ ਸਾਨੂੰ ਸੰਤ ਸ਼ਰਨ ਨਹੀਂ ਮਿਲਦੀ - ਉਨ੍ਹਾਂ ਚਿਰ ਤਕ ਇਹ ਜਾਮਾ ਬੇਕਾਰ ਹੈ। ਮਹੀਨੇ ਦੇ ਵਿਚ ਫਿਰ ਮਹਾਰਾਜ ਅਗੋਂ ਮੁਖਵਾਕ ਵਿਚ ਸਮਝਾਉਂਦੇ ਹਨ ਕਿ ਅਗਾਂਹ ਇਸ ਜੇਠ ਮਹੀਨੇ ਵਿਚ ਕੀ ਕਰਨਾ ਹੈ:—

*।।ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।।*

*।।ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।।*

ਫਿਰ ਦੇਖੋ ਮਹਾਰਾਜ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਮੋਤੀਆਂ ਨੂੰ, ਹੀਰੇ ਜਵਾਹਰਾਤਾਂ ਨੂੰ ਕੋਈ ਘੁਣ ਨਹੀਂ ਲਗਦਾ, ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ ਚਾਹੇ ਉਹ ਜਿੰਨਾ ਚਿਰ ਮਰਜ਼ੀ ਉਹ ਧਰਤੀ 'ਚ ਪਏ ਰਹਿਣ ਚਾਹੇ ਜਿੰਨਾ ਚਿਰ ਮਰਜੀ ਉਹ ਪਾਣੀ 'ਚ ਪਏ ਰਹਿਣ ਭਾਵੇਂ ਜਿੰਨਾ ਚਿਰ ਮਰਜੀ ਉਨ੍ਹਾਂ ਨੂੰ ਧਰਤੀ 'ਚ ਦਬੀ ਰਖਿਆ ਜਾਏ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ। ਇਸ ਤਰ੍ਹਾਂ ਹੀ ਪ੍ਰਮਾਤਮਾ ਦਾ ਰੰਗ ਕਦੇ ਫਿਕਾ ਨਹੀਂ ਹੁੰਦਾ ਅਤੇ ਪ੍ਰਮਾਤਮਾ ਦੀ ਕ੍ਰਿਪਾ ਵਿਚ ਕਦੇ ਕਮੀ ਨਹੀਂ ਆਉਂਦੀ। ਪ੍ਰਮਾਤਮਾ ਦੀ ਮਿਹਰ ਵਿਚ ਕਦੇ ਤੋਟ ਨਹੀਂ ਆਉਂਦੀ। ਨਾ ਪ੍ਰਮਾਤਮਾ ਦੇ ਘਰ ਵਿਚ ਕਿਸੇ ਚੀਜ਼ ਦਾ ਘਾਟਾ ਹੈ। ਸਿਰਫ ਸਾਡੇ ਲੋਕਾਂ ਦੇ ਖਿਆਲਾਂ ਦੇ ਤੌਰ ਤੇ ਇਹ ਕਮੀ ਮਹਿਸੂਸ ਹੁੰਦੀ ਹੈ। ਇਸ ਲਈ ਸਾਡੇ ਅੰਦਰ ਵੀ ਇਹ ਮਾਣਕ, ਮੋਤੀ, ਹੀਰੇ, ਜਵਾਹਰਾਤ ਭਰਪੂਰ ਭੰਡਾਰਾਂ ਦੇ ਤੌਰ ਤੇ ਪ੍ਰਮਾਤਮਾ ਨੇ ਜਮ੍ਹਾ ਕਰਕੇ ਰਖੇ ਹੋਏ ਹਨ ਔਰ ਚਾਬੀ ਉਸ ਦੀ ਸੰਤਾਂ ਮਹਾਤਮਾ ਨੂੰ ਬਖਸ਼ਿਸ਼ ਕੀਤੀ ਹੈ। ਤਾਲਾ ਲਾ ਕੇ ਇਸ ਖਜ਼ਾਨੇ ਨੂੰ ਬੰਦ ਕਰ ਛਡਿਆ ਹੈ। ਇਸ ਲਈ ਸਾਨੂੰ ਮਹਾਰਾਜ ਸਮਝਾਉਂਦੇ ਹਨ ਕਿ ਜਿਹੜਾ ਪ੍ਰਮਾਤਮਾ ਦਾ ਰੰਗ ਹੈ ਉਹ ਉੱਚਾ ਤੇ ਸੁੱਚਾ ਹੈ।

*।।ਬਾਕੀ ਰੰਗ ਜਗਤ ਕੇ ਸਭ ਹੈਂ ਮੈਲੇ ਬਿਨ ਧੋਤਿਆਂ ਸਭ ਲਥ ਜਾਈ।।*

ਜਿੰਨੇ ਵੀ ਰੰਗ ਜਗਤ ਦੇ ਹਨ, ਸਭ ਮੈਲੇ ਹਨ, ਧੋਤਿਆਂ ਤੋਂ ਬਗੈਰ ਹੀ ਉਤਰ ਜਾਣੇ ਹਨ। ਤੁਸੀਂ ਕਈ ਵਾਰ ਦੇਖਦੇ ਹੋ ਕਿ ਜਦ ਕੋਈ ਕਪੜਾ ਲੈ ਕੇ ਆਉਂਦੇ ਹੋ

ਤਾਂ ਉਸ ਨੂੰ ਧੋ ਕੇ ਧੁਪੇ ਪਾਉਂਦੇ ਹੋ ਤਾਂ ਧੁਪ ਰਾਹੀਂ ਹੀ ਉਸਦਾ ਰੰਗ ਖਰਾਬ ਹੋ ਜਾਂਦਾ ਹੈ। ਇਹ ਵੀ ਰੰਗ ਹੈ। ਮਗਰ ਇਕ ਬੰਨੇ ਦੂਜੇ ਰੰਗ ਦਾ ਵੇਰਵਾ ਪੰਚਮ ਪਾਤਸ਼ਾਹ ਇਸ ਢੰਗ ਨਾਲ ਕਰਦੇ ਹਨ ਕਿ ਜਿਸ ਤਰ੍ਹਾਂ ਕਿਸੇ ਦੇ ਘਰ ਔਲਾਦ ਨਹੀਂ ਹੈ ਔਰ ਉਹ ਔਲਾਦ ਦੀ ਮੰਗ ਵਾਸਤੇ ਇਛਾ ਵਾਸਤੇ ਉਹ ਦਰ-ਬੇ-ਦਰ ਭਟਕਦਾ ਫਿਰਦਾ ਹੈ। ਉਸ ਨੂੰ ਔਲਾਦ ਨਹੀਂ ਮਿਲਦੀ। ਸਾਰੀ ਉਮਰ ਉਸਦਾ ਰੰਗ ਉਤਰਿਆ ਰਿਹਾ ਉਸ ਨੂੰ ਕੋਈ ਰੰਗ ਨਾ ਚੜਿਆ। ਜੇ ਕਿਸੇ ਕਾਰਨ ਪ੍ਰਮਾਤਮਾ ਦੀ ਉਸਤੇ ਅਪਾਰ ਬਖਸ਼ਿਸ਼ ਹੋ ਗਈ, ਉਸ ਨੂੰ ਬੱਚਾ ਮਿਲ ਗਿਆ, ਉਸਦੇ ਚਾਅ ਪੱਕੇ ਹੋ ਗਏ, ਉਸ ਨੂੰ ਮਨ ਵਿਚ ਵਸਾ ਲਿਆ ਕਿ ਬਈ ਕ੍ਰਿਪਾ ਹੋ ਗਈ ਹੈ। ਆਪੇ ਰੰਗ ਚੜ੍ਹ ਗਿਆ। ਜੇ ਉਹ ਨਾਲਾਇਕ ਨਿਕਲ ਆਵੇ ਤਾਂ ਰੰਗ ਉਤਰ ਗਿਆ। ਦੂਜੇ ਰੂਪ 'ਚ ਮਹਾਰਾਜ ਇਸ ਤਰ੍ਹਾਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਕਿਸੇ ਨੇ ਕੋਈ ਕਾਰੋ ਵਿਹਾਰ ਸ਼ੁਰੂ ਕੀਤਾ, ਕਾਰੋ ਵਿਹਾਰ ਠੀਕ ਤਰ੍ਹਾਂ ਨਾ ਚਲ ਸਕਿਆ, ਕਰਜ਼ਾ ਸਿਰ ਤੇ ਚੜ ਗਿਆ। ਰੰਗ ਜਿਹੜਾ ਸੀ ਉਹ ਉਤਰ ਗਿਆ। ਜੇ ਕੋਈ ਮੁਕਦਮੇਬਾਜ਼ੀ ਸਾਡੇ ਤੇ ਪੈ ਜਾਂਦੀ ਹੈ ਜਿਸ ਕਰਕੇ ਅਸੀਂ ਦੁਖਾਂ ਵਿਚ ਉਲਝੇ ਰਹਿੰਦੇ ਹਾਂ, ਉਹ ਵੀ ਸਾਡੇ ਫਿਕੇ ਰੰਗ ਹਨ। ਸਾਨੂੰ ਰੰਗ ਕਿਹੜਾ ਚਾਹੀਦਾ ਹੈ? ਪ੍ਰਮਾਤਮਾ ਦਾ ਰੰਗ। ਜਿਹੜਾ ਪੱਕਾ ਰੰਗ ਹੈ।

ਸੰਤਾਂ ਸਨੇਹੀ ਜਿਹੜਾ ਰੰਗ ਹੈ ਉਹ ਸਾਨੂੰ ਲੈਣਾ ਚਾਹੀਦਾ ਹੈ। ਜਿਸ ਵਿਚ ਮਹਾਰਾਜ ਜੀ ਆਪ ਸਮਝਾਉਂਦੇ ਹਨ:—

*।।ਹਰਿ ਰੰਗਿ ਰਾਤਾ ਸੋ ਮਨੁ ਸਾਚਾ।। ਲਾਲ ਰੰਗ ਪੂਰਨ ਪੁਰਖੁ ਬਿਧਾਤਾ।।*

ਕਿ

*ਸੰਤਹ ਸੰਗਿ ਬੈਸਿ ਗੁਨ ਗਾਇ।।*

*ਤਾ ਕਾ ਰੰਗੁ ਨ ਉਤਰੈ ਜਾਇ।।*

ਕਿ ਹੇ ਮੇਰੇ ਮਾਲਕ ਹੇ ਮੇਰੇ ਪ੍ਰਮਾਤਮਾ ਸੱਚਾ ਸੁੱਚਾ ਉਹੀ ਰੰਗ ਹੈ ਜਿਹੜਾ ਕਦੇ ਉਤਰ ਨਹੀਂ ਸਕਦਾ। ਫਿਰ ਜੇਠ ਮਹੀਨੇ ਵਿਚ ਮਹਾਰਾਜ ਜੀ ਸਮਝਾਉਂਦੇ ਹਨ ਕਿ ਸਾਨੂੰ ਅਗੇ ਕੀ ਕਰਨਾ ਚਾਹੀਦਾ ਹੈ:—

*।।ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ।।*

*।।ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ।।*

ਉਹੋ ਹੀ ਧੰਨ ਹਨ, ਉਹੋ ਹੀ ਵੱਡੇ ਹਨ, ਉਹੋ ਹੀ ਵਡਭਾਗੀ ਹਨ ਜਿਨ੍ਹਾਂ ਨੇ

ਆਪਣੇ ਪ੍ਰਮਾਤਮਾ ਦਾ ਸਿਮਰਨ ਕੀਤਾ ਜਾਂ ਕਿਸੇ ਪੂਰਨ ਪੁਰਖ ਦੀ ਸ਼ਰਨ ਲੈ ਕੇ ਉਸ ਨੂੰ ਆਪਣੇ ਹਿਰਦੇ ਵਿਚ ਵਸਾਇਆ ਅਤੇ ਉਸਦਾ ਅਸਲੀ ਮਾਰਗ ਅਪਨਾਇਆ। ਸੋ ਇਸ ਤਰ੍ਹਾਂ ਅਗੇ ਵੀ ਕਈ ਵਾਰ ਸਤਿਸੰਗਾਂ ਰਾਹੀਂ ਅਰਜ ਕੀਤੀ ਗਈ ਕਿ ਸਾਨੂੰ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਆਪਣੇ ਕਿਸੇ ਪੂਰਨ ਪੁਰਖ ਦੀ ਸ਼ਰਨ 'ਚ ਜਾ ਕੇ ਉਹਨਾਂ ਉਪਰ ਪੂਰੀ ਤਰ੍ਹਾਂ ਨਾਲ ਯਕੀਨ ਅਤੇ ਵਿਸ਼ਵਾਸ ਕਰਨਾ। ਜੇ ਅਸੀਂ ਉਸ ਉਤੇ ਪੂਰੀ ਤਰ੍ਹਾਂ ਨਾਲ ਯਕੀਨ ਅਤੇ ਵਿਸ਼ਵਾਸ ਨਹੀਂ ਕਰਦੇ ਜਾਂ ਬਾਹਰੀ ਦਲਦਲਾਂ, ਬਾਹਰੀ ਖਿਆਲਾਂ ਵਿਚ ਉਲਝੇ ਬੈਠੇ ਹਾਂ ਤਾਂ ਅਗਰ ਰੱਬ ਵੀ ਸਾਡੇ ਸਾਹਮਣੇ ਆ ਕੇ ਖਲੋ ਜਾਵੇ ਤਾਂ ਅਸੀਂ ਉਸ ਤੇ ਵੀ ਯਕੀਨ ਨਹੀਂ ਕਰਾਂਗੇ। ਪੱਥਰ ਦੇ ਅੰਦਰ ਪ੍ਰਮਾਤਮਾ ਜ਼ਰੂਰ ਹੈ ਪਰ ਆਪ ਪ੍ਰਮਾਤਮਾ ਪੱਥਰ ਨਹੀਂ ਹੈ। ਤੁਹਾਡੇ ਭਰੋਸੇ ਨੇ, ਤੁਹਾਡੇ ਪਿਆਰ ਨੇ ਪ੍ਰਮਾਤਮਾ ਨੂੰ ਤੁਹਾਡੇ ਸਾਹਮਣੇ ਖੜਾ ਕਰਨਾ ਹੈ। ਪ੍ਰਮਾਤਮਾ ਦਾ ਕੋਈ ਰੂਪ, ਰੰਗ, ਰੇਖ, ਨਾ ਅਜੇ ਤਕ ਵਰਣਨ ਕੀਤਾ ਗਿਆ ਔਰ ਨਾ ਕੀਤਾ ਜਾਵੇਗਾ। ਪ੍ਰਮਾਤਮਾ ਦੇ ਮਿਲਣ ਦਾ ਜੋ ਤਰੀਕਾ ਹੈ ਉਹ ਸੰਤ ਸ਼ਰਨ ਹੈ - ਸੰਤ ਹੀ ਪ੍ਰਮਾਤਮਾ ਦਾ ਦੂਸਰਾ ਰੂਪ ਹਨ।

*।।ਪਲਟੂ ਪ੍ਰਥਮ ਮਾਹਿ ਸੰਤ ਹੈ,*
*ਦੂਜੇ ਮਾਹਿ ਕਰਤਾਰ।।*

*।।ਕਬੀਰ ਸੇਵਾ ਕਉ ਦੁਇ ਭਲੇ, ਏਕ ਸੰਤੁ ਇਕੁ ਰਾਮੁ।।*
*।।ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ।।*

ਸੰਤ ਨਾਮ ਜਪਾਵਣ ਵਾਸਤੇ ਆਉਂਦੇ ਹਨ ਅਤੇ ਪ੍ਰਮਾਤਮਾ ਮੁਕਤੀ ਕਰਦਾ ਹੈ। ਇਸ ਉਪਰੰਤ ਤੁਸੀ ਆਪ ਹੀ ਇਸ ਤੋਂ ਗੌਰ ਕਰ ਸਕਦੇ ਹੋ ਕਿ ਅਸੀਂ ਆਪਣੀ ਮੱਤ ਅਤੇ ਬੁਧੀ ਨਾਲ ਕਿੰਨੇ ਸਾਧਨ ਕੀਤੇ। ਅਜ ਇਥੇ ਆਉਣ ਤੋਂ ਪਹਿਲਾਂ ਅਸੀ ਗੁਰਦੁਆਰਿਆਂ 'ਚ ਜਾਂਦੇ ਸਾਂ, ਮੰਦਰਾਂ 'ਚ ਜਾਂਦੇ ਸਾਂ, ਮਸੀਤਾਂ 'ਚ ਜਾਂਦੇ ਸਾਂ, ਠਾਕਰ ਦੁਆਰਿਆਂ 'ਚ ਜਾਂਦੇ ਸਾਂ ਜਾਂ ਜੋ ਸਾਡੇ ਬਜ਼ੁਰਗਾਂ ਨੇ ਸਾਡੇ ਵਾਸਤੇ ਰਸਮ ਬਣਾਈ ਸੀ, ਰੀਤ ਬਣਾਈ ਸੀ, ਪੀਰਾਂ ਫਕੀਰਾਂ ਦੇਵੀ ਤੇ ਦੇਵਤਿਆਂ ਜਾਂ ਪੈਗੰਬਰਾਂ ਅਤੇ ਅਵਤਾਰਾਂ ਦੀ ਉਹਨਾਂ ਨੂੰ ਅਸੀ ਮਨਤ ਵਿਚ ਮੰਨਿਆ, ਉਹਨਾ ਦੀ ਪੂਜਾ ਜਾਂ ਸਾਧਨਾਂ ਕੀਤੀ ਜੋ ਵੀ ਉਹਨਾਂ ਅੱਗੇ ਚੜ੍ਹਾਉਣਾ ਸੀ ਚੜ੍ਹਾਇਆ ਪਰ ਫਿਰ ਵੀ ਅਸੀਂ ਦੁਖੀ ਹਾਂ। ਅਜ ਜੇ ਸਾਨੂੰ ਸੰਤ ਸ਼ਰਨ ਮਿਲੀ ਹੈ ਤਾਂ ਅਗਰ ਅਸੀਂ ਉਸਤੇ ਭਰੋਸਾ ਨਹੀਂ ਕਰਦੇ ਵਿਸ਼ਵਾਸ

ਨਹੀਂ ਕਰਦੇ - ਅਸੀਂ ਉਨ੍ਹਾਂ ਦੀ ਸ਼ਰਨ ਵਿਚ ਆ ਕੇ ਵੀ ਕਿਸੇ ਵਲੇ ਡਾਵਾਂ ਡੋਲ ਹੋ ਕੇ ਸ਼ਕ ਦੀ ਨਿਗ੍ਹਾ ਨਾਲ ਚਲਦੇ ਹਾਂ ਜਾਂ ਸਾਨੂੰ ਕੋਈ ਵੀ ਬਾਹਰੀ ਤੌਰ ਤੇ ਗਲ ਕਹਿ ਦੇਂਦਾ ਹੈ ਤਾਂ ਅਸੀਂ ਉਹਦੇ ਤੇ ਅਮਲ ਕਰਦੇ ਹਾਂ ਤਾਂ ਸਾਡਾ ਜਾਮਾ ਜਿਹੜਾ ਹੈ ਉਹ ਜਿਸ ਤਰ੍ਹਾਂ ਦਾ ਅਗੇ ਸੀ ਉਸ ਤਰ੍ਹਾਂ ਦਾ ਹੁਣ ਹੈ। ਅਸਾਂ ਨੇ ਆਪਣਾ ਮਾਰਗ ਦੇਖਣਾ ਹੈ - ਸਾਨੂੰ ਦੂਸਰੇ ਨਾਲ ਮਤਲਬ ਨਹੀਂ। ਜਦ ਅਸੀਂ ਆਪ ਸੱਚੇ ਮਾਰਗ ਤੇ ਚਲ ਰਹੇ ਹਾਂ ਤਾਂ ਦੂਸਰਾ ਆਪਣੇ ਆਪ ਹੀ ਆਟੋਮੈਟਿਕ ਚਲੇਗਾ। ਜੇ ਅਸੀਂ ਇਹ ਸੋਚੀਏ ਕਿ ਦੁਨੀਆਂ ਦੇ ਪਹਿਲਾਂ ਦੁਖ ਕਟਕੇ ਜਾਂ ਦੁਨੀਆਂ ਦੇ ਕੰਡੇ ਚੁਗ ਕੇ ਜਾਂ ਫਲਾਣਾ ਸਾਡਾ ਦੁਸ਼ਮਣ ਹੈ, ਸਾਡੇ ਉਹ ਰਸਤੇ ਵਿਚ ਰੁਕਾਵਟਾਂ ਪੈਦਾ ਕਰਦਾ ਹੈ - ਅਸੀਂ ਉਸ ਨੂੰ ਪਹਿਲਾਂ ਪਿੱਛੇ ਹਟਾ ਕੇ ਤਾਂ ਅੱਗੇ ਜਾਣਾ ਹੈ ਤਾਂ ਸਤਿਸੰਗਾਂ ਰਾਹੀਂ ਅਗੇ ਵੀ ਪਹਿਲਾਂ ਬੇਨਤੀ ਕੀਤੀ ਹੈ ਕਿ ਕੰਡੇ ਚੁਗਣ ਦੀ ਲੋੜ ਨਹੀਂ ਪੈਰਾਂ ਵਿਚ ਮਜ਼ਬੂਤ ਬੂਟ ਪਾਉਣ ਦੀ ਲੋੜ ਹੈ। ਰਾਹਾਂ 'ਚੋਂ ਛੋਟੇ ਰੋੜ ਹਟਾਉਣ ਦੀ ਲੋੜ ਨਹੀ ਹੈ ਪੈਰੀਂ ਮਜ਼ਬੂਤ ਜੁਤੀ ਪਾ ਲਵੋ ਤੇ ਉਹਨਾਂ ਉਤੋਂ ਦੀ ਲੰਘ ਜਾਉ ਤੁਹਾਨੂੰ ਕੋਈ ਤਕਲੀਫ ਨਹੀਂ ਹੋਵੇਗੀ। ਇਸੇ ਤਰ੍ਹਾਂ ਹੀ ਤੁਸੀਂ ਆਪਣੇ ਰਾਹ ਤੇ ਚਲਦੇ ਜਾਵੋ - ਰਾਹ ਤੇ ਚਲਦਿਆਂ ਚਲਦਿਆਂ ਇਕ ਦਿਨ ਤੁਹਾਨੂੰ ਜ਼ਰੂਰ ਅਨੰਦ ਤੇ ਖੁਸ਼ੀ ਮਿਲੇਗੀ।

***ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨ।।***

ਬਾਕੀ ਰਹਿ ਗਈ ਗੱਲ ਨਿੰਦਿਆ ਚੁਗਲੀ ਦੀ —

***।।ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।।***

***।।ਕੋਈ ਆਖੈ ਆਦਮੀ ਨਾਨਕੁ ਵੇਚਾਰਾ।।***

***।।ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ।।***

ਕਬੀਰ ਸਾਹਿਬ ਸਮਝਾਉਂਦੇ ਹਨ ਕਿ:—

***।।ਮੈ ਬਉਰਾ ਸਭੁ ਖਲਕ ਸਿਆਣੀ।।***

ਜੇਹੜੇ ਵੀ ਰੱਬ ਦੇ ਬੰਦੇ ਭਾਵ ਰੱਬ ਨੂੰ ਮਿਲਣ ਵਾਲੇ ਹੁੰਦੇ ਹਨ, ਜਾਂ ਜਿਨ੍ਹਾਂ ਨੇ ਰੱਬ ਨੂੰ ਪਾਉਣਾ ਹੁੰਦਾ ਹੈ ਜਾਂ ਜਿਨ੍ਹਾਂ ਦੇ ਮਨ ਵਿਚ ਕੋਈ ਰੱਬ ਦੀ ਪ੍ਰਤੀਕ੍ਰਿਆ ਹੁੰਦੀ ਹੈ ਉਹ ਸਦਾਈਆਂ ਦੇ ਤੌਰ ਤੇ ਮੰਨੇ ਜਾਂਦੇ ਹਨ ਔਰ ਦੂਸਰੇ ਆਪਣੇ ਆਪ ਨੂੰ ਸਿਆਣਾ ਕਹਿਣਾ ਸ਼ੁਰੂ ਕਰ ਦਿੰਦੇ ਹਨ ਇਸ ਤਰ੍ਹਾਂ ਸਾਨੂੰ ਪ੍ਰਮਾਤਮਾ ਨੂੰ ਮਿਲਣ ਪ੍ਰਮਾਤਮਾ ਨੂੰ ਪਾਣ ਵਾਸਤੇ ਸਾਨੂੰ ਪੂਰਨ ਸੰਤ ਦੀ ਜ਼ਰੂਰਤ ਹੈ ਔਰ ਉਹਨਾਂ ਦੀ ਸ਼ਰਨ

ਵਿਚ ਜਾਣਾ ਚਾਹੀਦਾ ਹੈ।

*।।ਆਪਣਾ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ।।*

*।।ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।।*

ਗੁਰੂ ਸਾਹਿਬ ਜੀ ਦੇਖੋ ਸਾਨੂੰ ਫੇਰ ਕਿੰਨੇ ਸੌਖੇ ਅਤੇ ਸਾਦੇ ਲਫਜ਼ਾਂ ਦੇ ਨਾਲ ਸਮਝਾਉਂਦੇ ਹਨ ਕਿ ਸਾਡੇ ਲੋਕਾਂ ਦੀ ਆਮ ਬੁਧੀ ਇਹੋ ਹੀ ਵਿਚਾਰ ਪੈਦਾ ਕਰਦੀ ਹੈ ਕਿ ਆਪਣਾ ਦਿਤਾ ਅਸੀ ਲੈਣਾ ਹੈ। ਅਗਰ ਸਾਡਾ ਆਪਣਾ ਕੋਈ ਹੋਵੇਗਾ ਤਾਂ ਸਾਨੂੰ ਮਿਲ ਜਾਵੇਗਾ। ਜਾਂ ਅਸੀਂ ਫਲਾਨੇ ਕੋਲੋਂ ਲਿਆ ਸੀ ਤਾਂ ਉਹ ਅਸੀਂ ਦੇਣਾ ਹੈ। ਕਹਿੰਦੇ ਇਸ ਤਰ੍ਹਾਂ ਅਗਰ ਸੌਦੇ ਹੋਣ ਲਗਦੇ ਤਾਂ ਫਿਰ ਤੇ ਗਲ ਹੀ ਬੜੀ ਸੌਖੀ ਸੀ। ਫਿਰ ਤਾਂ ਸੌਦਾ ਹੀ ਬੜਾ ਸਸਤਾ ਸੀ। ਜੇ ਅਸੀਂ ਕਹੀਏ ਕਿ ਅਸੀਂ ਆਪਣਾ ਲਿਆ ਹੈ ਜਾਂ ਅਸੀਂ ਦਿੱਤਾ ਸੀ ਤਾਂ ਲਿਆ ਹੈ - ਹਰਗਿਜ਼ ਨਹੀ ਇਹ ਸਾਡੇ ਖਿਆਲਾਤ ਹਨ। ਸਾਨੂੰ ਸੰਤਾਂ ਦੀ ਸ਼ਰਨ ਵਿਚੋਂ ਜੋ ਕੁਝ ਮਿਲਣਾ ਹੈ ਉਹ ਉਹਨਾਂ ਦੀ ਬਖਸ਼ਿਸ਼ ਹੈ ਜਿਹੜੀ ਕਮਾਈ ਤੁਹਾਡੀ ਮਿਹਨਤ ਨਾਲ ਤੁਹਾਡੇ ਕੋਲ ਜਮ੍ਹਾ ਹੁੰਦੀ ਹੈ ਅਗਰ ਕੋਈ ਇਕ ਭਿਖਾਰੀ ਜਾਂ ਮਗਤਾ ਆ ਕੇ ਤੁਹਾਡੇ ਕੋਲੋਂ ਮੰਗੇ ਉਹਨੇ ਤਾਂ ਤੁਹਾਨੂੰ ਕੋਈ ਪੈਸਾ ਨਹੀਂ ਦਿਤਾ ਪਰ ਤੁਸੀਂ ਉਸ ਨੂੰ ਕੋਈ ਪੈਸਾ ਦੇ ਦਿੰਦੇ ਹੋ ਤਾਂ ਇਸਦਾ ਮਤਲਬ ਹੈ ਕਿ ਉਹ ਤੁਹਾਡੇ ਕੋਲੋਂ ਵਾਧੂ ਲੈ ਕੇ ਚਲਾ ਗਿਆ - ਉਸਦਾ ਹੱਕ ਸੀ ਜਾਂ ਤੁਸੀਂ ਉਸਦਾ ਦੇਣਾ ਸੀ - ਅਗਰ ਜੇ ਪਹਿਲਾਂ ਹੀ ਉਹ ਬੂਹੇ 'ਚ ਬਾਹਰ ਖਲੋ ਕੇ ਤੁਹਾਨੂੰ ਇਹ ਆਖੇ ਕਿ ਮੈਂ ਖੈਰ ਮੰਗਣ ਵਾਸਤੇ ਤੁਹਾਡੇ ਕੋਲ ਆਇਆ ਹਾਂ ਤਾਂ ਜਿਹੜੇ ਮੈਂ ਤੁਹਾਡੇ ਕੋਲ ਪਹਿਲਾਂ ਪੈਸੇ ਜਮ੍ਹਾਂ ਕਰਾਏ ਹਨ ਤਾਂ ਉਹ ਮੈਨੂੰ ਦੇ ਦਿਉ - ਗਲ ਨਹੀ ਬਣ ਸਕਦੀ। ਠੀਕ ਹੈ।

*।।ਬਿਨੁ ਦਿਤੇ ਕਿਛੁ ਹਥਿ ਨ ਆਈ।।*

ਮਹਾਰਾਜ ਆਪਣੇ ਮਜ਼ਮੂਨ ਅੰਦਰ ਸਮਝਾਉਂਦੇ ਹਨ ਕਿ ਬਿਨਾਂ ਕੁਝ ਦਿੱਤਿਆਂ ਜੀਵ ਦੇ ਹਥ ਕੁਛ ਨਹੀ ਆ ਸਕਦਾ ਪ੍ਰੰਤੂ ਦੇਣਾ ਅਸੀਂ ਕੀ ਹੈ? ਸਾਡਾ ਤਾਂ ਹੈ ਹੀ ਕੁਝ ਨਹੀ। ਇਹ ਧੰਨ ਸਾਡਾ ਨਹੀ - ਇਹ ਤਨ ਸਾਡਾ ਨਹੀ, ਇਹ ਮਨ ਸਾਡਾ ਨਹੀ - ਇਹ ਸਭ ਕੁਝ ਤਾਂ ਪ੍ਰਮਾਤਮਾ ਦਾ ਹੈ।

*।।ਤਨੁ ਧਨੁ ਤੇਰਾ ਤੂੰ ਪ੍ਰਭ ਮੇਰਾ।।*

*।।ਹਮਰੇ ਵਸਿ ਕਿਛੁ ਨਾਹੀ।।*

ਪੰਚਮ ਪਾਤਸ਼ਾਹ ਸਮਝਾਉਂਦੇ ਹਨ, ਕਬੀਰ ਸਾਹਿਬਾਨ ਵੀ ਸਮਝਾਉਂਦੇ ਹਨ ਕਿ

*।।ਮੇਰਾ ਮੁਝ ਮੇ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।।*

*।।ਤੇਰਾ ਤੁਝ ਕੌ ਸਉਪਤੇ ਕਿਆ ਲਾਗੇ ਮੇਰਾ।।*

ਕਿ ਭਾਈ ਜੋ ਤੁਸੀ ਇਹ ਸਭ ਕੁਝ ਆਪਣਾ ਸਮਝਦੇ ਹੋ ਇਹ ਆਪਣਾ ਨਹੀਂ ਹੈ। ਸਭ ਕੁਝ ਪ੍ਰਮਾਤਮਾ ਦਾ ਹੈ ਸੋ ਆਪ ਲੋਕਾਂ ਨੂੰ ਇਹਨਾਂ ਛੋਟੇ ਛੋਟੇ ਸਤਿਸੰਗਾਂ ਰਾਹੀਂ ਜਾਂ ਮਜਮੂਨ ਰਾਹੀਂ ਇਹ ਸਮਝਣਾ ਅਤੇ ਜਾਨਣਾ ਬਹੁਤ ਜ਼ਰੂਰੀ ਹੈ ਕਿ ਵਕਤ ਦੇ ਨਾਲ ਸਾਨੂੰ ਕਿਸੇ ਸੰਤ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ - ਟਾਈਮ ਕਢਣਾ ਚਾਹੀਦਾ ਹੈ। ਚਾਹੇ ਸਾਨੂੰ ਮਹੀਨੇ ਵਿਚ ਇਕ ਵਾਰ ਹੀ ਮਿਲੇ, ਚਾਹੇ ਥੋੜ੍ਹਾ ਟਾਈਮ ਮਿਲੇ ਚਾਹੇ ਬਹੁਤਾ - ਸੰਤ ਸ਼ਰਨ ਜ਼ਰੂਰ ਜਾਉ। ਨਾਮ ਦੀ ਪ੍ਰਾਪਤੀ ਕਰੋ ਅਤੇ ਨਾਮ ਕਮਾਈ ਕਰਕੇ ਜੀਵਨ ਨੂੰ ਆਪ ਸਵਾਰੋ - ਬਹੁਤ ਸਾਰੇ ਸਤਿਸੰਗੀ ਨਾਮ ਲੈ ਕੇ ਨਾਮ ਦੀ ਕਮਾਈ ਨਹੀਂ ਕਰਦੇ । ਅਗਰ ਉਹਨਾਂ ਨੂੰ ਕਹਿ ਦਿੱਤਾ ਜਾਏ ਕਿ ਨਾਮ ਜਪੋ ਤਾਂ ਉਹ ਅਗੋਂ ਕਹਿ ਦਿੰਦੇ ਹਨ ਕਿ ਵੇਖੋ ਜੀ ਕ੍ਰਿਪਾ ਕਰੋਗੇ ਤਾਂ ਹੀ ਨਾਮ ਜਪਿਆ ਜਾ ਸਕਦਾ ਹੈ। ਗੁਰਬਾਣੀ ਵੀ ਬਿਆਨ ਕਰਦੀ ਹੈ।

*।।ਸੇ ਸਿਮਰਹਿ ਜਿਨ ਆਪਿ ਸਿਮਰਾਏ।।*

*।।ਨਾਨਕ ਤਾ ਕੈ ਲਾਗਉ ਪਾਏ।।*

ਭਾਵ ਜੇ ਆਪ ਕ੍ਰਿਪਾ ਕਰੋ ਤਾਂ ਹੀ ਨਾਮ ਸਿਮਰਿਆ ਜਾ ਸਕਦਾ ਹੈ।

*।।ਸਿਮਰਨ ਤੇ ਜਿਨਿ ਲਾਗੇ ਆਪਿ ਦਇਆਲਾ।।*

*।।ਨਾਨਕ ਜਨ ਕੀ ਮੰਗੈ ਰਵਾਲਾ।।*

ਪ੍ਰੰਤੂ ਗੁਰੂ ਮਹਾਰਾਜ ਇਹ ਸਮਝਾਉਂਦੇ ਹਨ ਕਿ ਇਹ ਤੁਹਾਡੀ ਡਿਊਟੀ ਹੈ ਥੋੜੀ ਹਿੰਮਤ ਆਪ ਕਰੋ ਬਾਕੀ ਮਾਲਕ ਆਪ ਕਰੇਗਾ। ਜਿਸ ਤਰ੍ਹਾਂ:—

*।।ਏਕ ਕਹੀ ਦੂਸਰੇ ਨੇ ਮਾਨੀ।।*

*।।ਸਮਝੋ ਦੋਨੋਂ ਬ੍ਰਹਮ ਗਿਆਨੀ।।*

ਇਕ ਵਿਚ ਇਕ ਜਮ੍ਹਾ ਕਰ ਦਿਤੇ ਜਾਣ ਨਾਲ ਦੋ ਬਣ ਜਾਂਦੇ ਹਨ। ਜੇ ਇਕ ਨਾਲ ਇਕ ਲਾ ਦਿੱਤਾ ਜਾਏ ਤਾਂ ਗਿਆਰਾਂ ਬਣ ਜਾਂਦੇ ਹਨ। ਇਸੇ ਤਰ੍ਹਾਂ ਹੀ ਪ੍ਰਮਾਤਮਾ ਹੈ। ਜਦ ਪ੍ਰਮਾਤਮਾ ਇਕ ਹੈ ਤਾਂ ਸਾਡੀ ਆਤਮਾ ਵੀ ਇਕ ਹੈ। ਦੋਹਾਂ ਨੇ ਇਕ ਰੂਪ

ਵਿਚ ਸਮਾ ਜਾਣਾ ਹੈ। ਇਕੋ ਰੂਪ ਵਿਚ ਉਹਨਾਂ ਨੂੰ ਆਪਣੇ ਆਪ ਨੂੰ ੧ਓਂ ਸੋਹੰਗ, ਸਤਿਨਾਮ, ਜੋਤ ਨਿਰੰਜਨ, ਪ੍ਰਭ ਅਵਿਨਾਸੀ ਅਤੇ ਅੰਤਰਜਾਮੀ ਕਹਿ ਕੇ ਯਾਦ ਕਰਨਾ ਹੈ। ਇਸ ਪ੍ਰਕਾਰ ਤੁਸੀਂ ਆਪਣੇ ਮਾਲਕ ਨਾਲ ਜੁੜਨ ਦੀ ਕੋਸ਼ਿਸ਼ ਕਰੋ। ਉਸ ਨਾਲ ਜੁੜ ਕੇ ਆਪਣੇ ਜੀਵਨ ਨੂੰ ਸਫਲ ਬਣਾਉ। ਬਾਕੀ ਹੋਕੇ ਤਾਂ ਸੰਤ ਦਿੰਦੇ ਹੀ ਆਏ ਹਨ ਅਮਲੀ ਤੌਰ ਤੇ ਕਿਸੇ ਨੇ ਪੁਕਾਰਿਆ ਹੈ ਔਰ ਕਿਸੇ ਨੇ ਨਹੀਂ ਪੁਕਾਰਿਆ ਅਗੇ ਵੇਖੋ ਮਹਾਰਾਜ ਜੀ ਕੀ ਆਖ ਰਹੇ ਹਨ:—

*।।ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।।*

ਮਹਾਰਾਜ ਜੀ ਫੁਰਮਾਨ ਕਰਦੇ ਹਨ ਮਥੰਨ ਭਾਵ ਰਿੜਕਨਾ — ਜਿਸ ਤਰ੍ਹਾਂ ਲੱਸੀ ਨੂੰ ਰਿੜਕ ਕੇ ਮੱਖਣ ਕਢਿਆ ਜਾਂਦਾ ਹੈ ਜਿਹੜੇ ਜਗਿਆਸੂ ਜੀਵ ਇਸ ਤਰ੍ਹਾਂ ਦਾ ਆਪਦੇ ਵਿਸ਼ੇ ਵਿਕਾਰਾਂ ਨੂੰ ਦੂਰ ਕਰਕੇ ਆਪਣੇ ਅੰਦਰ ਮਾਲਕ ਦੇ ਨਾਮ ਦਾ ਮਥੰਨ ਕਰਦੇ ਹਨ ਉਹ ਵੱਡੇ ਭਾਗਾਂ ਵਾਲੇ ਹਨ। ਇਸ ਸਤਿਸੰਗ ਦੌਰਾਨ ਅਸੀਂ ਹੁਣ ਦੇ ਸਮੇਂ ਮੁਤਾਬਕ ਇਹ ਜ਼ੋਰ ਤਾਂ ਨਹੀਂ ਦਿਆਂਗੇ ਕਿ ਤੁਸੀਂ ਨਾਮ ਜਪੋ ਜੀ ਤੁਸੀਂ ਯੇਹ ਕਰੋ ਜੀ ਤੁਸੀਂ ਵੋਹ ਕਰੋ ਜੀ - ਅਸੀਂ ਸਿਰਫ ਏਨਾ ਜ਼ਰੂਰ ਆਪ ਜੀ ਨੂੰ ਆਖਦੇ ਹਾਂ ਕਿ ਆਪੋ ਵਿਚ ਪ੍ਰੇ ਮ ਕਰੋ ਆਪੋ ਵਿਚ ਰਲ ਮਿਲ ਕੇ ਸਿਰ ਜੋੜ ਕੇ ਚਲੋ ਇਸ ਤੋਂ ਉਚੀ ਕੋਈ ਚੀਜ਼ ਨਹੀਂ ਹੈ।

ਸੰਤ ਹਮੇਸ਼ਾਂ ਸਾਨੂੰ ਜੋੜਨ ਵਾਸਤੇ ਆਉਂਦੇ ਹਨ ਤੋੜਨ ਵਾਸਤੇ ਨਹੀਂ। ਸਾਡੀ ਤਾਂ ਤੁਹਾਡੇ ਲੋਕਾਂ ਅਗੇ ਇਹੋ ਹੀ ਅਪੀਲ ਹੈ ਕਿ ਤੁਸੀਂ ਆਪਸ ਵਿਚ ਪਿਆਰ, ਭਾਈਚਾਰਾ, ਕਾਇਮ ਕਰੋ। ਇਸ ਤੋਂ ਵੱਡਾ ਇਨਸਾਨ ਕੋਲ ਕੋਈ ਹਥਿਆਰ ਨਹੀਂ। ਪਿਆਰ ਅੰਦਰ ਵੱਡੇ ਤੋਂ ਵੱਡੇ ਜ਼ਹਿਰੀਲੇ ਸੱਪ ਵੀ ਮਸਤ ਹੋ ਜਾਂਦੇ ਹਨ। ਉਹ ਵੀ ਖਹਿੜਾ ਛਡ ਦਿੰਦੇ ਹਨ। ਦੁਸ਼ਮਣ ਵੀ ਆਪਣੇ ਹਥਿਆਰ ਛਡ ਦਿੰਦਾ ਹੈ। ਹੋਰ ਕਿਸੇ ਚੀਜ਼ ਨਾਲ ਤੁਹਾਡਾ ਉਧਾਰ ਹੋ ਸਕਦਾ ਹੈ ਜਾਂ ਸੁਖ ਮਿਲ ਸਕਦਾ ਹੈ, ਅਸੀਂ ਤਾਂ ਇਹ ਨਹੀਂ ਕਹਿੰਦੇ। ਅਸੀਂ ਤਾਂ ਸਿਰਫ ਇਹੋ ਹੀ ਕਹਾਂਗੇ ਕਿ ਤੁਸੀਂ ਆਪਸ ਵਿਚ ਸਿਰ ਜੋੜ ਕੇ ਚਲੋ, ਔਰ ਸੱਚ ਨੂੰ ਲੈ ਕੇ ਚਲੋ, ਇਸ ਤੋਂ ਵੱਡੀ ਕੋਈ ਤਾਕਤ ਨਹੀਂ ਹੈ। ਸੱਚ ਕਹਿ ਦਿਉ ਚਾਹੇ ਕੁਝ ਵੀ ਨਾ ਕਰੋ - ਚਾਹੇ ਬੁਰਾ ਵੀ ਕੀਤਾ ਹੈ ਤਾਂ ਕਹਿ ਦਿਉ ਕਿ ਹਾਂ ਜੀ ਅਸੀਂ ਕੀਤਾ ਹੈ। ਮੰਨ ਲੈਣਾ ਠੀਕ ਹੈ। ਜਿਸ ਤਰ੍ਹਾਂ ਕਿ ਅਸੀਂ ਸਤਿਸੰਗਾਂ ਰਾਹੀਂ ਵੇਰਵਾ ਕਰਦੇ ਆਏ ਹਾਂ ਕਿ ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜਬਲਪੁਰ ਵਿਖੇ ਗਏ ਜਿਥੇ ਕਿ ਕੌਡਾ ਰਾਖਸ਼ ਰਹਿੰਦਾ ਸੀ। ਉਸ ਰਾਹ ਤੇ ਜਦੋਂ ਜਾ ਰਹੇ ਸਨ ਤਾਂ ਰਸਤੇ 'ਚ ਕਿਸੇ ਮੁਸਾਫਰ ਨੇ

ਆਖਿਆ ਕਿ ਭਾਈ ਤੁਸੀਂ ਕਿਥੇ ਜਾ ਰਹੇ ਹੋ ਸੌਦਾਗਰ ਜੀ - ਕਿਉਂਕਿ ਗੁਰੂ ਨਾਨਕ ਸਾਹਿਬਾਨ ਨੇ ਕਪੜੇ ਸੌਦਾਗਰਾਂ ਵਾਲੇ ਪਾਏ ਹੋਏ ਸਨ। ਗੁਰੂ ਸਾਹਿਬਾਨ ਨੇ ਕਿਹਾ ਕਿ ਅਸੀਂ ਐਵੇਂ ਹੀ ਸੈਰ ਕਰਨ ਵਾਸਤੇ ਜਾ ਰਹੇ ਹਾਂ। ਉਹ ਆਖਣ ਲੱਗਾ ਕਿ ਅਗੇ ਨਾ ਜਾਇਉ - ਅਗੇ ਕੌਡੇ ਨਾਂ ਦਾ ਬਹੁਤ ਵੱਡਾ ਰਾਖਸ਼ਸ਼ ਰਹਿੰਦਾ ਹੈ।ਉਹ ਤਾਂ ਆਦਮੀ ਖਾ ਜਾਂਦਾ ਹੈ - ਲੁਟ ਲੁਟ ਕੇ। ਮਹਾਰਾਜ ਕਹਿਣ ਲੱਗੇ ਕਿ ਭਾਈ ਜੇ ਬੰਦੇ ਲੁਟ ਕੇ ਖਾ ਜਾਂਦਾ ਹੈ ਤਾਂ ਬਈ ਸਾਡੇ ਕੋਲ ਕਿਹੜੀ ਚੀਜ਼ ਹੈ, ਜਿਹੜੀ ਉਹ ਲੁਟ ਲਏਗਾ। ਜਦ ਉਹ ਪਹੁੰਚੇ ਤਾਂ ਬਾਣੀ ਦਸਦੀ ਹੈ ਕਿ ਸਭ ਤੋਂ ਪਹਿਲਾਂ ਮਰਦਾਨਾ ਉਸ ਕੋਲ ਗਿਆ। ਮਰਦਾਨੇ ਨੇ ਰੋਟੀ ਦਾ ਖੈਰ ਮੰਗਿਆ - ਉਸ ਨੂੰ ਭੁੱਖ ਲਗੀ ਹੋਈ ਸੀ ਪ੍ਰੰਤੂ ਉਸ ਨੇ ਮਰਦਾਨੇ ਨੂੰ ਫੜ ਕੇ ਬੰਨ੍ਹ ਲਿਆ। ਬੰਨ ਕੇ ਉਸ ਨੂੰ ਤੇਲ ਵਿਚ ਤਲਣ ਲਗੇ । ਪ੍ਰੰਤੂ ਦੂਜੇ ਰੂਪ ਵਿਚ ਮਹਾਰਾਜ ਇਹ ਵਰਣਨ ਕਰਦੇ ਹਨ ਕਿ ਮਰਦਾਨਾ ਉਥੇ ਗਿਆ ਤੇ ਉਸ ਨੂੰ ਕਿਹਾ ਕਿ ਭਾਈ ਤੂੰ ਇਥੇ ਕੀ ਕਰਦਾ ਹੈਂ? ਅਗੋਂ ਉਹ ਕਹਿਣ ਲੱਗਾ ਕਿ ਮੇਰਾ ਨਾਂ ਕੌਡਾ ਹੈ। ਮੈਨੂੰ ਲੋਕੀ ਕੌਡਾ ਰਾਖਸ਼ਸ਼ ਕਹਿੰਦੇ ਹਨ। ਅਗੋਂ ਮਰਦਾਨਾ ਕਹਿਣ ਲਗਾ ਕਿ ਭਾਈ ਜੇ ਤੂੰ ਰਾਖਸ਼ਸ਼ ਬਣ ਗਿਆ ਹੈਂ ਤਾਂ ਹੁਣ ਤੂੰ ਅਗੋਂ ਕੀ ਬਣਨਾ ਚਾਹੁੰਦਾ ਹੈਂ ਤਾਂ ਕੌਡਾ ਕਹਿਣ ਲੱਗਾ ਬਈ ਜੇ ਕੋਈ ਰੱਬ ਦਾ ਪਿਆਰਾ ਮਿਲ ਜਾਏ ਤਾਂ ਮੈਂ ਸ਼ਾਇਦ ਕੁਝ ਹੋਰ ਵੀ ਬਣ ਜਾਵਾਂ। ਉਹ ਕਹਿਣ ਲੱਗਾ - ਚੰਗਾ ਫਿਰ ਆ ਜੇ ਇਹ ਗੱਲ ਹੈ ਤਾਂ ਇਥੇ ਮੇਰੇ ਗੁਰੂ ਆਏ ਹਨ। ਮੈਂ ਉਹਨਾਂ ਨੂੰ ਤੈਨੂੰ ਮਿਲਾਵਾਂ।

ਉਹ ਅੱਗੋਂ ਕਹਿਣ ਲੱਗਾ ਕਿ ਤੇਰੇ ਗੁਰੂ ਕੋਲ ਮੈਂ ਕਿਉਂ ਜਾਵਾਂ ਉਹ ਮੇਰੇ ਕੋਲ ਚਲ ਕੇ ਆਵੇ। ਉਸ ਨੇ ਜ਼ਿੱਦ ਕਰ ਲਈ। ਮਰਦਾਨਾ ਕਹਿਣ ਲੱਗਾ ਕਿ ਮੇਰਾ ਗੁਰੂ ਨਹੀਂ ਆ ਸਕਦਾ। ਤੂੰ ਉਨ੍ਹਾਂ ਕੋਲ ਚਲ। ਕਸੂਰਵਾਰ ਤੂੰ ਹੈਂ, ਜੁਰਮ ਤੂੰ ਕੀਤਾ ਹੈ ਕਿ ਉਨ੍ਹਾਂ। ਕੌਡਾ ਕਹਿਣ ਲੱਗਾ ਨਹੀਂ ਉਹਨਾਂ ਨੂੰ ਆਉਣਾ ਪਏਗਾ। ਕੌਡਾ ਕਹਿਣ ਲੱਗਾ ਅੱਛਾ ਜੇ ਨਹੀਂ ਤਾਂ ਮੈਂ ਲਗਾ ਹਾਂ ਤੈਨੂੰ ਤੇਲ ਦੇ ਕੜਾਹੇ ਵਿਚ ਸੁਟ ਕੇ ਤਲਣ, ਤੂੰ ਹੁਣ ਪੁਕਾਰ ਤਾਂ ਆਪਣੇ ਗੁਰੂ ਨੂੰ ਮੈਂ ਦੇਖਦਾ ਹਾਂ ਤੇਰਾ ਗੁਰੂ ਸੱਚਾ ਹੈ। ਕਹਿੰਦੇ ਹਨ ਕਿ ਸੱਚੇ ਦਿਲ ਨਾਲ ਜੇ ਪੁਕਾਰ ਕੀਤੀ ਜਾਏ ਤਾਂ ਬੰਦਾ ਤਾਂ ਕੀ ਰੱਬ ਵੀ ਆ ਜਾਂਦਾ ਹੈ। ਇਸ ਲਈ ਔਖੇ ਵਕਤ ਮਰਦਾਨੇ ਨੇ ਆਪਣੇ ਪ੍ਰਭੂ ਗੁਰੂ ਨਾਨਕ ਸਾਹਿਬ ਅਗੇ ਅਰਦਾਸ ਕੀਤੀ - ਇਹ ਸੱਚੀ ਅਰਦਾਸ ਸਦਕਾ ਗੁਰੂ ਸਾਹਿਬ ਉਥੇ ਪਹੁੰਚ ਗਏ। ਗੁਰੂ ਸਾਹਿਬਾਨ ਕੌਡੇ ਨੂੰ ਕਹਿਣ ਲੱਗੇ ਕਿ ਤੂੰ ਕੀ ਕਰ ਰਿਹਾ ਹੈਂ ਭਲਿਆ ਮਾਣਸਾ। ਅਗੋਂ ਕੌਡਾ ਕਹਿਣ ਲੱਗਾ ਕਿ ਜੇ ਤੁਹਾਡੇ 'ਚ ਕੋਈ ਸਤਿਆ ਹੈ ਤਾਂ ਛੁਡਾ ਕੇ ਵਿਖਾਉ। ਗੁਰੂ ਸਾਹਿਬਾਨ

ਕਹਿਣ ਲਗੇ ਕਿ ਬਈ ਸਤਿਆ ਨਾਲ ਸਤਿਆ ਨਹੀਂ ਵਿਖਾਈ ਜਾਂਦੀ। ਕਮਜ਼ੋਰ ਨਾਲ ਤਕੜੇ ਦਾ ਲੜਨਾ ਮੂਰਖਤਾਈ ਹੈ। ਜੇ ਕਮਜ਼ੋਰ ਨਾਲ ਤਕੜਾ ਲੜੇ ਜਾਂ ਕੋਈ ਬੇ ਸਮਝਦਾਰ ਨਾਲ ਸਮਝਦਾਰ ਝਗੜੇ ਤਾਂ ਕੋਈ ਫਾਇਦਾ ਨਹੀਂ ਹੁੰਦਾ। ਅਗਰ ਤੂੰ ਸਮਝਦਾਰ ਹੈਂ - ਅਸੀਂ ਨਹੀਂ ਹਾਂ ਤਾਂ ਵੀ ਠੀਕ ਹੈ। ਜੇ ਅਸੀਂ ਸਮਝਦਾਰ ਹਾਂ ਤੂੰ ਨਹੀਂ ਤਾਂ ਵੀ ਠੀਕ ਹੈ। ਸੋ ਆਪਸ ਵਿਚ ਤਾਕਤ ਦਿਖਾਉਣਾ ਠੀਕ ਨਹੀਂ ਹੈ। ਕੌਡਾ ਕਹਿਣ ਲੱਗਾ ਨਹੀ ਜੀ ਜੇ ਤੁਸੀਂ ਰੱਬ ਹੈ ਹੀ ਓ, ਜਿਵੇਂ ਇਹ ਕਹਿੰਦਾ ਹੈ ਮੇਰੇ ਗੁਰੂ ਰੱਬ ਨੇ - ਨਿਰੰਕਾਰ ਨੇ ਅਵਤਾਰ ਲਿਆ ਹੈ, ਅਕਾਲ ਪੁਰਖ ਆਪ ਆਇਆ ਹੈ। ਉਹ ਕਹਿਣ ਲੱਗੇ ਅਕਾਲ ਪੁਰਖ ਆਇਆ ਜਾਂ ਨਹੀਂ ਆਇਆ ਇਹਦਾ ਤਾਂ ਕੋਈ ਝਗੜਾ ਨਹੀਂ - ਗੱਲ ਇਹ ਹੈ ਕਿ ਸਭ ਤੋਂ ਪਹਿਲੋਂ ਤੂੰ ਇਹ ਦਸ ਕਿ ਇਹ ਸਭ ਕੁਝ ਕਰਦਾ ਕਾਹਦੇ ਲਈ ਹੈਂ। ਤੇਰਾ ਕੋਈ, ਅਗੇ ਕੋਈ ਪਿਛੇ, ਕੋਈ ਧੀ ਪੁਤਰ ਹੈ? ਕਹਿਣ ਲੱਗਾ ਜੀ ਮੇਰਾ ਸਾਰਾ ਪਰਿਵਾਰ ਹੈ। ਘਰ ਬਾਰ ਬੱਚੇ ਮੇਰੇ ਹੈਗੇ ਨੇ ਸਾਕ ਸੰਬੰਧੀ ਰਿਸ਼ਤੇਦਾਰ ਸਭ ਹਨ। ਮੈਂ ਲੁਟ ਕੇ ਉਹਨਾ ਦਾ ਪੇਟ ਪਾਲਦਾ ਹਾਂ। ਕਹਿਣ ਲਗੇ ਭਲਕੇ ਤੂੰ ਔਕੜ ਮੁਸੀਬਤ ਵਿਚ ਆ ਜਾਵੇ ਤਾਂ ਕੀ ਇਹ ਤੇਰਾ ਸਾਥ ਦੇਣਗੇ। ਕੌਡਾ ਕਹਿਣ ਲਗਾ ਜ਼ਰੂਰ - ਦੇਣਗੇ। ਹਜ਼ੂਰ ਕਹਿਣ ਲਗੇ 'ਵਾਜ ਮਾਰ ਆਪਣੇ ਘਰ ਦਿਆਂ ਨੂੰ। ਨਾਲ ਇਕੱਠਾ ਹੀ ਘਰ ਸੀ - ਉਸ ਨੇ ਆਵਾਜ਼ ਮਾਰੀ ਘਰ ਦੇ ਆਏ। ਮਹਾਰਾਜ ਨੇ ਪੁੱਛਿਆ ਕਿ ਤੁਹਾਡਾ ਆਦਮੀ ਜਿਸ ਤਰ੍ਹਾਂ ਇਹ ਮਾੜੇ ਕਰਮ ਕਰ ਰਿਹਾ ਹੈ - ਜੇ ਇਸ ਨੂੰ ਸਜ਼ਾ ਮਿਲੀ ਤਾਂ ਕੀ ਤੁਸੀਂ ਇਸਦਾ ਸਾਥ ਦਿਉਂਗੇ? ਅਗੋਂ ਉਹ ਕਹਿਣ ਲੱਗੇ ਨਾ ਜੀ ਨਾ ਅਸੀਂ ਤਾਂ ਬਿਲਕੁਲ ਸਾਥ ਨਹੀਂ ਦੇਵਾਂਗੇ। ਗੁਰੂ ਨਾਨਕ ਪਾਤਸ਼ਾਹ ਅਗੋਂ ਕਹਿਣ ਲਗ। ਬਈ ਕੌਡੇ ਸ਼ਾਹ ਠੀਕ ਈ। ਕੌਡਾ ਕਹਿਣ ਲੱਗਾ ਪ੍ਰਭੂ ਠੀਕ ਤਾਂ ਹੈ ਪ੍ਰਭੂ ਮੈਂ ਕੀਕਰਾਂ। ਹਜ਼ੂਰ ਕਹਿਣ ਲੱਗੇ ਕਿ ਕਰਨਾ ਕੀ ਹੈ। ਭਾਈ ਤੇਰੀ ਡਿਊਟੀ ਜੋ ਹੈ, ਉਹ ਕਰ, ਰੱਬ ਦੀ ਬੰਦਗੀ ਕਰ ਔਰ ਰੱਬ ਦੀ ਬੰਦਗੀ ਵਿਚੋਂ ਜੋ ਫਾਇਦਾ ਹੋਵੇ ਤਾਂ ਉਹ ਲੋਕਾਂ ਵਿਚ ਪਹੁੰਚਾ ਅਗੋਂ ਉਹ ਕਹਿਣ ਲੱਗਾ ਮਹਾਰਾਜ ਉਹ ਤਾਂ ਮੈਂ ਕਰ ਨਹੀਂ ਸਕਦਾ। ਮੈਂ ਤਾਂ ਪਾਪੀ ਬਹੁਤ ਹਾਂ। ਗੁਰੂ ਸਾਹਿਬਾਨ ਕਹਿਣ ਲੱਗੇ ਕਿ ਬਸ ਇਤਨੇ ਹੀ ਲਫਜ਼ ਬਹੁਤ ਹਨ। ਤੂੰ ਆਪਣੇ ਆਪ ਨੂੰ ਪਾਪੀ ਮੰਨ ਲਿਆ ਹੈ। ਬਸ ਜਿਹੜਾ ਤੂੰ ਆਪਣੇ ਆਪ ਨੂੰ ਪਾਪੀ ਕਹਿ ਦਿੱਤਾ ਹੈ। ਇਸ ਨਾਲ ਹੀ ਤੂੰ ਹੁਣ ਪ੍ਰਮਾਤਮਾ ਨੂੰ ਮਿਲ ਸਕਦਾ ਹੈਂ। ਅਗੋਂ ਉਹ ਕਹਿਣ ਲੱਗਾ ਕਿ ਮਹਾਰਾਜ ਮੈਂ ਸਮਝ ਨਹੀਂ ਪਾਇਆ। ਹਜ਼ੂਰ ਕਹਿਣ ਲਗੇ ਕਿ ਜਦੋਂ ਇਨਸਾਨ ਆਪਣੇ ਕਿਸੇ ਗੁਨਾਹ ਤੋਂ ਤੋਬਾ ਕਰ ਲੈਂਦਾ ਹੈ ਤਾਂ ਉਸ ਨੂੰ ਪ੍ਰਮਾਤਮਾ ਦੀ ਸਾਰੀ ਦੁਨੀਆਂ ਮੁਆਫ ਕਰ ਦਿੰਦੀ ਹੈ। ਪ੍ਰੰਤੂ ਜਦੋਂ ਇਨਸਾਨ ਗੁਨਾਹ ਕਰ ਕੇ ਵੀ

ਤੌਬਾ ਨਹੀਂ ਕਰਦਾ - ਫਿਰ ਵੀ ਆਪਣੇ ਆਪ ਨੂੰ ਚਤੁਰ ਤੇ ਚਲਾਕ ਬਣਾ ਕੇ ਅਗੇ ਲਿਜਾਣ ਦੀ ਕੋਸ਼ਿਸ਼ ਕਰਦਾ ਹੈ ਉਸ ਨੂੰ ਖੁਦਾ ਨੇ ਤਾਂ ਕੀ ਮੁਆਫ ਕਰਨਾ ਹੈ। ਉਸ ਨੂੰ ਦੁਨੀਆਂ ਵੀ ਮੁਆਫ ਨਹੀਂ ਕਰਦੀ। ਕਹਿਣ ਤੋਂ ਭਾਵ ਹੈ ਕਿ ਉਸ ਤੇ ਬਖਸ਼ਿਸ਼ ਹੋਈ। ਰਹਿਮਤ ਹੋਈ। ਉਸੇ ਕੌਡੇ ਨੇ ਆ ਕੇ ਦੁਨੀਆਂ ਦਾ ਉਧਾਰ ਕੀਤਾ। ਸੋ ਕਹਿਣ ਤੋਂ ਭਾਵ ਇਹ ਹੈ ਕਿ ਜਦੋਂ ਅਸੀਂ ਲੋਕ ਗੁਨਾਹ ਕਰਦੇ ਹਾਂ ਤਾਂ ਅਸੀਂ ਮੰਨਦੇ ਨਹੀਂ। ਸਾਡੀ ਅੰਦਰੋਂ ਆਤਮਾ ਕਦੇ ਕਦੇ ਸਾਨੂੰ ਕੋਸਦੀ ਹੈ। ਨਾਲੇ ਮਨ ਵੀ ਸਾਨੂੰ ਆਖਦਾ ਹੈ ਕਿ ਕਿਹੜੇ ਰਸਤੇ ਪੈ ਗਿਆ ਹੈ। ਪਰ ਅਸੀਂ ਲੋਕ ਬਾਹਰੀ ਤੌਰ ਤੇ ਸੰਭਲਦੇ ਨਹੀਂ ਹਾਂ, ਸਮਝਦੇ ਨਹੀਂ ਹਾਂ। ਸੋ ਕਹਿਣ ਤੋਂ ਇਹੀ ਲਿਹਾਜਾ ਹੈ ਅਸੀਂ ਲੋਕ ਚੰਗਾ ਕਰੀਏ ਜਾਂ ਮੰਦਾ ਕਰੀਏ ਸਾਨੂੰ ਮਹਿਸੂਸ ਹੋਣਾ ਚਾਹੀਦਾ ਹੈ ਕਿ ਮੈਂ ਚੰਗਾ ਕੀਤਾ ਸੀ ਉਸਦਾ ਮੈਨੂੰ ਪਤਾ ਹੈ। ਦੂਸਰੇ ਨੂੰ ਨਹੀਂ ਮੈਂ ਮਾੜਾ ਕੀਤਾ ਹੈ ਉਸਦਾ ਮੈਨੂੰ ਪਤਾ ਹੈ। ਦੂਸਰੇ ਨੂੰ ਨਹੀਂ ਜੇ ਕਹਿ ਦੇਈਏ ਕਿ ਮਾੜਾ ਕੀਤਾ ਹੈ ਤਾਂ ਹੋ ਸਕਦਾ ਹੈ - ਦੂਸਰਾ ਜਿਹੜਾ ਹੈ ਉਸ ਨੂੰ ਫਾਇਦਾ ਹੋ ਜਾਵੇ। ਇਕ ਬੰਦਾ ਤੁਹਾਨੂੰ ਮਿਲਦਾ ਹੈ। ਤੁਹਾਨੂੰ ਪੁਛਦਾ ਹੈ ਕਿ ਤੁਸੀਂ ਫਲਾਨੇ ਸੰਤਾਂ ਕੋਲ ਜਾਂਦੇ ਹੋ ਉਥੇ ਤਾਂ ਕੁਝ ਵੀ ਨਹੀਂ - ਤੁਸੀਂ ਮੰਨ ਜਾਂਦੇ ਹੋ। ਹੋ ਸਕਦਾ ਹੈ ਉਸ ਨੂੰ ਉਥੋਂ ਕੁਝ ਨਹੀਂ ਮਿਲਿਆ। ਸ਼ਾਇਦ ਤੁਹਾਨੂੰ ਕੁਝ ਮਿਲ ਜਾਏ। ਇਕ ਬੰਦਾ ਇਕ ਰੁਪਈਆ ਲੈ ਕੇ ਵਪਾਰ ਕਰਦਾ ਹੈ। ਉਹਦਾ ਉਸ ਨੂੰ ਘਾਟਾ ਪੈ ਜਾਂਦਾ ਹੈ। ਔਰ ਉਹ ਦੂਸਰੇ ਨੂੰ ਕਹਿੰਦਾ ਹੈ ਕਿ ਮੈਂ ਰੁਪਈਏ ਦਾ ਵਪਾਰ ਕੀਤਾ ਹੈ ਪ੍ਰੰਤੂ ਮੈਨੂੰ ਘਾਟਾ ਪੈ ਗਿਆ ਹੈ। ਜੇ ਦੂਸਰੇ ਨੂੰ 50 ਪੈਸਿਆਂ ਦੇ ਵਪਾਰ ਨਾਲ ਵਾਧਾ ਹੋ ਜਾਂਦਾ ਹੈ ਤਾਂ ਪਹਿਲਾ ਕਹਿੰਦਾ ਹੈ ਕਿ ਤੈਨੂੰ ਕਿਸ ਤਰ੍ਹਾਂ ਵਾਧਾ ਹੋਇਆ ਹੈ। ਉਸਦਾ ਕੰਮ ਕਰਨ ਦਾ ਤਰੀਕਾ ਹੋਰ - ਦੂਸਰੇ ਦਾ ਕੰਮ ਕਰਨ ਦਾ ਤਰੀਕਾ ਨਾਲ ਮਸਤਕ ਤੇ ਲਿਖੇ ਕਰਮਾਂ ਦੇ ਫਲ ਮੁਤਾਬਕ ਹੈ ਕਿਸੇ ਨਾਲ ਨਹੀਂ।

ਇਕ ਬੱਚਾ ਘਰ ਜਨਮ ਲੈਂਦਾ ਹੈ - ਮਾਂ-ਪਿਉ ਕੰਗਾਲ ਹੋ ਜਾਂਦਾ ਹੈ। ਇਕ ਬੱਚਾ ਜਨਮ ਲੈਂਦਾ ਹੈ ਮਾਂ ਪਿਉ ਕਰੋੜਪਤੀ ਬਣ ਜਾਂਦਾ ਹੈ - ਮਾਂ ਪਿਉ ਇਹੋ ਹੀ ਆਖਦੇ ਹਨ ਕਿ ਜਦੋਂ ਦਾ ਆਹ ਪੁਤਰ ਜੰਮਿਆ ਹੈ ਸਾਡੇ ਘਰ ਤਾਂ ਰਿਹਾ ਹੀ ਕੁਝ ਨਹੀਂ ਤਾਂ ਜਦੋਂ ਦਾ ਆਹ ਪੁਤਰ ਜੰਮਿਆ ਹੈ - ਸਾਡੇ ਘਰ ਲਹਿਰ ਬਹਿਰ ਹੋ ਗਈ ਹੈ। ਇਸ ਤਰ੍ਹਾਂ ਹੀ ਸਾਡੇ ਅੰਦਰ ਹੈ।

ਸਾਡੇ ਮਨ ਨੇ ਉਤਰਾਉ ਚੜਾਉ ਲਿਆਉਣਾ ਹੈ ਤੇ ਮਨ ਨੇ ਹੀ ਸਾਨੂੰ ਮਾੜੇ ਖਿਆਲਾਂ ਵਿਚ ਲੈ ਜਾਣਾ ਹੈ। ਤੁਹਾਡੇ ਆਪਣੇ ਆਪਣੇ ਮਾਰਗ ਹਨ, ਆਪਣੇ ਆਪਣੇ

ਰਾਹ ਹਨ। ਜਿਹੜੇ ਮਾਰਗ ਤੁਹਾਨੂੰ ਚੰਗੇ ਲਗਦੇ ਹਨ ਉਹਨਾਂ ਉੱਪਰ ਚਲੋ ਨਾ ਕਿ ਕਿਸੇ ਦੇ ਕਹਿਣ ਤੇ। ਵੇਖੋ ਅਸੀਂ ਵੀ ਸੰਤ ਹਾਂ ਜਾਂ ਤੁਸੀਂ ਮੰਨਦੇ ਹੋ ਜਾਂ ਤੁਸੀਂ ਸਾਨੂੰ ਕੁਝ ਵੀ ਆਖਦੇ ਹੋ ਤਾਂ ਸਾਨੂੰ ਪਤਾ ਹੈ ਕਿ ਅਸੀਂ ਚੰਗੇ ਰਸਤੇ ਤੇ ਚਲਦੇ ਹਾਂ ਜਾਂ ਨਹੀਂ। ਸਾਨੂੰ ਇਸ ਵਿਚ ਲਾਭ ਹੈ ਜਾਂ ਨਹੀਂ - ਸਾਨੂੰ ਭਲਕੇ ਕੋਈ ਦੂਜਾ ਬੰਦਾ ਇਹ ਆ ਕੇ ਆਖੇ ਕਿ ਉਥੇ ਰੱਬ ਵਖਰਾ ਬੈਠਾ ਹੈ ਤਾਂ ਕੀ ਅਸੀਂ ਮੰਨ ਜਾਵਾਂਗੇ? ਹਰਗਿਜ਼ ਨਹੀਂ ਮੰਨਾਂਗੇ। ਕਿਉਂਕਿ ਅਸਾਂ ਨੇ ਆਪਣੀ 12 ਸਾਲ ਦੀ ਸੇਵਾ ਵਿਚ ਜੋ ਪ੍ਰਾਪਤ ਕੀਤਾ ਹੈ ਉਹ ਸਾਨੂੰ ਪਤਾ ਹੈ। ਜੋ ਪਾਇਆ ਹੈ ਉਹ ਸਾਨੂੰ ਪਤਾ ਹੈ। ਦਾਤਾ ਜਦ ਇਕ ਹੈ ਦੇਵਣ ਵਾਲਾ ਤਾਂ ਫਿਰਕਾ ਪ੍ਰਸਤੀ ਕੋਈ ਨਹੀਂ ਹੈ। ਅਗਰ ਉਹ ਪ੍ਰਮਾਤਮਾ ਕਿਸੇ ਮੰਦਰ ਮਸੀਤ ਗੁਰਦੁਆਰੇ ਜਾਂ ਕਿਸੇ ਠਾਕਰਦੁਆਰੇ ਵਿਚ ਲੁਕ ਕੇ ਬੈਠਾ ਹੁੰਦਾ ਤਾਂ ਜਿਹੜੇ ਲੋਕ ਉਥੇ ਬੈਠੇ ਹੋਏ ਹਨ ਉਹ ਪਹਿਲੋਂ ਪਾਉਂਦੇ, ਅਸੀਂ ਬਾਅਦ ਵਿਚ ਪਾਉਂਦੇ, ਕਿਉਂ ਕਿ ਅਸਾਂ ਲੋਕਾਂ ਘਰ ਗ੍ਰਿਹਸਤੀ 'ਚੋਂ ਨਿਕਲ ਕੇ ਹੀ ਉਥੇ ਮੱਥਾ ਟੇਕਣ ਜਾਣਾ ਹੈ ਪਰ ਉਹ ਲੋਕ ਤਾਂ ਉਥੇ ਹੀ ਰਹਿੰਦੇ ਹਨ। ਇਸ ਕਰਕੇ ਜਿਹੜੀ ਚੀਜ਼ ਤੁਸੀਂ ਇਕ ਵਾਰ ਤਸਦੀਕ ਕਰ ਚੁਕੇ ਹੋ ਉਹ ਭਾਵੇਂ ਲੋਕਾਂ ਵਾਸਤੇ ਪੱਥਰ ਹੋਵੇ ਪਰ ਤੁਹਾਡੇ ਵਾਸਤੇ ਠਾਕੁਰ ਹੋਣਾ ਚਾਹੀਦਾ ਹੈ। ਅਸੀਂ ਆਪਣੇ ਜੀਵਨ ਕਾਲ ਵਿਚ ਹੀ ਆਪਣੇ ਨਾਮ ਵਿਚ ਨਾਨਕ ਕਹਿੰਦੇ ਹਾਂ। ਹੁਣ ਅਸੀਂ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਕਹਿੰਦੇ ਹਾਂ। ਸੰਨ 1971 ਤੋਂ ਲੈ ਕੇ 1980 ਤਕ ਇਹ ਲਫਜ਼ ਅਸੀਂ ਕਦੇ ਨਹੀਂ ਸਨ ਬੋਲੇ ਸਿਵਾਇ ਧੰਨ ਨਾਨਕ ਤੋਂ। ਜਦ ਇਲਹਾਮ ਮਿਲਿਆ ਅਸਾਂ ਨੇ ਇਹ ਲਫਜ਼ ਕਹ। ਇਥੇ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਦੀ ਬਜਾਇ ਚਲਦੀ ਚੀਜ਼ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਵੀ ਕਹਿ ਸਕਦੇ ਸਾਂ-ਸਤਿ ਸ੍ਰੀ ਅਕਾਲ ਵੀ ਕਹਿ ਸਕਦੇ ਸਾਂ ਪਰ ਨਹੀਂ ਕਿਉਂ ਕਿ ਜਿਹੜੀ ਚੀਜ਼ ਨੂੰ ਮੋੜਨਾ ਹੈ ਉਸ ਨੂੰ ਮੋੜਨਾ ਹੀ ਹੈ ਜਦ ਇਕ ਚੀਜ਼ ਦੇ ਅਨੇਕਾਂ ਨਾਮ ਹਨ, ਇਕ ਪ੍ਰਮਾਤਮਾ ਦੇ ਅਨੇਕਾਂ ਨਾਮ ਹਨ, ਇਕ ਪ੍ਰਮਾਤਮਾ ਦੇ ਅਨੇਕਾਂ ਸਰੂਪ ਹਨ ਤਾਂ ਰੱਬ ਇਕ ਥਾਂ ਕੈਦ ਹੋ ਹੀ ਨਹੀਂ ਸਕਦਾ। ਅਗਰ ਜੇ ਹੋ ਸਕਦਾ ਹੈ ਤਾਂ ਜਿਹੜੇ ਸਾਡੇ ਤੋਂ ਪਹਿਲਾਂ ਆਏ ਤਾਂ ਉਹ ਕਰਦੇ। ਅਸੀਂ ਤਾਂ ਸਾਰੇ ਆਏ ਹੀ ਹੁਣ ਹਾਂ। ਕਿਸੇ ਨੂੰ 20 ਸਾਲ ਹੋ ਗਏ ਕਿਸੇ ਨੂੰ 25 ਸਾਲ ਹੋ ਗਏ, ਸਾਡੇ ਤੋਂ ਪਹਿਲਾਂ ਜੋ ਆਦਮੀ ਆਏ ਸਨ - ਉਹ ਕਿਤੇ ਘੱਟ ਸਿਆਣੇ ਸਨ। ਕੀ ਉਹਨਾਂ ਨੂੰ ਸਮਝ ਕੋਈ ਨਹੀਂ ਸੀ? ਜਿਹੜੇ ਪਹਿਲੋਂ ਸੰਤ ਆਏ ਕੀ ਉਹਨਾਂ ਨੂੰ ਕੋਈ ਸਮਝ ਨਹੀਂ ਸੀ? ਸੋ ਕਹਿਣ ਤੋਂ ਮੁਰਾਦ ਇਹੋ ਹੀ ਹੈ ਕਿ ਜਿੰਨਾਂ ਚਿਰ ਤਕ ਤੁਸੀਂ ਆਪਣੇ ਅੰਦਰੋਂ ਵਿਸ਼ੇ ਵਿਕਾਰਾਂ ਰੂਪੀ ਮਾਥਨ ਨਹੀਂ ਕਢ ਲੈਂਦੇ - ਮਾਥਨ

ਤੋਂ ਭਾਵ ਹੈ ਜ਼ਹਿਰ - ਭਾਵ ਜ਼ਹਿਰ ਨਹੀਂ ਕਢ ਲੈਂਦੇ ਉਨਾਂ ਚਿਰ ਤਕ ਮੁਸ਼ਕਿਲ ਹੈ। ਉਹ ਜ਼ਹਿਰ ਕੌਣ ਪੀ ਸਕਦਾ ਹੈ? ਸਿਰਫ ਉਹ ਵਿਲ-ਪਾਵਰ ਦਾ ਮਾਲਕ ਜਿਹੜਾ ਉਸ ਨੂੰ ਜਾਣਦਾ ਹੈ। ਜਿਹੜਾ ਉਸ ਨੂੰ ਸਮਝਦਾ ਹੈ। ਦੁਖ ਦਿੰਦਾ ਹੈ ਮਾਲਕ ਜ਼ਰੂਰ ਦਿੰਦਾ ਹੈ ਮਗਰ ਆਪਣੇ ਪਿਆਰਿਆਂ ਨੂੰ ਦੂਸਰਿਆਂ ਨੂੰ ਨਹੀਂ। ਜੇ ਉਹ ਆਪਣੇ ਪਿਆਰਿਆਂ ਨੂੰ ਦੁਖ ਨਾ ਦੇਵੇ ਤਾਂ ਦੂਜਾ ਕੌਣ ਬਰਦਾਸ਼ਤ ਕਰਦਾ ਹੈ? ਪਿਉ ਆਪਣੇ ਪੁਤਰ ਨੂੰ ਝਿੜਕ ਮਾਰਦਾ ਹੈ ਗਵਾਂਢੀ ਦੇ ਬੱਚੇ ਨੂੰ ਨਹੀਂ, ਜੇ ਕਿਸੇ ਗਵਾਂਢੀ ਦੇ ਬੱਚੇ ਨੂੰ ਝਿੜਕ ਮਾਰੇ ਤਾਂ ਅਗਲੇ ਕਹਿ ਸਕਦੇ ਹਨ ਕਿ ਤੇਰਾ ਇਹ ਕੀ ਲਗਦਾ ਹੈ। ਤੂੰ ਕੌਣ ਹੁੰਦਾ ਹੈਂ ਇਸ ਨੂੰ ਮਾਰਨ ਵਾਲਾ। ਅੱਜ ਤਾਂ ਸਕੇ ਭਰਾ ਇਕ ਦੂਜੇ ਦੇ ਬੱਚਿਆਂ ਨੂੰ ਅਗਰ ਕਿਤੇ ਮਾਰਦੇ ਹਨ ਤਾਂ ਉਹ ਭਰਾ ਨੂੰ ਕਹਿ ਦਿੰਦੇ ਹਨ ਕਿ ਭਾਈ ਤੂੰ ਆਪਣੇ ਬੱਚਿਆਂ ਨੂੰ ਸੰਭਾਲ, ਮੇਰੇ ਬੱਚਿਆਂ ਨੂੰ ਹੱਥ ਲਾਉਣ ਦੀ ਕੋਈ ਜ਼ਰੂਰਤ ਨਹੀਂ ਕਿਤੇ ਦੋ ਸਕੀਆਂ ਭੈਣਾਂ ਇਕ ਘਰ ਵਿਚ ਵਿਆਹੀਆਂ ਜਾਣ ਤਾਂ ਉਹ ਵੀ ਬੱਚਿਆਂ ਤੋਂ ਇਕ ਦੂਸਰੀ ਨਾਲ ਲੜਦੀਆਂ ਰਹਿੰਦੀਆਂ ਹਨ। ਕਿਸ ਕਾਰਣੇ? ਇਸ ਤਰ੍ਹਾਂ ਰੱਬ ਆਪਣੇ ਬੱਚਿਆਂ ਨੂੰ ਦੁਖ ਦਿੰਦਾ ਹੈ। ਮਹਾਂ-ਪੁਰਖ ਵੀ ਆਪਣੇ ਬੱਚਿਆਂ (ਸੇਵਕਾਂ) ਨੂੰ ਝਿੜਕ ਮਾਰਦੇ ਹਨ। ਔਰ ਇਸੇ ਤਰ੍ਹਾਂ ਰੱਬ ਵੀ ਆਪਣੇ ਪਿਆਰਿਆਂ ਨੂੰ ਝਿੜਕ ਮਾਰਦਾ ਹੈ। ਤੁਸੀਂ ਇਤਿਹਾਸ ਫੋਲੋ — ਉਸ ਵਿਚ ਵੇਖੋ ਉਹਨਾਂ ਆਪਣੇ ਪੁਤਰਾਂ ਪਿਆਰਿਆਂ ਨੂੰ ਝਿੜਕਾਂ ਮਾਰੀਆਂ ਹਨ। ਦੁਖ ਦਿੱਤੇ ਹਨ। ਯੀਸਸ ਕਰਾਈਸਟ ਸਨ, ਮੂਸਾ ਸਨ, ਸੁਕਰਾਤ ਸਨ, ਮੁਹੰਮਦ ਸਾਹਿਬ ਸਨ, ਗੁਰੂ ਨਾਨਕ ਪਾਤਸ਼ਾਹ, ਗੁਰੂ ਅਰਜਨ ਪਾਤਸ਼ਾਹ, ਨੌਵੀ ਪਾਤਸ਼ਾਹੀ ਦਸਮ ਪਾਤਸ਼ਾਹ ਤੇ ਸਾਹਿਬਜਾਦੇ ਕਈ ਲੋਕ ਸਾਡੇ ਪਾਸ ਵੀ ਆਉਂਦੇ ਹਨ। ਕਹਿੰਦੇ ਹਨ ਕਿ ਮਹਾਰਾਜ ਜੀ ਅਸੀਂ ਤਾਂ ਮਾੜਾ ਕੰਮ ਨਹੀਂ ਕਰਦੇ, ਕਦੇ ਕਿਸੇ ਦਾ ਦਿਲ ਨਹੀਂ ਦੁਖਾਇਆ। ਫਿਰ ਵੀ ਸਾਨੂੰ ਦੁਖ ਕਿਉਂ ਆ ਜਾਂਦੇ ਹਨ? ਅਸੀਂ ਆਖਦੇ ਹੁੰਦੇ ਹਾਂ ਕਿ ਭਾਈ ਇਹ ਦੁਖ ਤਕਲੀਫਾਂ ਜੋ ਤੁਹਾਨੂੰ ਆਉਂਦੇ ਹਨ, ਇਹ ਜਿੰਨੇ ਵੀ ਆਉਣਗੇ ਉਨੇ ਹੀ ਚੰਗੇ ਹਨ। ਇਹ ਤੁਹਾਨੂੰ ਧੋਣ ਦਾ ਸਾਧਨ ਹੈ। ਜਿਸ ਤਰ੍ਹਾਂ ਮੈਲੇ ਕਪੜੇ ਦਾ ਧੋਣਾ ਜ਼ਰੂਰੀ ਹੈ। ਸਾਫ ਕਪੜੇ ਨੂੰ ਕੌਣ ਧੋਏਗਾ। ਇਸੇ ਤਰ੍ਹਾਂ ਅਸੀਂ ਵੀ ਮੈਲੇ ਹਾਂ। ਵਿਸ਼ੇ ਵਿਕਾਰਾਂ ਨਾਲ ਅਸੀਂ ਭਰੇ ਪਏ ਹਾਂ। ਇਕ ਆਦਮੀ ਪੂਰਾ ਸਾਲ ਲਗਾਤਾਰ ਇਕ ਜਗ੍ਹਾ ਤੇ ਜਾਂਦਾ ਹੈ ਔਰ ਉਥੋਂ ਉਸ ਨੂੰ ਲਗਾਤਾਰ ਪੂਰੀ ਟੀਚਿੰਗ ਮਿਲਦੀ ਹੈ, ਔਰ ਪੂਰਾ ਫਾਇਦਾ ਮਿਲਦਾ ਹੈ। ਇਕ ਦਿਨ ਦੂਜਾ ਬੰਦਾ ਆ ਕੇ ਉਸਦੇ ਕੰਨ ਵਿਚ ਕਹਿੰਦਾ ਹੈ ਕਿ ਬਈ ਇਥੇ ਕੁਝ ਨਹੀਂ - ਉਸਦੀ ਗੱਲ ਉਸ ਤੇ ਅਸਰ ਕਰ ਜਾਂਦੀ ਹੈ, ਕਿਉਂਕਿ ਉਹ ਬੁਰਾਈ ਹੈ, ਮਾੜੀ ਹੈ, ਮਾੜਾ ਕਿਸ ਦਾ ਹਥ ਹੈ, ਕਾਲ ਦਾ। ਕਾਲ ਨੇ ਹਮੇ

ਸ਼ਾਂ ਸਾਨੂੰ ਇਸ ਮਾਰਗ ਤੋਂ ਪਿਛੇ ਲਿਜਾਣਾ ਹੈ।

ਜਦ ਅਸੀਂ ਉਸ ਅਕਾਲ ਪੁਰਖ ਦੀ ਸੰਤਾਨ ਬਣ ਕੇ ਇਸ ਧਰਤੀ ਤੇ ਆਏ ਹਾਂ ਤਾਂ ਸਾਨੂੰ ਸੰਤਾਨ ਬਣ ਕੇ ਹੀ ਇਸ ਧਰਤੀ ਤੋਂ ਜਾਣਾ ਚਾਹੀਦਾ ਹੈ। ਇਹ ਨਹੀਂ ਕਿ ਅਸੀ ਇਥੋਂ ਹੈਵਾਨ ਬਣਕੇ ਜਾਈਏ। ਸਾਨੂੰ ਉਸ ਨੇ ਆਪਣੇ ਬੱਚੇ ਬਣਾ ਕੇ ਭੇਜਿਆ ਹੈ। ਤਾਂ ਅਸੀ ਉਸਦੇ ਬੱਚੇ ਬਣਕੇ ਹੀ ਜਾਈਏ। ਜਿਸ ਤਰ੍ਹਾਂ ਕਿ ਯੀਸਸ ਨੇ ਆਪਣੇ ਆਪਨੂੰ SON OF GOD ਕਿਹਾ। ਅਸੀਂ ਵੀ ਉਸ ਨੂੰ ਪ੍ਰਮਾਤਮਾ ਦਾ ਪੁੱਤਰ ਕਹਿੰਦੇ ਹਾਂ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਅਸੀਂ ਵੀ ਉਸਦੀ ਭੇਜੀ ਹੋਈ ਜੋਤ ਹਾਂ। ਉਸ ਦੀ ਅੰਸ਼ ਹਾਂ। ਉਸਦਾ ਨੂਰ ਹਾਂ, ਕਬੀਰ ਸਾਹਿਬ ਵੀ ਸਮਝਾਉਂਦੇ ਹਨ:—

*।।ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।*

*।।ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।*

ਇਹ ਭੁਲੇਖਾ ਜਾਂ ਇਹ ਜੇਹੜਾ ਭਉ ਹੈ ਤਦ ਸਾਡਾ ਖਤਮ ਹੋਵੇਗਾ ਜਦ ਅਸੀਂ ਕਿਸੇ ਪੂਰਨ ਪੁਰਖ ਨਾਲ ਪੂਰੀ ਤਰ੍ਹਾਂ ਆਪਣਾ ਆਪ ਜੋੜ ਦੇਵਾਂਗੇ ਜਰਾ ਜਿੰਨੀ ਵੀ ਗੁੰਜਾਇਸ਼ ਨਾ ਰਹਿ ਜਾਵੇ। ਜਰਾ ਜਿੰਨੀ ਵੀ ਅਗਰ ਕੋਈ ਘਰ ਦੀ ਬਾਰੀ ਖੁਲ੍ਹ ਜਾਏ ਤਾਂ ਅਸੀਂ ਕਹਿ ਦੇਂਦੇ ਹਾਂ ਕਿ ਜਲਦੀ ਜਲਦੀ ਬੰਦ ਕਰੋ ਹਵਾ ਅੰਦਰ ਆ ਰਹੀ ਹੈ। ਇਸੇ ਤਰ੍ਹਾਂ ਹੀ ਸਾਡੇ ਅੰਦਰ ਜਦ ਤਕ ਪੂਰੇ ਤੌਰ ਤੇ ਸਾਡੇ ਮੁਰਸ਼ਦ ਦਾ ਸਾਡੇ ਮਾਲਕ ਦਾ, ਸਾਡੇ ਪ੍ਰੀਤਮ ਦਾ, ਪੂਰਾ ਪਿਆਰ ਜਜ਼ਬਾ ਪੈਦਾ ਨਹੀਂ ਹੋ ਜਾਂਦਾ, ਉਨ੍ਹਾਂ ਚਿਰ ਤਕ ਅਸੀਂ ਪੂਰੇ ਤੌਰ ਤੇ ਉਤਰ ਨਹੀਂ ਸਕਦੇ। ਅਸੀਂ ਅਜੇ ਵੀ ਲੋਕ ਰਾਜ ਵਿਚ ਫਸੇ ਬੈਠੇ ਹਾਂ। ਇਕ ਬੰਦੇ ਕੋਲ ਜਾਂਦੇ ਹਾਂ ਉਹ ਆਖਦਾ ਹੈ, ਗੁਰਬਾਣੀ ਪੜ੍ਹੋ। ਪਾਠ ਕਰੋ, ਇਹਦੀ ਪੂਜਾ ਕਰੋ, ਇਹ ਸਭ ਤੋਂ ਉੱਚੀ ਹੈ। ਠੀਕ ਹੈ। ਅਗਰ ਇਹ ਸਭ ਤੋਂ ਉੱਚੀ ਹੈ ਤਾਂ ਜੇਹੜਾ ਮਨੁੱਖ ਕਹਿ ਰਿਹਾ ਹੈ ਉਸ ਨੇ ਕੀ ਉੱਚਾ ਪਾਇਆ ਆਪਣੇ ਆਪ ਨੂੰ। ਨਿੰਦਿਆ ਉਹਦੇ ਮੂੰਹੋਂ ਨਹੀਂ ਗਈ। ਦੂਸਰੇ ਨਾਲ ਪ੍ਰੇਮ ਕਰਨਾ ਉਹ ਨਹੀਂ ਜਾਣਦਾ, ਦੂਸਰੇ ਦੀ ਵਡਿਆਈ ਸੁਣਕੇ ਉਹ ਬਰਦਾਸ਼ਤ ਕਰਨਾ ਨਹੀ ਜਾਣਦਾ, ਦੂਸਰੇ ਦੀ ਉਹ ਨਿੰਦਿਆ ਕਰਦਾ ਹੈ। ਬਾਣੀ ਦਾ ਉਹਦੇ ਅੰਦਰ ਕੀ ਤੱਤ ਆਇਆ?.... ਕੋਈ ਤੱਤ ਨਹੀਂ। ਅਗਰ ਦੂਜੇ ਬੰਨੇ ਜਾਂਦੇ ਹਾਂ - ਉਹ ਕਹਿੰਦੇ ਹਨ ਕਿ ਨਮਾਜ ਪੜ੍ਹੋ, ਕੁਰਾਨ ਪੜ੍ਹੋ, ਔਰ ਇਲਮ ਪੜ੍ਹੋ। ਮੰਨ ਲਿਆ ਜਾਵੇ ਕਿ ਅਸੀਂ ਇਕ ਜਾਤ ਵਿਚ ਰਹਿੰਦੇ ਹਾਂ। ਪਾਤ 'ਚ ਰਹਿੰਦੇ ਹਾਂ ਤਾਂ ਉਹਦੇ 'ਚ ਅਸੀ ਮੁਸਲਮਾਨ ਹੋਣ ਦੇ ਨਾਤੇ ਵਿਚ ਅਸੀਂ ਨਮਾਜ਼ ਕਰ ਰਹੇ ਹਾਂ। ਕੁਰਾਨ ਨਾਲ ਤੀਏ ਰੋਜੇ ਰਖ ਰਹੇ ਹਾਂ। ਜਿਸ ਦੇ ਨਾਲ ਅਸੀਂ ਰਹਿ ਰਹੇ ਹਾਂ। ਉਹਨਾਂ

ਨੂੰ ਕੋਈ ਫਰਕ ਨਹੀਂ, ਰੱਬ ਨੂੰ ਵੀ ਕੋਈ ਫਰਕ ਨਹੀਂ। ਤਾਂ ਸਾਨੂੰ ਕੀ ਫਰਕ ਪਵੇ ਗਾ।ਅਗਰ ਜਾਤ ਪਾਤ ਦੇ ਨਾਲ ਫਰਕ ਪੈ ਜਾਂਦਾ ਤਾਂ ਰੱਬ ਭਾਵ ਗੁਰੂ ਨਾਨਕ ਪਾਤਸ਼ਾਹ ਨੂੰ ਮਰਦਾਨਾ ਜੋ ਮੁਸਲਮਾਨ ਸੀ, ਰਖਣੇ ਹੀ ਨਹੀ ਸਨ ਚਾਹੀਦੇ ਆਪਣੇ ਨਾਲ ਉਹ ਰੱਬ ਸੀ ਮਰਦਾਨੇ ਨਾਲ ਹੀ ਰਹਿੰਦਾ ਸੀ। ਜਾਤ ਪਾਤ ਤਾਂ ਸਾਡੀ ਸ਼ਰਹ ਹੈ। ਕਬੀਲਾ ਹੈ ਕਿ ਅਸੀਂ ਹਿੰਦੂ ਹਾਂ। ਮੁਸਲਮਾਨ ਹਾਂ, ਅਸੀਂ ਸਰਦਾਰ ਹਾਂ, ਜਾਂ ਈਸਾਈ ਹਾਂ, ਇਸ ਘਰ ਵਿਚ ਇਕੋ ਰੰਗ ਹੈ ਕਿਉਂਕਿ ਅਸੀਂ ਮਨੁੱਖ ਹਾਂ, ਪ੍ਰਮਾਤਮਾ ਦੀ ਅੰਸ਼ ਹਾਂ, ਪ੍ਰਮਾਤਮਾ ਦੀ ਸੰਤਾਨ ਹਾਂ। ਪ੍ਰਮਾਤਮਾ ਦੀ ਖਲਕਤ ਹਾਂ, ਪ੍ਰਮਾਤਮਾਂ ਦੀ ਅਸੀਂ ਸਾਰੇ ਜੀਵ ਪੈਰੋਕਾਰੀ ਕਰਨ ਆਏ ਹਾਂ ਪਰ ਅੰਦਰ ਦੀ ਬਿਰਤੀ ਨਹੀਂ ਠੀਕ ਹੈਗੀ। ਆਪਣੀ ਲਾਲਸਾ ਵਿਚ ਬੈਠੇ ਹੋਏ ਹਾਂ। ਉਸ ਵਿਚ ਸਾਰੇ ਲੋਕ ਆਪਦੇ ਸਮੇਂ ਨੂੰ ਬੇ-ਮੁੱਲਾ ਨਾ ਗਵਾਈਏ। ਰੱਬ ਵਲੋਂ ਅਸੀਂ ਤੁਹਾਨੂੰ ਨਹੀਂ ਆਖਦੇ ਤੁਹਾਨੂੰ ਰੱਬ ਓਦੋਂ ਮਿਲੇਗਾ ਜਦੋਂ ਤੁਸੀਂ ਰੱਬ ਨੂੰ ਪਾਉਣ ਵਾਸਤੇ ਚਾਹਵਾਨ ਹੋਵੋਗੇ। ਕਈ ਮਨੁੱਖ ਕਹਿੰਦੇ ਹਨ ਕਿ ਅਸੀਂ ਕੁਝ ਵੇਖੀਏ, ਬਈ ਵੇਖਿਆ ਕੀ ਕਰੋਗੇ? ਜੇਕਰ ਇਕ ਬੱਚੇ ਨੂੰ ਦੂਰੋਂ ਟਾਫੀ ਦਿਖਾ ਦਿੱਤੀ ਜਾਵੇ ਪਰ ਉਸ ਨੂੰ ਖਾਣ ਨੂੰ ਨਾ ਦਿੱਤੀ ਜਾਵੇ, ਮੁੜਕੇ ਅਤੇ ਉਸ ਨੂੰ ਇਹ ਵੀ ਨਾ ਦੱਸਿਆ ਜਾਏ ਕਿ ਇਹ ਕਿਹੜੀ ਦੁਕਾਨ ਤੋਂ ਔਰ ਕਿਥੋਂ ਆਈ ਹੈ ਤਾਂ ਉਹ ਬੱਚਾ ਮੁੜਕੇ ਕੀ ਕਰੇਗਾ। ਇਸ ਤਰ੍ਹਾਂ ਹੀ ਰੱਬ ਹੈ। ਜੇ ਦੂਰੋਂ ਇਕ ਝਲਕ ਮਿਲ ਵੀ ਜਾਏ ਤਾਂ ਮੁੜਕੇ ਨਾ ਪਤਾ ਲਗੇ ਕਿ ਰੱਬ ਰਹਿੰਦਾ ਕਿਥੇ ਹੈ, ਕਿਹੜੀ ਜਗ੍ਹਾ ਹੈ, ਕੀ ਕਰਦਾ ਹੈ, ਕੀ ਨਹੀਂ ਉਹਦੀ ਐਕਟਿਵਟੀ ਕੀ ਹੈ। ਉਸਦਾ Object ਔਬਜੈਕਟ ਕੀ ਹੈ, ਉਸਦਾ ਸਬਜੈਕਟ Subject ਕੀ ਹੈ ਜਾਂ ਉਸਦੇ ਰੂਲ ਕੀ ਨੇ ਤੇ ਫਿਰ ਬੰਦਾ ਉਹਨੂੰ ਪਾਵੇਗਾ ਕਿਸ ਤਰ੍ਹਾਂ? ਪਹਿਲੇ ਤੇ ਇਹ ਚੀਜ਼ਾਂ ਸਮਝਣੀਆਂ ਜ਼ਰੂਰੀ ਹਨ ਕਿ ਰੱਬ ਦਾ ਕੰਮ ਕਿਸ ਤਰ੍ਹਾਂ ਕਰਨਾ ਹੈ? ਰੱਬ ਨੂੰ ਮਿਲਣਾ ਕਿਸ ਤਰ੍ਹਾਂ ਹੈ? ਜੇ ਕਹਿ ਦਿੱਤਾ ਜਾਏ ਕਿ ਰੱਬ ਇਕ ਉਹ ਲਾਈਟ ਹੈ ਉਹ ਯੇਹ ਹੈ, ਉਹ ਵੋਹ ਹੈ, ਉਹ ਅੰਦਰ ਤਾਂ ਫਿਰ ਨਾ ਆਇਆ, ਬਾਹਰੀ ਤੌਰ ਤੇ ਹੀ ਵੇਖਿਆ, ਉਹਦਾ ਫਾਇਦਾ ਕੋਈ ਨਹੀਂ। ਅਸਲ 'ਚ ਤੁਹਾਨੂੰ ਚਾਹੀਦਾ ਹੈ ਪਿਆਰ ਕਰੋ, ਸਤਿਕਾਰ ਕਰੋ, ਇਕ ਦੂਸਰੇ ਉਤੇ ਇਤਬਾਰ ਕਰੋ। ਅਗਰ ਤੁਹਾਡੇ ਨਾਲ ਕੋਈ ਧੋਖਾ ਵੀ ਕਰ ਲਿਆ ਗਿਆ ਹੈ। ਉਹਦੇ ਉੱਪਰ ਪੂਰਾ ਪੂਰਾ ਇਤਬਾਰ ਕਰੋ। ਜਿਸ ਤਰ੍ਹਾਂ ਇਕ ਵਾਰੀ ਸਤਿਸੰਗ ਰਾਹੀਂ ਸਮਝਾਇਆ ਸੀ, ਅਸੀਂ ਹੈਮਸਟਿਡ ਰੋਡ ਉਪਰ, ਇਕ ਵਾਰੀ ਇਕ ਸੇਵਕ ਚੋਰੀ ਕਰਨ ਵਾਲਾ ਗੁਰੂ ਨਾਨਕ ਸਾਹਿਬ ਦਾ ਸੇਵਕ ਬਣ ਗਿਆ। ਬਣਿਆ - ਸਿਰਫ ਮੂੰਹ ਨਾਲ ਹੀ, ਤੁਰਿਆ ਜਾ ਰਿਹਾ ਹੈ ਤੇ ਰਾਤ ਨੂੰ ਚੋਰੀ ਕਰਨ ਨੂੰ ਦਿਲ ਕੀਤਾ - ਗੁਰੂ ਨਾਨਕ ਸਾਹਿਬ ਦੇ ਸੇ

ਵਕ ਦੇ ਘਰ ਦਾ ਜਾ ਕੇ ਬੂਹਾ ਖੜਕਾਇਆ ਤੇ ਉਹਨਾਂ ਬੂਹਾ ਖੋਲ੍ਹਿਆ ਤਾਂ ਉਹ ਆਖਣ ਲੱਗਾ ਕਿ ਭਾਈ ਜੇਹੜਾ ਨਾਨਕ ਤਪਾ ਜੀ ਕਰਤਾਰ ਪੁਰ ਆਏ ਨੇ ਮੈਂ ਉਹਨਾਂ ਦਾ ਸਿੱਖ ਹਾਂ, ਘਰ ਵਾਲੇ ਵੀ ਅਗੋਂ ਉਹਨਾਂ ਦੇ ਸਿੱਖ ਸਨ, ਉਹਨਾਂ ਉਹਦਾ ਬਹੁਤ ਸਤਿਕਾਰ ਕੀਤਾ। ਕਹਿੰਦੇ ਹਨ ਕਿ ਗੁਰੂ ਦਾ ਸੇਵਕ ਘਰ ਆ ਜਾਵੇ ਤਾਂ ਉਸਦੇ ਚਰਨ ਧੋ ਕੇ ਪੀਣੇ ਚਾਹੀਦੇ ਹਨ। ਕਈ ਜਨਮਾਂ ਦੀ ਮੈਲ ਧੁਲਦੀ ਹੈ। ਉਹਨਾਂ ਉਹਦੇ ਪੈਰ ਧੋਤੇ ਅਤੇ ਸਤਿਕਾਰ ਕੀਤਾ ਪਰ ਉਹ ਤਾਂ ਚੋਰ ਸੀ। ਗੁਰੂ ਦਾ ਨਾਮ ਲੈਣ ਤੇ ਉਹਦਾ ਸਤਿਕਾਰ ਹੋ ਰਿਹਾ ਸੀ। ਉਸ ਆਦਮੀ ਨੂੰ ਉਹਨਾਂ ਮੰਜੀ ਡਾਹ ਕੇ ਦਿੱਤੀ। ਰੋਟੀ ਪਾਣੀ ਦੀ ਬੜੀ ਖਾਤਰ ਕੀਤੀ। ਪਰ ਉਹਦੇ ਅੰਦਰ ਜਿਹੜੀ ਧੁਨ ਲਗੀ ਹੋਈ ਸੀ ਉਹ ਹੋਰ ਸੀ। ਉਸ ਨੇ ਵੇਖਿਆ ਕਿ ਘਰ ਦੇ ਸਾਰੇ ਸੌਂ ਗਏ ਹਨ। ਉਹਨੇ ਕੀ ਕੀਤਾ ਉਹਨਾਂ ਦਾ ਜ਼ਿੰਦਰਾ ਭੰਨਿਆ ਤੇ ਬਕਸੇ ਵਿਚ ਜਿਹੜੇ ਗਹਿਣੇ ਸਨ, ਉਹ ਕਢ ਕੇ ਜਦ ਆਪਣੀ ਬਗਲ ਵਿਚ ਲੈ ਕੇ ਤੁਰਨ ਲਗਾ ਤਾਂ ਬਾਹਰ ਵੇਖਿਆ ਤਾਂ ਬੂਹੇ ਨੂੰ ਜਿੰਦਰਾ ਲਗਾ ਹੋਇਆ ਸੀ। ਕਿਉਂ ਕਿ ਪਿੰਡਾਂ ਥਾਵਾਂ ਤੇ ਅਜੇ ਵੀ ਅੰਦਰੋਂ ਕੁੰਡਾ ਲਾ ਕੇ ਤੇ ਜਿੰਦਰਾ ਵਿਚ ਲਾ ਦਿੰਦੇ ਹਨ। ਉਹ ਜੰਦਰਾ ਵੇਖ ਕੇ ਘਬਰਾ ਗਿਆ ਅਤੇ ਗਹਿਣੇ ਉਹਦੀ ਬੁਕਲ ਵਿਚੋਂ ਥਲੇ ਡਿਗ ਪਏ। ਘਰ ਵਾਲਾ ਜਿਹੜਾ ਆਦਮੀ ਸੀ ਉਹ ਜਾਗ ਪਿਆ - ਉਸਨੇ ਉੱਠ ਕੇ ਪੁੱਛਿਆ ਕਿ ਕੀ ਗੱਲ ਹੇ? ਅਗੋਂ ਉਸ ਨੇ (ਚੋਰ) ਬਹਾਨਾ ਕਰ ਦਿੱਤਾ ਕਿ ਮੈਂ ਜ਼ਰਾ ਜੰਗਲ ਜਾਣਾ ਸੀ, ਘਰ ਵਾਲਾ ਕਹਿਣ ਲੱਗਾ ਕਿ ਭਾਈ ਇਹ ਡੱਬਾ ਤੇਰਾ ਹੈ, ਇਹ ਆਪਣਾ ਲੈ ਲੈ - ਵੈਸੇ ਘਰ ਵਾਲੇ ਨੂੰ ਪਤਾ ਸੀ। ਕਿ ਇਹ ਡੱਬਾ ਸਾਡਾ ਹੈ। ਚੋਰ ਨੇ ਡਬਾ ਚੁਕ ਕੇ ਆਪਣੀ ਬਗਲ ਵਿਚ ਦਿੱਤਾ ਔਰ ਚਲਾ ਗਿਆ। ਜਦ ਦਿਨ ਚੜ੍ਹਿਆ ਤਾਂ ਉਸਦੀ ਘਰ ਵਾਲੀ ਉਠੀ ਤਾਂ ਉਸ ਨੇ ਜਦ ਟਰੰਕ ਫੋਲਿਆ ਤਾਂ ਉਹ ਲਗ ਪਈ ਰੌਲਾ ਪਾਉਣ ਕਿ ਰਾਤੀ ਜਿਹੜਾ ਤੇਰੇ ਗੁਰੂ ਦਾ ਸਿੱਖ ਆਇਆ ਸੀ, ਉਹ ਚੋਰ ਸੀ। ਤੁਹਾਡੇ ਗੁਰੂ ਦੀ ਇਹੋ ਹੀ ਮਤ ਹੈ। ਉਹ ਲਗੀ ਉਲਟਾ ਸਿਧਾ ਬੋਲਣ। ਆਦਮੀ ਕਹਿਣ ਲੱਗਾ ਵੇਖ ਭਲੀਏ ਲੋਕੇ ਗੁਰੂ ਦਾ ਸਿੱਖ ਚੋਰ ਨਹੀਂ ਹੋ ਸਕਦਾ। ਉਹ ਤੇਰਾ ਗਹਿਣਿਆਂ ਵਾਲਾ ਡੱਬਾ ਸੀ ਉਹ ਮੈਂ ਦਿੱਤਾ ਹੈ ਉਸ ਨੂੰ - ਮੈਂ ਉਸ ਨੂੰ ਕਿਹਾ ਸੀ ਕਿ ਜਾਹ ਬਈ। ਕਿਉਂਕਿ ਉਸ ਨੂੰ ਲੋੜ ਸੀ ਪੈਸਿਆਂ ਦੀ ਉਹ ਲੈ ਗਿਆ ਹੈ। ਉਸਨੇ ਪੜਦਾ ਪਾ ਦਿੱਤਾ। ਉਸ ਦੀ ਘਰਵਾਲੀ ਸ਼ਾਂਤ ਹੋ ਗਈ। ਸਮਾਂ ਬੀਤਦਾ ਗਿਆ - ਦੋ ਸਾਲ ਬਾਅਦ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਦਾ ਮੌਕਾ ਮਿਲਿਆ ਕਿਉਂਕਿ ਓਦੋਂ ਛਿਮਾਹੀ ਦੇ ਬਾਅਦ ਹੀ ਮੌਕਾ ਮਿਲਦਾ ਹੁੰਦਾ ਸੀ ਗੁਰੂ ਦੇ ਦਰਸ਼ਨਾਂ ਦਾ। ਸਿਰਫ ਵੈਸਾਖੀ ਉਤੇ ਜਾਂ ਦੀਵਾਲੀ ਉਤੇ। ਵੈਸਾਖੀ ਦੇ ਦਿਹਾੜੇ ਉਤੇ ਲੋਕੀ ਫਸਲ ਦੀ ਭੇਟਾ

ਲੈ ਕੇ ਜਾਂਦੇ ਹੁੰਦੇ ਸਨ। ਜਦ ਉਹ ਆਦਮੀ ਵੀ ਗਿਆ ਤਾਂ ਕਾਫੀ ਸੰਗਤ ਵਿਚ ਮਹਾਰਾਜ ਉਠਕੇ ਖੜੇ ਹੋ ਗਏ। ਉਸ ਨੂੰ ਵੇਖ ਕੇ ਮਹਾਰਾਜ ਨੇ ਗਲ ਨਾਲ ਲਾ ਲਿਆ ਤੇ ਕਿਹਾ ਜਾਹ ਭਾਈ ਤੂੰ ਸਾਡੇ ਨਾਮ ਤੇ ਪੜਦਾ ਪਾਇਆ ਹੈ। ਅਸੀਂ ਤੇਰੇ ਨਾਮ ਤੇ ਪੜਦਾ ਪਾਉਂਦੇ ਹਾਂ। ਸੋ ਜੋ ਵੀ ਅਸੀਂ ਕੰਮ ਕਿਸੇ ਵਾਸਤੇ ਕਰਦੇ ਹਾਂ ਉਸ ਦਾ ਫਲ ਦੇਣ ਵਾਲਾ ਦਾਤਾ ਆਪੇ ਹੀ ਬੈਠਾ ਹੈ। ਜੇ ਅਸੀਂ ਆਪਣੀਆਂ ਸੋਚਾਂ ਵਿਚ ਆਪਣੇ ਹੀ ਖਿਆਲਾਂ ਵਿਚ ਜਿਨਾਂ ਧੀਆਂ ਪੁਤਰਾਂ, ਰਿਸ਼ਤੇਦਾਰਾਂ ਦੀ ਅਸਾਂ ਸੇਵਾ ਕੀਤੀ ਉਹਨਾਂ ਆਖਰ ਵਿਚ ਸਾਨੂੰ ਇਹੋ ਹੀ ਲਾਹਣਤ ਦੇਣੀ ਹੈ ਕਿ ਤੁਸਾਂ ਕਿਹੜਾ ਸਾਡੇ ਤੇ ਅਹਿਸਾਨ ਕੀਤਾ ਸੀ। ਮਾਂ ਪਿਓ ਆਪਣੇ ਪੁਤਰ ਨੂੰ ਪਾਲਦੇ ਹਨ ਤੇ ਕਿਤੇ ਪਿਓ ਉਸ ਨੂੰ ਡਾਂਅਦਾ ਹੈ। ਤਾਂ ਪੁਤਰ ਅਗੋਂ ਕਹਿੰਦਾ ਹੈ ਕਿ ਕਿਹੜਾ ਮੇਰੇ ਸਿਰ ਤੁਸਾਂ ਅਹਿਸਾਨ ਕੀਤਾ ਹੈ ਜੇ ਪਾਲਿਆ ਤੁਸਾਂ ਨੇ, ਮੇਰਾ ਵਿਆਹ ਕੀਤਾ ਹੈ ਤਾਂ, ਅਹਿਸਾਨ ਕੀਤਾ ਜੇ? ਜੇ ਮੈਨੂੰ ਪੜ੍ਹਾਇਆ, ਤਾਂ ਕੀ ਅਹਿਸਾਨ ਕੀਤਾ ਜੇ ਉਹ ਅਗੋਂ ਕਹਿੰਦਾ ਹੈ। ਉਹ ਅਗੋਂ ਹੱਕ ਜਣਾਉਂਦਾ ਹੈ ਕਿ ਤੂੰ ਮੇਰਾ ਪਿਓ ਹੈਂ ਔਰ ਮੈਂ ਤੇਰਾ ਪੁਤਰ ਹਾਂ ਸੋ ਮੈਂ ਤੇਰੀ ਅਧੀ ਜਾਇਦਾਦ ਦਾ ਮਾਲਕ ਹਾਂ। ਇਸੇ ਤਰ੍ਹਾਂ ਜੇ ਤੁਸੀ ਪ੍ਰਮਾਤਮਾ ਦੇ ਪੁਤਰ ਬਣ ਜਾਉ ਤਾਂ ਤੁਸੀ ਵੀ ਕਹਿ ਸਕਦੇ ਹੋ ਕਿ ਪ੍ਰਮਾਤਮਾ ਤੇਰੀ ਜਾਇਦਾਦ ਵਿਚ ਅਧਾ ਹਿੱਸਾ ਹੈ ਸਾਡਾ। ਸੋ ਦੇ ਸਾਡਾ ਹਿੱਸਾ। ਰੱਬ ਪੂਰਾ ਤਾਂ ਨਹੀਂ ਦੇ ਸਕਦਾ ਪਰ ਅਧਾ ਤਾਂ ਤੁਹਾਨੂੰ ਮਿਲੂ। ਜੇ ਚਾਰ ਪੰਜ ਉਹਦੇ ਪੁਤਰ ਹੋਣਗੇ ਤਾਂ ਤੁਹਾਨੂੰ ਪੰਜਵਾਂ ਹਿਸਾ ਹੀ ਮਿਲ ਜਾਊ - ਤੁਸੀਂ ਉਹਦੇ ਪੁਤਰ ਤਾਂ ਬਣੋ, ਉਹਦੀ ਅੰਸ਼ ਤਾਂ ਬਣੋ, ਤੁਹਾਨੂੰ ਲੜਨ ਦਾ ਹਕ ਤਾਂ ਹੋਵੇ। ਜੇ ਅਸੀਂ ਲੋਕ ਆਪਣੇ ਗੁਨਾਹਾਂ ਵਿਚ ਹੀ ਉਲਝੇ ਬੈਠੇ ਹਾਂ, ਆਪਣੇ ਵਿਕਾਰਾਂ ਵਿਚ ਹੀ ਫਸੇ ਬੈਠੇ ਹਾਂ ਤਾਂ ਅਸੀਂ ਹਕ ਕੀ ਮਨਵਾਣਾ ਹੈ। ਜੇ ਇਕ ਦੁਨਿਆਵੀ ਸ਼ਰਾਬੀ ਕਬਾਬੀ ਪੁਤਰ ਉੱਠਕੇ ਆਪਦੇ ਪਿਉ ਨੂੰ ਆਖੇ ਕਿ ਮੈਂ ਤੇਰੀ ਅਧੀ ਜਾਇਦਾਦ ਦਾ ਮਾਲਕ ਹਾਂ ਤਾਂ ਪਿਉ ਪਤਾ ਅਗੋਂ ਕੀ ਆਖਦਾ ਹੈ ਕਿ ਤੂੰ ਤਾਂ ਸ਼ਰਾਬਾਂ ਕਬਾਬਾਂ ਪੀ ਛਡੀਆਂ ਹਨ। ਮਾੜੇ ਕਰਮ ਕਰ ਛਡੇ ਹਨ। ਤੈਨੂੰ ਨਹੀਂ ਕੁਝ ਵੀ ਦੇਣਾ, ਤੇਰੇ ਬੱਚਿਆਂ ਨੂੰ ਦੇ ਦਿਆਂਗਾ। ਇਸੇ ਤਰ੍ਹਾਂ ਹੀ ਰੱਬ ਹੈ। ਜੇਹੜਾ ਉਹਦਾ ਪੁਤਰ ਨਹੀਂ ਬਣਦਾ ਉਸ ਨੂੰ ਉਹ ਕਹਿੰਦਾ ਹੈ ਕਿ ਤੈਨੂੰ ਨਹੀਂਉ ਦੇਣਾ। ਹੋਰ ਦੁਨੀਆਂ ਥੋਹੜੀ ਹੈ ਦੇਣ ਵਾਲੀ। ਮੇਰੇ ਹੋਰ ਵੀ ਤਾਂ ਬਚੇ ਹੈ ਨੇ। ਸੋ ਏਸੇ ਤਰ੍ਹਾਂ ਦੀ ਬਿਰਤੀ ਤੁਸੀਂ ਰਖੋ। ਆਪਣਾ ਹਕ ਜਮਾਉ ਤੇ ਹਕ ਤੇ ਲੜੋ। ਫਿਰ ਤੁਹਾਨੂੰ ਕਦੇ ਵੀ ਕਮੀ ਨਹੀਂ ਆਏਗੀ। ਜੇ ਤੁਸੀਂ ਨਹੀਂ ਕਰ ਸਕਦੇ ਤਾਂ ਫਿਰ ਤੇ ਕਮੀਆਂ ਆਉਣਗੀਆਂ ਵੀ, ਤੇ

ਹੁੰਦੀਆਂ ਵੀ ਹਨ।

ਨਾਨਕ ਨਾਮ ਚੜ੍ਹਦੀ ਕਲਾ।।
ਤੇਰੇ ਭਾਣੇ ਸਰਬਤ ਦਾ ਭਲਾ।।

ਨਾਨਕ ਨਾਮ ਚੜ੍ਹਦੀ ਕਲਾ।।

ਤੇਰੇ ਭਾਣੇ ਸਰਬਤ ਦਾ ਭਲਾ।।

ਬਿਲਾਵਲ ਮਹਲਾ ੫।

।।ਭੂਲੇ ਮਾਰਗੁ ਜਿਨਹਿ ਬਤਾਇਆ।। ਐਸਾ ਗੁਰ ਵਡਭਾਗੀ ਪਾਇਆ।।

।।ਸਿਮਰਿ ਮਨਾ ਰਾਮ ਨਾਮੁ ਚਿਤਾਰੇ।। ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ।।

ਇਹ ਬਾਣੀ ਗੁਰੂ ਅਰਜਨ ਦੇਵ ਪਾਤਸ਼ਾਹ ਸਾਹਿਬਾਨ ਦੀ ਹੈ। ਗੁਰੂ ਅਰਜਨ ਪਾਤਸ਼ਾਹ ਜੀ ਇਸ ਮਨੁੱਖੀ ਜਾਮੇ ਨੂੰ ਆਪਣੇ ਸੁੰਦਰ ਉਪਦੇਸ਼ ਰਾਹੀਂ ਇਹ ਸਮਝਾਉਂਦੇ ਹਨ ਕਿ ਅਸੀਂ ਤਮਾਮ ਦੁਨੀਆਂ ਦੇ ਜੀਵ ਮੋਹ ਮਾਇਆ ਦੇ ਜਾਲ ਵਿਚ ਫਸ ਕੇ ਪ੍ਰਮਾਤਮਾ ਨੂੰ ਭੁਲੇ ਬੈਠੇ ਹਾਂ। ਉਹ ਪ੍ਰਮਾਤਮਾ ਜਿਸ ਨੇ ਸਾਨੂੰ ਇਹ ਸਰੀਰ ਬਖਸ਼ਿਸ਼ ਕੀਤਾ ਹੈ ਉਸਦੇ ਨਾਲ ਮਿਲਣ ਵਾਸਤੇ ਅਸੀਂ ਤਮਾਮ ਸਾਧਨ, ਜੁਗਤੀ, ਅਤੇ ਹਠ ਯੋਗ ਤਪੱਸਿਆ ਕਰਦੇ ਹਾਂ। ਫਿਰ ਵੀ ਸਾਨੂੰ ਨਾ ਹੀ ਸ਼ਾਂਤੀ, ਸੁਖ ਮਿਲਦਾ ਹੈ। ਨਾ ਹੀ ਪ੍ਰਮਾਤਮਾ ਮਿਲਦਾ ਹੈ, ਤਮਾਮ ਜੀਵਾਂ ਦਾ ਇਹ ਵਿਚਾਰ ਹੁੰਦਾ ਹੈ ਕਿ ਪ੍ਰਮਾਤਮਾ ਦੇ ਮਿਲ ਜਾਣ ਨਾਲ ਸੁਖ, ਸ਼ਾਂਤੀ, ਖੁਸ਼ੀ ਮਿਲਦੀ ਹੈ। ਪਰ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਦਾਤਾ ਘਰ ਆ ਜਾਵੇ ਤਾਂ ਦਾਤਾਂ ਦੀ ਕੋਈ ਲੋੜ ਨਹੀਂ ਰਹਿੰਦੀ - ਦਾਤਾਂ ਆਪਣੇ ਆਪ ਹੀ ਘਰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।

।।ਸਭੇ ਥੋਕ ਪ੍ਰਾਪਤੇ, ਜੇ ਆਵੈ ਇਕ ਹਥਿ।।

ਜਿਸ ਤਰ੍ਹਾਂ ਕੋਈ ਰਾਹੀ ਖੁੰਝ ਜਾਂਦਾ ਹੈ ਉਸ ਨੂੰ ਰਸਤਾ ਵਿਖਾਉਣ ਦੇ ਵਾਸਤੇ ਕਿਸੇ ਦਾ ਸਹਾਰਾ ਚਾਹੀਦਾ ਹੈ। ਉਹ ਰਸਤਾ ਜਾਂ ਤਾਂ ਕਿਸੇ ਆਦਮੀ ਦਾ ਹੋਣਾ ਚਾਹੀਦਾ ਹੈ ਜਾਂ ਕਿਤੇ ਦੂਰ ਦੁਰਾਡੇ ਕੁਤਿਆਂ ਦੇ ਭੌਂਕਣ ਦੀ ਆਵਾਜ਼, ਜਾਂ ਕਿਤੇ ਬੱਚਿਆਂ ਦਾ

ਸ਼ੋਰ ਸ਼ਰਾਬਾ, ਜਾਂ ਦੂਰ ਕੋਈ ਲਾਈਟ ਜਗਦੀ - ਜਿਸ ਨੂੰ ਦੇਖ ਕੇ ਸੁਣ ਕੇ ਜਾਂ ਉਸ ਨੂੰ ਪੁਛ ਕੇ ਉਹ ਆਪਣੇ ਟਿਕਾਣੇ ਪਹੁੰਚ ਸਕੇ। ਇਹੋ ਚੀਜ਼ ਗੁਰੂ ਸਾਹਿਬਾਨ ਸਮਝਾਉਂਦੇ ਹਨ ਕਿ ਮੁਰਸ਼ਦ ਤੋਂ ਬਗੈਰ ਤੁਸੀਂ ਕਿਸੇ ਵੀ ਜਗ੍ਹਾ ਤੇ ਨਹੀਂ ਪਹੁੰਚ ਸਕਦੇ। ਨਾ ਹੀ ਤੁਸੀਂ ਦੇਹ ਦੇ ਬੰਧਨਾਂ ਤੋਂ ਛੁਟਕਾਰਾ ਪਾ ਸਕਦੇ ਹੋ ਅਤੇ ਨਾ ਹੀ ਤੁਹਾਨੂੰ ਸੁਖ ਅਤੇ ਸ਼ਾਂਤੀ ਹਾਸਲ ਹੋ ਸਕਦੀ ਹੈ। ਗੁਰੂ ਦੇ ਪਾਸ ਜਾ ਕੇ ਕੀ ਮਿਲਦਾ ਹੈ? "ਰਾਮ ਨਾਮ" ਉਹ ਰਾਮ ਨਾਮ ਜਿਹੜਾ ਅਜਰ ਅਮਰ ਤੇ ਯੁਗਾਂ ਯੁਗੰਤਰਾਂ ਤੋਂ ਅਟੱਲ ਅਤੇ ਸਥਿਰ ਹੈ। ਕਾਫੀ ਲੋਕਾਂ ਦਾ ਇਹ ਵਿਚਾਰ ਹੁੰਦਾ ਹੈ ਕਿ ਰੱਬ ਹੋਰ ਹੈ, ਉਹਦੇ ਭੇਜੇ ਹੋਏ ਬੰਦੇ ਹੋਰ ਨੇ। ਰੱਬ ਨੂੰ ਅਤੇ ਉਹਦੇ ਭੇਜੇ ਹੋਏ ਬੰਦਿਆਂ ਨੂੰ ਉਹ ਦੋ ਤਰੀਕਿਆਂ ਨਾਲ ਸਮਝਾਉਂਦੇ ਹਨ। ਗਰੀਬ ਅਤੇ ਅਮੀਰ ਵਿਚ ਫਰਕ ਹੋ ਸਕਦਾ ਹੈ, ਦੁਖੀ ਅਤੇ ਸੁਖੀ ਵਿਚ ਫਰਕ ਹੋ ਸਕਦਾ ਹੈ, ਇਹੋ ਚੀਜ਼ ਹੈ - ਇਕ ਦੇ ਪੇਟ ਵਿਚ ਦਰਦ ਹੁੰਦੀ ਹੈ, ਇਕ ਦੇ ਸਿਰ ਤੇ ਦਰਦ ਹੁੰਦੀ ਹੈ। ਇਕ ਦੇ ਪੈਰਾਂ ਵਿਚ ਦਰਦ ਹੁੰਦੀ ਹੈ। ਇਕ ਦੇ ਹੱਥ ਤੇ ਦਰਦ ਹੁੰਦੀ ਹੈ, ਇਕ ਦਾ ਸਾਰਾ ਸਰੀਰ ਹੀ ਦੁਖਦਾ ਹੈ ਪਰ ਹੈ ਦਰਦ - ਫਰਕ ਅੰਗਾਂ ਦਾ ਹੈ। ਹਥ, ਪੈਰ, ਮੂੰਹ, ਮੱਥਾ, ਇਹ ਸਭ ਕੁਝ ਸਰੀਰ ਅੰਦਰ ਹੈ, ਜਦ ਸਰੀਰ ਦੇ ਅੰਦਰ ਇਕ ਸੂਈ ਲਗਦੀ ਹੈ, ਟੀਕਾ ਲਗਦਾ ਹੈ ਤਾਂ ਸਾਰੇ ਸਰੀਰ ਦੇ ਅੰਦਰ ਦਰਦ ਦੀ ਲਹਿਰ ਪੈਦਾ ਹੋ ਜਾਂਦੀ ਹੈ। ਮਹਿਸੂਸ ਕੀ ਹੁੰਦਾ ਹੈ, ਕਿ ਦਰਦ ਹੋਣੀ ਏ ਕਿਉਂ ਕਿ ਟੀਕਾ ਲਗਣ ਲਗਾ ਇਸੇ ਤਰ੍ਹਾਂ ਹੀ ਕੁਝ ਲੋਕ ਇਹਨਾਂ ਹੀ ਭੁਲ ਭੁਲਾਈਆਂ ਵਿਚ ਫਸੇ ਬੈਠੇ ਨੇ ਕਿ ਪ੍ਰਮਾਤਮਾ ਫਲਾਣਾ ਆਇਆ ਸੀ। ਉਸ ਤੋਂ ਬਾਅਦ ਕੋਈ ਨਹੀਂ ਹੈ, ਫਲਾਣਾ ਕੰਮ ਹੋਇਆ ਸੀ ਉਸ ਤੋਂ ਬਾਅਦ ਕਦੇ ਵੀ ਨਹੀਂ ਹੋਵੇਗਾ। ਅਗਰ ਇਹ ਚੀਜ਼ਾਂ ਜੇ ਪ੍ਰਮਾਤਮਾ ਦੇ ਅਸੂਲ, ਰੂਲ, ਜਾਂ ਉਸ ਦੇ ਘਰ ਵਿਚ ਹੁੰਦੀਆਂ ਜਾਂ ਹੁੰਦੇ ਫਿਰ ਤਾਂ ਏਨੀ ਦੁਨੀਆਂ ਜਿਸ ਤਰ੍ਹਾਂ ਅਜ ਤਰੱਕੀ ਕਰ ਬੈਠੀ ਹੈ ਉਹ ਕਦੇ ਨਾ ਕਰਦੀ ਤੇ ਨਾ ਕਦੇ ਇੰਨੀ ਪੈਦਾਵਾਰ ਵਧਦੀ ਜੇ ਇਕ ਪਿਉ ਕਹੇ ਕਿ ਮੈਂ ਆਪਣੇ ਤਿੰਨ ਚਾਰ ਪੁਤਰਾਂ ਨੂੰ ਜਨਮ ਦੇ ਕੇ ਤੇ ਪੰਜ ਚਾਰ ਧੀਆਂ ਪੈਦਾ ਕਰਕੇ ਉਹਨਾਂ ਦਾ ਵਿਆਹ ਕਰਕੇ ਉਹਨਾਂ ਦਾ ਘਰ ਬਾਰ ਬਣਾ ਕੇ ਪੈਸਾ ਧੇਲਾ ਜਮ੍ਹਾ ਕਰਕੇ ਮਕਾਨ ਕੋਠੀਆਂ ਕਾਰਾਂ ਹੋਰ ਫੈਕਟਰੀਆਂ ਲਾ ਚਲਿਆਂ - ਹੁਣ ਮੈਥੋਂ ਬਾਦ ਕੋਈ ਪਿਉ ਬਣ ਹੀ ਨਹੀ ਸਕੇਗਾ ਤਾਂ ਇਹ ਉਸ ਦੀ ਸਭ ਤੋਂ ਵੱਡੀ ਭੁਲ ਹੈ। ਇਸ ਤਰ੍ਹਾਂ ਪ੍ਰਮਾਤਮਾ ਹੈ - ਪ੍ਰਮਾਤਮਾ ਇਕ ਹੈ, ਉਸਨੇ ਆਪਣੇ ਧੀਆਂ ਪੁਤਰ ਬਣਾ ਕੇ ਭੇਜੇ ਹਨ। ਧੀਆਂ ਪੁਤਰ ਕੌਣ ਬਣਾਏ। ਪੁਤਰ ਬਣਾਏ ਪੀਰ ਪੈਗੰਬਰ, ਅਵਤਾਰ, ਦੇਵੀ ਦੇਵਤੇ। ਜਿਸ ਨੂੰ ਅਸੀਂ ਦੇਵੀਆਂ ਦੇਵਤੇ ਆਖਦੇ ਹਾਂ। ਉਸ ਦੀਆਂ ਧੀਆਂ ਤੇ ਪੁਤਰ ਹਨ ਉਸ ਦੀ ਅੰਸ਼ ਅਤੇ

ਉਸਦੇ ਰਿਸ਼ਤੇ ਨਾਤੇ ਵੀ ਹਨ। ਵੈਸ਼ਨੋ ਇਕ ਬਹੁਤ ਉੱਚੀ ਸ਼ਕਤੀ ਹੈ। ਅਸੀ ਇਕ ਵਾਰੀ ਆਪਣੇ ਇੰਡੀਆ ਦੇ ਸਤਿਸੰਗ ਤੇ ਇਕ ਵਾਰੀ ਗੁਰਮੱਤ ਉੱਪਰ ਬੋਲ ਰਹੇ ਸਾਂ:—

***।।ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।।***

***।।ਗੁਰਬਾਣੀ ਕਹੈ ਸੇਵਕ ਜਨੁ ਮਾਨੇ ਪ੍ਰਤੱਖ ਗੁਰੂ ਨਿਸਤਾਰੇ।।***

ਬਾਣੀ ਆਖਦੀ ਹੈ ਕਿ ਬਾਣੀ ਗੁਰੂ ਹੈ, ਬਾਣੀ ਆਖਦੀ ਹੈ ਕਿ ਬਾਣੀ ਇਕ ਬਹੁਤ ਵੱਡੀ ਤਾਕਤ ਹੈ। ਪੰਜ ਟਾਈਮ ਦੀ ਬਾਣੀ ਸਿੱਖਾਂ ਦੇ ਅੰਦਰ ਪੜ੍ਹੀ ਜਾਂਦੀ ਹੈ। ਪੰਜ ਟਾਈਮ ਦੀ ਨਮਾਜ ਮੁਸਲਮਾਨਾਂ ਅੰਦਰ ਪੜ੍ਹੀ ਜਾਂਦੀ ਹੈ। ਅਗਰ ਪੰਜ ਟਾਈਮ ਦੀ ਬਾਣੀ ਪੜ੍ਹਨ ਨਾਲ ਅਤੇ ਪੰਜ ਟਾਈਮ ਦੀਆਂ ਨਮਾਜ਼ਾਂ ਪੜਨ ਨਾਲ ਹੀ ਪੱਕੇ ਮੁਸਲਮਾਨ ਅਤੇ ਪੱਕੇ ਸਿੱਖ ਨੇ ਤੇ ਫਿਰ ਸੁੱਖ ਵੀ ਸਾਰੇ ਉਹਨਾਂ ਨੂੰ ਹੀ ਮਿਲਣੇ ਚਾਹੀਦੇ ਹਨ। ਦੂਜਿਆਂ ਨੂੰ ਨਹੀਂ ਜਿਹੜਾ ਨਹੀਂ ਪੜਦਾ ਤੇ ਨਹੀਂ ਕਰਦਾ ਜਾਂ ਉਹ ਲੋਕ ਇਹ ਕਹਿ ਦੇਣ ਕਿ ਗੁਰੂ ਨਾਨਕ, ਗੁਰੂ ਗੋਬਿੰਦ ਜਾਂ ਮੁਹੰਮਦ ਜੀਸਸ ਕਰਾਈਸਟ ਦੇ ਆਉਣ ਤੋਂ ਬਾਅਦ ਅਸੀ ਬੜੇ ਸੁਖੀ ਹੋਏ ਹਾਂ। ਜਦੋਂ ਦਾ ਸਾਨੂੰ ਮਜ਼ਹਬ ਦੇ ਗਏ ਨੇ, ਕੌਮ ਦੇ ਗਏ ਨੇ, ਸਾਨੂੰ ਕੋਈ ਪੁਸ਼ਾਕ ਪੁਆ ਗਏ ਨੇ - ਸਾਨੂੰ ਉਸ ਤੋਂ ਬਾਦ ਕਦੀ ਪੀੜ ਨਹੀਂ ਹੋਈ, ਸਿਰ ਦਰਦ ਨਹੀਂ ਹੋਈ, ਬੁਖਾਰ ਨਹੀਂ ਚੜਿਆ। ਸਾਡੀ ਔਲਾਦ ਨਾਲਾਇਕ ਨਹੀਂ ਨਿਕਲੀ ਤੇ ਸ਼ਰਾਬਾਂ ਕਬਾਬਾਂ ਤੇ ਮੋਹ ਮਾਇਆ (ਮਮਤਾ) ਛੁਟ ਗਈ ਕੀ ਇਹ ਕਦੀ ਅਸੀ ਦੇਖਿਆ ਹੈ, ਹੋਇਆ ਹੈ? ਨਹੀਂ ਹੋ ਸਕਦਾ, ਨਾ ਹੀ ਹੋਵੇਗਾ। ਕਿਉਂ? ਕਿਉਂਕਿ ਉਨ੍ਹਾਂ ਦੇ ਸਮੇਂ ਵਿਚ ਉਹਨਾਂ ਨੂੰ ਭਾਂਦਾ ਸੀ। ਹੁਣ ਦਾ ਸਮਾਂ ਸਾਨੂੰ ਭਾਂਦਾ ਹੈ ਸਾਰਿਆਂ ਨੂੰ। ਰਾਮ ਨੇ ਚੌਦਾਂ ਸਾਲ ਦਾ ਬਨਵਾਸ ਕਟਿਆ ਕਿਆ ਤੁਸੀ ਕਟੋਗੇ ਸਾਰੇ ਜਣੇ - ਸਕੀ ਮਾਂ ਦਾ ਧੀ ਪੁਤਰ ਨਹੀਂ ਕਹਿਣਾ ਮੰਨਦੇ ਤੇ ਉਹ ਮਤਰੇਈ ਦਾ ਮਨ ਗਏ ਸਨ। ਜੇ ਓਦੋਂ ਉਠਕੇ ਹਿੰਦੂ ਲੋਕ ਆਖਣ ਕਿ ਰਾਮ ਹੀ ਵੱਡਾ ਸੀ ਹੋਰ ਕੋਈ ਵੱਡਾ ਨਹੀਂ - ਤਾਂ ਕਿਡੀ ਵੱਡੀ ਬੇ-ਸਮਝੀ ਹੈ। ਜੇ ਹਿੰਦੂ ਲੋਕ ਕਹਿ ਦੇਣ ਕਿ ਸ਼ੰਕਰ ਤੋਂ ਵਡਾ ਲਫਜ਼ ਹੀ ਕੋਈ ਨਹੀਂ ਹੈ ਤੇ ਉਹ ਤਾਂ ਗਲ ਵਿਚ ਸੱਪਾਂ ਦੀ ਮਾਲਾ ਪਾ ਕੇ ਬੈਠੇ ਨੇ ਤੁਸੀ ਤਾਂ ਆਪਣੇ ਗਲਾਂ ਵਿਚ ਮਾਸਾ ਧਾਗਾ ਨਹੀਂ ਪਾਂ ਸਕਦੇ। ਜੇ ਨੂੰਆਂ ਕਿਤੇ ਖੁਡ ਵਿਚੋਂ ਨਿਕਲਦਾ ਹੋਵੇ ਤਾਂ ਤੁਸੀ ਪਹਿਲੋਂ ਹੀ ਮੰਜੀ ਤੇ ਚੜਕੇ ਬੈਠੇ ਹੋਵੋ ਕਿ ਕਿਤੇ ਲੜ ਨਾ ਜਾਏ। ਉਹਨਾਂ ਤਾਂ ਜ਼ਹਿਰ ਦੁਨੀਆਂ ਦਾ ਪੀ ਲਿਆ, ਤੁਸੀ ਤਾਂ ਕਿਸੇ ਲਈ ਕੌੜਾ ਪਾਣੀ ਨਹੀਂ ਪੀ ਸਕਦੇ। ਜਿਸ ਨਾਲ ਵੈਰ ਹੋਵੇ, ਤੁਸੀਂ ਤਾਂ ਉਸ

ਦੀਆਂ ਦਹਿਲੀਜ਼ਾਂ ਨਹੀਂ ਟੱਪਦੇ। ਮੁਹੰਮਦ ਸਾਹਿਬ ਦੀ ਤਰਫ ਆ ਜਾਂਦੇ ਹਾਂ। ਉਹਨਾਂ ਨੇ ਆਪਣੇ ਇਸ ਜਾਮੇ ਨੂੰ ਧਰਤੀ ਤੇ ਲਿਆ ਕੇ ਦੁਨੀਆਂ ਨੂੰ ਚਲਣ ਵਾਸਤੇ ਨਸੀਹਤ ਕੀਤੀ। ਅਗਰ ਉਹ ਮੁਕੰਮਲ ਰੂਪ ਵਿਚ ਸਨ ਤੇ ਫਿਰ ਸਾਨੂੰ ਆਪਸ ਵਿਚ ਫਿਰਕਾ ਪ੍ਰਸਤੀ ਨਹੀਂ ਸੀ ਹੋਣੀ ਚਾਹੀਦੀ। ਜਮਾਤਾਂ ਆਪਸ ਵਿਚ ਲੜ ਰਹੀਆਂ ਹਨ। ਇਸ ਦਾ ਮਤਲਬ ਉਹ ਵੀ ਪੂਰਾ ਨਹੀਂ ਕਰ ਪਾਏ। ਉਹ ਵੀ ਪ੍ਰਮਾਤਮਾ ਦੇ ਬੰਦੇ ਜ਼ਰੂਰ ਸਨ। ਨਬੀ ਜ਼ਰੂਰ ਸਨ। ਭੇਜੇ ਹੋਏ ਜ਼ਰੂਰ ਸਨ ਪ੍ਰਾਫਟ ਸਨ, ਖੁਦਾ ਦੇ। ਪ੍ਰਾਫਟ ਕਿਸ ਨੂੰ ਆਖਿਆ ਜਾਂਦਾ ਹੈ। ਜਿਹੜਾ ਆਪਣੀ ਕਮਾਈ ਤੋਂ ਆਪਣੀ ਮਿਹਨਤ ਤੋਂ ਆਪਣੀ ਖਰਚ ਕੀਤੀ ਹੋਈ ਚੀਜ਼ ਤੋਂ ਵਧ ਚੀਜ਼ ਲਈ ਜਾਵੇ ਜਿਸ ਤਰ੍ਹਾਂ ਕਿ ਪੰਜ ਰੁਪੈ ਦੀ ਚੀਜ਼ ਲਈ ਗਈ, ਇਕ ਵਪਾਰੀ ਨੇ ਸਤ ਰੁਪਏ ਦੀ ਅਗੋਂ ਵੇਚੀ। ਜਿਸਦਾ ਮਤਲਬ ਵਪਾਰੀ ਨੂੰ ਪੰਜ ਰੁਪੈ ਦੀ ਚੀਜ਼ ਤੋਂ ਦੋ ਰੁਪੈ ਦੀ ਪ੍ਰਾਫਟ ਹੋਈ। ਪ੍ਰਾਫਟ ਦਾ ਭਾਵ ਲਾਭ ਹੋਇਆ। ਇਸ ਦਾ ਮਤਲਬ ਰਬ ਦਾ ਵਿਹਾਰ ਬਿਲਕੁਲ ਠੀਕ ਸੀ। ਮੁਹੰਮਦ ਸਾਹਿਬ ਨੂੰ ਪ੍ਰਾਫਟ ਕਰਨ ਨਾਲ, ਜੀਸਸ ਸਾਹਿਬ ਨੂੰ ਪ੍ਰਾਫਟ ਬਣਾਵਣ ਨਾਲ, ਮੂਸਾ ਨੂੰ ਪ੍ਰਾਫਟ ਕਾਇਮ ਕਰਨ ਨਾਲ ਅਵਤਾਰਾਂ ਪੈਗੰਬਰਾਂ - ਗੁਰੂ ਨਾਨਕ ਅਤੇ ਗੁਰੂ ਗੋਬਿੰਦ ਨੂੰ ਪ੍ਰਾਫਟ ਕਰਨ ਦੇ ਨਾਲ ਉਹਨਾਂ ਨੂੰ ਪ੍ਰਾਫਟ ਹੋਇਆ। ਕੀ ਪ੍ਰਾਫਟ ਹੋਇਆ? ਕੋਈ ਅਗੋਂ ਜਵਾਬ ਹੈ ਕਿ ਉਸ ਦੀ ਪ੍ਰਾਫਟ ਨਾਲ ਸਾਨੂੰ ਅਗੋਂ ਕੀ ਪ੍ਰਾਫਟ ਹੋਇਆ? ਰੱਬ ਨੂੰ ਤਾਂ ਪ੍ਰਾਫਟ ਹੋਇਆ। ਉਸ ਨੇ ਆਪਣੀ ਸ਼ਕਲ ਦੇ ਕੇ ਪ੍ਰਾਫਟ MEANS ਆਪਣੇ ਤੋਂ ਦੂਜਾ ਵਾਧੂ ਆਪਣੇ ਵਰਗਾ ਰੂਪ ਦੇ ਕੇ ਧਰਤੀ ਤੇ ਭੇਜਿਆ।

ਕੀ ਆਪ ਜਿਤਨੇ ਵੀ ਲੋਕ ਬੈਠੇ ਹੋਏ ਹੋ ਪੂਰੇ ਮੁਸਲਮਾਨ ਹੋ ਪੂਰੇ ਹਿੰਦੂ ਹੋ ਪੂਰੇ ਈਸਾਈ ਕ੍ਰਿਸਚਨ ਹੈਗੇ। ਸਾਡੇ ਵਿਚ ਕੀ ਪੂਰਾ ਹੈ ਝਾਤੀ ਮਾਰੋ? ਜਿਹੜੇ ਲੋਕ ਸਾਨੂੰ ਇਸ ਭੁੱਲ ਭੁਲਾਈ ਵਲ ਲਿਜਾ ਰਹੇ ਹਨ। ਉਹਨਾਂ ਦੇ ਪਲੇ ਕੀ ਹੈ? ਅਗਰ ਉਹ ਪ੍ਰਾਫਟ ਦੇ ਬੇਸ ਤੇ ਆਏ ਰੱਬ ਨੇ ਪ੍ਰਾਫਟ ਕਮਾਇਆ ਤਾਂ ਅਸਾਂ ਉਹ ਪ੍ਰਾਫਟ ਤੋਂ ਕੀ ਕਮਾਇਆ ਤਾਂ ਸਾਡਾ ਵਿਉਹਾਰ ਕੀ ਹੈ? ਸ਼ਰਾਬ ਪੀਣੀ, ਮਾਸ ਖਾਣਾ, ਵਿਸ਼ੇ ਵਿਕਾਰਾਂ ਵਿਚ ਜ਼ਿੰਦਗੀ ਤਬਾਹ ਕਰ ਲੈਣੀ। ਝੂਠੀ ਮਾਇਆ ਨੂੰ ਇਕੱਠੇ ਕਰਨ ਵਿਚ ਭਰਾ ਨੇ ਭਰਾ ਦਾ ਕਤਲ ਕਰਨ ਦਾ ਸੋਚਿਆ, ਮਾਂ ਨੇ ਪੁਤਰ ਨੂੰ, ਪੁਤਰ ਨੇ ਮਾਂ ਨੂੰ।

ਆਪਣੇ ਮੁਲਖ ਆਪਣੀ ਜਗ੍ਹਾ ਨੂੰ ਭੁਲ ਕੇ ਅਸੀਂ ਲੋਕ ਪਰਾਏ ਮੁਲਖ ਵਿਚ ਬੈਠੇ ਹੋਏ ਹਾਂ। ਕਿਹੜਾ ਮੁਲਖ ਸਚਖੰਡ ਜਿਸਨੂੰ ਕਿਹਾ ਜੋ ਮਹਾਰਾਜ ਜੀ ਨੇ ਬਿਆਨ ਕੀਤਾ ਹੈ। ਇਹ ਨਹੀਂ ਕਿ ਅਸੀਂ ਹਿੰਦੋਸਤਾਨ ਤੋਂ ਵਲੈਤ ਵਿਚ ਆ ਗਏ ਹਾਂ। ਵਲੈਤ ਤੋਂ

ਅਸੀਂ ਅਮਰੀਕਾ ਚਲੇ ਗਏ ਹਾਂ। ਅਮਰੀਕਾ ਤੋਂ ਸਵਿਟਜ਼ਰਲੈਂਡ ਚਲੇ ਗਏ ਹਾਂ। ਇਹ ਵਤਨ ਨਹੀਂ। ਇਹ ਸਾਡੇ ਸਾਰਿਆਂ ਦੇ ਆਪਣੇ ਵਤਨ ਹਨ। ਧਰਤੀ ਸਾਰੀ ਪ੍ਰਮਾਤਮਾ ਦੀ ਹੈ। ਅਸੀਂ ਆਪਣੀ ਰਚਨਾ ਵਿਚ ਕਿਹਾ ਹੈ ਸਚਖੰਡ ਨਾਨਕ ਧਾਮ ਦੀ ਬਾਣੀ ਵਿਚ:--

*।।ਸਗਰ ਧਰਤ ਤੁਮਾਰੀ ਰਾਮ ਜੀਉ ਹਮ ਭਇਉ ਕੀਟ ਪਤੰਗਾ।।*

*।।ਤੁਧ ਆਗੇ ਅਰਜੋਈ ਹਮਾਰੀ ਕਾਟੋ ਜਮ ਕਾ ਫੰਧਾ।।*

ਕਿ ਸਾਰੀ ਧਰਤੀ ਤੇਰੀ ਏ, ਅਸੀਂ ਸਾਰੇ ਤੇਰਿਆਂ ਕੀੜਿਆਂ ਮਕੌੜਿਆਂ ਦੀ ਤਰ੍ਹਾਂ ਹਾਂ। ਤੇਰੇ ਅੱਗੇ ਸਾਡੀ ਬੇਨਤੀ ਹੈ ਕਿ ਜਿਹੜਾ ਜੰਮਾਂ ਦਾ ਫੰਧਾਂ ਸਾਡੇ ਗਲ ਵਿਚ ਪਿਆ ਹੈ ਇਸਨੂੰ ਕਟ ਕੇ ਖਤਮ ਕਰ ਦੇ। ਮਰਨ ਜਨਮ ਤੋਂ ਅਸੀਂ ਛੁਟਕਾਰਾ ਹਾਸਲ ਕਰ ਲਈਏ। ਆਵਾਜ਼ ਹੈ ਸੋਚੋ, ਵਿਚਾਰੋ, ਮਾਂ ਨੇ ਜਨਮ ਦੇ ਦਿੱਤਾ ਹੈ। ਕਰਮ ਨਹੀਂ ਦਿੱਤਾ, ਸ਼ਰਮ ਨਹੀਂ ਦਿੱਤੀ। ਸ਼ਰਮ ਅਤੇ ਕਰਮ ਦੀ ਵੰਡ ਅਸਾਂ ਪਿਛਲੇ ਸਤਿਸੰਗਾਂ ਵਿਚ ਵੀ ਕੀਤੀ ਸੀ। ਸ਼ਰਮ ਲੋਕਾਂ ਵਿਚੋਂ ਮਿਲਦੀ ਹੈ, ਸਮਾਜ ਵਿਚੋਂ ਮਿਲਦੀ ਹੈ, ਕਰਮ ਤੁਹਾਡੀ ਆਪਣੀ ਕਮਾਈ ਹੈ।

*।।ਕੀਰਤਿ, ਕਰਹਿ, ਸਗਲ ਜਨ ਤੇਰੀ, ਤੂ ਅਬਿਨਾਸੀ ਪੁਰਖੁ ਮੁਰਾਰੇ।।*

*।।ਜਿਉ ਭਾਵੈ ਤਿਉ ਰਾਖਹੁ ਸੁਆਮੀ, ਜਨ ਨਾਨਕ ਸਰਨਿ ਦੁਆਰੇ।।*

ਸਾਰਾ ਸੰਸਾਰ ਤੇਰੀ ਕਿਰਤ ਕਰਦਾ ਪਿਆ ਹੈ। ਸਾਰਾ ਸੰਸਾਰ ਤੇਰੀ ਕਿਰਤ ਵਿਚ ਜੁੜਿਆ ਪਿਆ ਹੈ। ਭੈ ਭੀਤੀ ਨਹੀਂ ਭਾਵ ਕਿ ਪਿਆਰ ਨਾਲ ਜੁਟਿਆ ਪਿਆ ਹੈ - ਦਿਨ ਤੇ ਰਾਤ। ਫਿਰ ਸਾਡੀ ਲੜਾਈ ਕਾਹਦੀ ਹੈ। ਕੌਣ ਹਿੰਦੂ ਕੌਣ ਮੁਸਲਮਾਨ ਕੌਣ ਸਿੱਖ ਕੌਣ ਈਸਾਈ - ਸਾਰੇ ਅਸੀਂ ਮਨੁੱਖ ਹਾਂ। ਸਾਡੀ ਲੜਾਈ ਹੈ, ਸਾਡੀ ਜਦੋਂ ਜ਼ਹਿਦ ਹੈ - ਸਾਡੀ ਜ਼ਿੰਦਗੀ ਦਾ ਕੋਈ ਮੂਲ ਮਕਸਦ ਜੇ ਹੈ ਤਾਂ ਸਿਰਫ ਸੱਚ ਦਾ ਹੈ। ਜੋ ਕਿ ਪਿਛੇ ਵੀ ਪੁਰਾਣੇ ਪੁਰਖਾਂ ਨੇ ਕਿਹਾ। ਸੰਤਾਂ ਮਹਾਤਮਾਂ ਪੂਰਨ ਪੁਰਖ ਪੂਰਨ ਪ੍ਰਮਾਤਮਾ ਜਦ ਵੀ ਧਰਤੀ ਤੇ ਆਇਆ ਆਪਣਾ ਰੂਪ ਲੈ ਕੇ ਉਸ ਨੇ ਪੁਰਾਣੇ ਮਹਾਂਪੁਰਖਾਂ ਨੂੰ ਮੱਦੇ ਨਜ਼ਰ ਜ਼ਰੂਰ ਰਖਿਆ ਹੈ। ਰਾਮ ਚੰਦਰ ਦੇ ਬਾਣ ਮਾਰਨ ਤੇ ਬਾਲੀ ਦਾ ਉਧਾਰ ਹੋਇਆ। ਬਾਲੀ ਨੇ ਸਵਾਲ ਕਰ ਦਿੱਤਾ, ਰਾਮ ਚੰਦਰ ਜੀ ਨੂੰ ਕਿ ਹੇ ਪ੍ਰਭੂ ਤੁਸੀਂ ਦੁਨੀਆਂ ਦੇ ਤਿੰਨ ਜਹਾਨ ਦੇ ਵਾਲੀ ਹੋ - ਦੋ ਜਹਾਨ ਦੇ ਨਹੀਂ ਤਿੰਨ ਲੋਕ ਦੇ ਮਾਲਕ ਹੋ ਤੁਸਾਂ ਮੈਨੂੰ ਲੁਕ ਕੇ ਕਿਉਂ ਮਾਰਿਆ? ਅਗੋਂ ਆਪ ਆਖਦੇ ਨੇ ਰਾਮ ਚੰਦਰ ਜੀ - ਹੇ ਬਾਲੀ

ਇਸਦਾ ਕਾਰਣ ਇਹ ਨਹੀਂ ਸੀ ਕਿ ਮੈਨੂੰ ਤੇਰੇ ਕੋਲੋਂ ਡਰ ਹੈ, ਜਾਂ ਮੈਂ ਤੈਨੂੰ ਮਾਰ ਨਹੀਂ ਸਕਦਾ। ਨਹੀਂ, ਸਿਰਫ ਜਿਹੜਾ ਤੂੰ ਮੇਰੇ ਬਜ਼ੁਰਗਾਂ ਕੋਲੋਂ ਵਚਨ ਲੈ ਚੁਕਿਆਂ ਹੈਂ ਕਿ ਜੇਹੜਾ ਤੇਰੇ ਸਾਹਮਣੇ ਆ ਜਾਵੇਗਾ ਉਹਦੀ ਅਧੀ ਤਾਕਤ ਤੇਰੇ ਵਿੱਚ ਆ ਜਾਵੇਗੀ - ਜੇ ਮੈਂ ਤੇਰੇ ਸਾਹਮਣੇ ਆ ਜਾਂਦਾ - ਤੇਰੇ ਵਿਚ ਮੇਰੀ ਅਧੀ ਤਾਕਤ ਨਾ ਜਾਂਦੀ ਤਾਂ ਤੈਨੂੰ ਦਿਤਾ ਮੇਰੇ ਬਜ਼ੁਰਗਾਂ ਦਾ ਬਚਨ ਖੰਡਨ ਹੋ ਜਾਣਾ ਸੀ ਤੇ ਬਜ਼ੁਰਗਾਂ ਦਾ ਵਚਨ ਕਦੇ ਖੰਡਨੰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਜਿਸ ਨੂੰ ਤੂੰ ਧਿਆਉਂਦਾ ਹੈ ਉਸ ਨੂੰ ਮੈਂ ਵੀ ਧਿਆਇਆ ਹੈ। ਪਾਵਣ ਦਾ ਤਰੀਕਾ ਹੈ - ਮਾਇਆ ਦੇ ਵਰਤਣ ਦਾ ਢੰਗ ਹੈ। ਉਹੋ ਮਾਇਆ ਦਾਨ ਕਰਕੇ ਲੰਗਰਾਂ ਦੇ ਰਾਹੀਂ ਭਲਾ ਕਮਾਇਆ ਜਾਂਦਾ ਹੈ। ਉਹੀ ਕਮਾਇਆ ਪੈਸਾ ਦਿਨ ਤੇ ਰਾਤ ਫੈਕਟਰੀਆਂ ਰਾਹੀਂ, ਰਿਕਸ਼ਿਆਂ ਰਾਹੀਂ ਕਰੜੀ ਮਿਹਨਤ ਕਰਕੇ ਜੂਏ ਤੇ ਸ਼ਰਾਬ਼ਾਂ ਅਤੇ ਮਾੜਿਆਂ ਕੰਮਾਂ ਤੇ ਖਰਚ ਕੀਤਾ ਜਾਂਦਾ ਹੈ ਪਰ ਉਹ ਪੈਸਾ ਕਦੇ ਨਹੀਂ ਆਖਦਾ ਕਿ ਤੂੰ ਮੈਨੂੰ ਵੈਸ਼ਿਆ ਦੇ ਬਾਜ਼ਾਰ ਤੇ ਨਾ ਖਰਚ - ਪੈਸਾ ਕਦੇ ਨਹੀਂ ਆਖਦਾ ਕਿ ਤੂੰ ਮੇਰੀ ਸ਼ਰਾਬ ਨਾ ਖਰੀਦ, ਮਾਸ ਨਾ ਖਰੀਦ, ਪੈਸਾ ਕਦੇ ਇਹ ਵੀ ਨਹੀਂ ਆਖਦਾ ਕਿ ਤੂੰ ਮੇਰੇ ਨਾਲ ਲੰਗਰ ਨਾਲਾਉ - ਉਹ ਪੈਸਾ ਹੈ। ਇਸੇ ਤਰ੍ਹਾਂ ਰੱਬ ਹੈ। ਇਸ ਤਰ੍ਹਾਂ ਹੀ ਤੁਸੀ ਹੋ। ਤੁਹਾਡੀ ਵਿਚਾਰਧਾਰਾ ਆਪਣੀ ਹੈ। ਕਿਸੇ ਦੀ ਨਹੀਂ ਤੁਸੀ ਆਪਣੀ ਵਿਚਾਰਧਾਰਾ ਵਿਚ ਆਉ - ਆਪਣੇ ਮਨ ਦੀ ਤਸਦੀਕੀ ਵਿਚ ਆਉ। ਕਿਸੇ ਦੇ ਪਿਛੇ ਮਤ ਲਗੋ। ਜਦ ਅੰਦਰ ਨੇ ਤਸਦੀਕੀ ਕਰ ਲਈ ਤਾਂ ਜਿਹੜਾ ਪੱਥਰ ਹੈ ਉਹ ਵੀ ਠਾਕਰ ਬਣ ਸਕਦਾ ਹੈ ਤੇ ਤੁਹਾਡੀ ਤਸਦੀਕੀ ਨਹੀਂ - ਲੋਕਾਂਚਾਰੀ ਹੈ ਤਾਂ ਕੁਛ ਨਹੀਂ ਹੈ। ਸੋ ਸਤਿਸੰਗਾਂ ਦੇ ਰਾਹੀਂ ਜੋ ਬੇਨਤੀ ਕੀਤੀ ਗਈ ਹੈ ਮਹਾਰਾਜ ਜੀ ਵਲੋਂ, ਉਹ ਇਹੋ ਹੀ ਹੈ ਕਿ ਗੁਰੂ ਤੋਂ ਬਗੈਰ ਸਹੀ ਰਸਤਾ ਨਹੀਂ ਮਿਲ ਸਕਦਾ। ਪਰ ਗੁਰੂ ਵੀ ਰਾਮ ਨਾਮ ਦਿੰਦਾ ਹੈ। ਰਾਮ ਨਾਮ ਓਹ ਨਹੀਂ ਜਿਹੜੇ ਅਯੁਧਿਆ ਦੇ ਵਿਚ ਆਏ

**।।ਏਕ ਰਾਮ ਦਸਰਥ ਕਾ ਬੇਟਾ, ਏਕ ਰਾਮ ਘਟ ਘਟ ਮਹਿ ਲੇਟਾ।।**

**।।ਏਕ ਰਾਮ ਕਾ ਸਗਲ ਪਸਾਰਾ ਏਕ ਰਾਮ ਜਗ ਮਹਿੰ ਨਿਆਰਾ।।**

-- ਚਾਰ ਰਾਮ, ਪਹਿਲਾ ਕਿਹੜਾ ਰਾਮ? ਜਿਹੜਾ ਤ੍ਰੇਤੇ ਯੁਗ ਵਿਚ ਆਇਆ। ਸੀਤਾ ਦੇ ਕਾਰਨ ਰਾਵਣ ਨਾਲ ਲੜਾਈ ਕੀਤੀ, ਲੜਾਈ ਲੜਕੇ ਅਯੁਧਿਆ ਵਾਪਸ ਆਏ। 125 ਸਾਲ ਦੀ ਉਮਰ ਵਿਚ ਸਰੀਰ ਸਰੋਵਰ ਸਾਹਿਬ ਵਿਚ ਛਡ ਦਿੱਤਾ। ਦੂਸਰੇ ਰਾਮ, ਮਨ ਰੂਪੀ ਰਾਮ - ਦਿਲ ਰੂਪੀ ਰਾਮ - ਜਿਸ ਤਰ੍ਹਾਂ ਤੁਸੀ ਕਹਿੰਦੇ ਹੋ ਮੇਰਾ ਦਿਲ ਕਰਦਾ

ਅੱਜ ਮੈਂ ਦੁੱਧ ਪੀਵਾਂ, ਮੇਰਾ ਦਿਲ ਕਰਦਾ ਅੱਜ ਮੈਂ ਜਲੇਬੀਆਂ ਖਾਵਾਂ, ਅਜ ਮੇਰਾ ਦਿਲ ਕਰਦਾ ਮੈਂ ਕਿਤੇ ਬਾਹਰ ਫਿਰਨ ਤੁਰਨ ਜਾਵਾਂ, ਮੇਰਾ ਦਿਲ ਕਹਿੰਦਾ ਹੈ ਕਿ ਮੈਂ ਫਲਾਨੀ ਚੀਜ਼ ਖਰੀਦ ਕੇ ਲੈ ਆਵਾਂ - ਬਾਜ਼ਾਰ ਗਏ ਉਥੇ ਕੋਈ ਸੋਹਣੀ ਚੀਜ਼ ਦੇਖੀ - ਦਿਲ ਕੀਤਾ ਮੈਂ ਖਰੀਦ ਕੇ ਲੈ ਆਇਆ। ਉਹ ਰਾਮ। ਤੀਸਰਾ ਰਾਮ ਬ੍ਰਹਮਾ ਰੂਪੀ ਰਾਮ, ਸਾਰੀ ਦੁਨੀਆਂ ਦੀ ਰਖਿਆ ਕਰਨ ਵਾਲਾ ਰਾਮ, ਅਨਾਜ ਦੇਣ ਵਾਲਾ ਰਾਮ, ਉਹ ਰਾਮ ਚੌਥਾ ਰਾਮ ਹੈ। ਸੀਆ ਰੂਪੀ ਰਾਮ, ਸਚਖੰਡ ਵਾਸੀ ਰਾਮ, ਸੱਚਾ ਸੁਆਮੀ ਰਾਮ। ਰੋਮ ਰੋਮ - ਵਿਚ ਵਸਣਾ ਵਾਲਾ ਰਾਮ - ਰਜਾ ਵਿਚ ਰਖਣ ਵਾਲਾ ਰਾਮ - ਹਰ ਕਣ ਕਣ ਵਿਚ ਰਮਿਆ ਹੋਇਆ ਰਾਮ। ਉਸਦੀ ਮਹਿਮਾ ਪੰਚਮ ਪਾਤਸ਼ਾਹ ਜੀ ਕਰ ਰਹੇ ਹਨ। ਰਮਾਇਣ, ਗੀਤਾ, ਬਾਈਬਲ, ਕੁਰਾਨ, ਅੰਜੀਲ, ਵੇਦ ਸ਼ਾਸਤਰ ਕਾਹਦੇ ਵਾਸਤੇ ਹਨ? ਇਸ ਰਸਤੇ ਵਾਸਤੇ - ਸਤਿਕਾਰ ਵਾਸਤੇ ਸਾਡੇ ਵਡਿਆਂ ਬਜ਼ੁਰਗਾਂ ਨੇ ਲਿਖੇ ਹਨ। ਸਾਡੇ ਰੱਬ ਦੇ ਪਿਆਰਿਆਂ ਨੇ ਲਿਖੇ ਨੇ। ਅਸਾਂ ਤੁਸਾਂ ਨਹੀਂ। ਉਹਨਾਂ ਲੋਕਾਂ ਨੇ ਨਹੀਂ ਜਿਨ੍ਹ ਅਜ ਦੇ ਵਕਤ ਨਾਲ ਭੇਖ ਧਾਰਨ ਕੀਤਾ ਹੈ। ਸਾਡਾ ਕੀ ਈਮਾਨ ਹੈ? ਸਾਡਾ ਕੀ ਧਰਮ ਹੈ? ਸਾਡਾ ਮਜ਼ਹਬ ਕੀ ਹੈ? ਸਾਡਾ ਈਮਾਨ ਮਤਲਬ ਧਰਮ। ਕਦੇ ਤੁਸੀਂ ਇਹ ਵਿਚਾਰ ਕਰਕੇ ਦੇਖਿਆ ਕਿ ਕਿਸ ਧਰਮ ਵਿਚ ਅਸੀਂ ਪਲ ਰਹੇ ਹਾਂ? ਕਦੇ ਝਾਤੀ ਮਾਰੋ ਸਾਰੇ ਆਪਣੇ ਅੰਦਰ। ਇਹ ਨਹੀਂ ਚੰਦ ਸ਼ਰਾਰਤੀ ਲੋਕਾਂ ਦੀਆਂ ਗੱਲਾਂ ਸੁਣ ਕੇ ਤੁਸੀਂ ਲੋਕ ਮਗਰ ਲਗ ਜਾਉ। ਤੁਸੀਂ ਉਹਦੇ ਮਗਰ ਲਗੋ ਜਿਹੜਾ ਤੁਹਾਡੇ ਮਗਰ ਲਗੇ। ਜਾਂ ਕਿਸੇ ਦੇ ਹੋ ਜਾਉ ਜਾਂ ਕਰ ਲਵੋ। ਅੰਨੇ ਇਕਠੇ ਹੋ ਕੇ ਮਿੱਟੀ ਉਡਾ ਦੇਣ ਤਾਂ ਸਿਰ ਵਿਚ ਹੀ ਪਵੇਗੀ।

***ਕੂਕੜਾਂ ਖੇਹ ਉਡਾਈ ਭੌ ਚੋ ਆਪਣੇ ਸਿਰ ਪਾਈ।।***

***।। ਕੁੱਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।।***

ਕੁੱਤੇ ਨੂੰ ਜੇ ਰਾਜ ਭੀ ਮਿਲ ਜਾਏ ਤਾਂ ਫਿਰ ਵੀ ਜਿਹੜੀ ਉਹਦੀ ਆਦਤ ਚੌਕਿਆਂ ਨੂੰ ਸੁੰਘਣ ਦੀ ਹੈ, ਉਹ ਖਤਮ ਨਹੀਂ ਹੋ ਸਕਦੀ। ਕਿਸੇ ਆਜੜੀ ਦੀ ਲੜਕੀ ਦਾ ਸੋਹਣਾ ਹੁਸਨ ਦੇਖਕੇ ਉਸ ਤੇ ਇਕ ਰਾਜਾ ਮੋਹਿਤ ਹੋ ਗਿਆ। ਉਸ ਨਾਲ ਉਸ ਨੇ ਸ਼ਾਦੀ ਕਰ ਲਈ। ਜਦ ਘਰ ਲੈ ਆਇਆ - ਸਮਾਂ ਬੀਤ ਗਿਆ ਉਹ ਕੀ ਕਰੇ, ਜਿਹੜੀ ਲੜਕੀ ਸੀ ਉਹ ਜਦ ਵੀ ਅੰਦਰ ਆਏ ਤਾਂ ਉਹਦਾ ਮੂੰਹ ਹਿਲਦਾ ਹੋਵੇ, ਬਾਹਰ ਜਾਵੇ ਤਾਂ ਉਹਦਾ ਮੂੰਹ ਹਿਲੇ ਕਿਤੇ ਖਲੋਵੇ ਤਾਂ ਉਹਦਾ ਮੂੰਹ ਹਿਲੇ। ਜਿਹੜਾ ਵੀ ਕੰਮ ਕਰੇ ਤਾਂ ਉਹਦਾ ਮੂੰਹ ਹਿਲਦਾ ਹੋਵੇ। ਰਾਜਾ ਬੜਾ ਪਰੇਸ਼ਾਨ ਹੋਇਆ। ਕਹਿਣ ਲੱਗਾ ਰਾਣੀ

ਕੀ ਤੈਨੂੰ ਭੁੱਖ ਲਗਦੀ ਹੈਂ? ਤੂੰ ਹਰ ਵੇਲੇ ਕੋਈ ਨਾ ਕੋਈ ਚੀਜ਼ ਮੂੰਹ ਵਿਚ ਪਾਈ ਰਖਦੀ ਏਂ, ਉਹ ਕਹਿਣ ਲੱਗੀ ਨਹੀਂ। ਫਿਰ ਰਾਜਾ ਕਹਿਣ ਲਗਾ, ਫਿਰ ਵੀ। ਉਸ ਨੇ ਆਪਣੀ ਖੁਫੀਆ ਫਫੇਕੁਟਣੀ, ਪੁਰਾਣੇ ਲੋਕ ਫਫ਼ੇਕੁਟਣੀ ਆਖਦੇ ਸਨ, ਭੇਦ ਲੈਣ ਵਾਲੇ ਨੂੰ, ਭੇਦ ਲੈ ਕੇ ਅਗਾਂਹ ਦਸਣ ਵਾਲੇ ਨੂੰ - ਅਜ ਕਲ ਉਸ ਨੂੰ ਸੀ ਆਈ ਡੀ ਦਾ ਏਜੰਟ ਆਖਦੇ ਹਨ। ਲਫਜ਼ਾਂ ਦਾ ਫਰਕ ਹੈ। ਤਬਦੀਲੀ ਹੋਈ ਕਰਮ ਦੇ ਨਾਲ - ਸਮੇਂ ਨਾਲ ਲਿਆਕਤ ਦੇ ਨਾਲ, ਜ਼ਬਾਨ ਦੇ ਨਾਲ, ਉਹਨੇ ਕਿਹਾ ਪਤਾ ਕਰੋ ਕਿ ਕਰਦੀ ਕੀ ਏ? ਫਫੇਕੁਟਣੀ ਨੇ ਉਸਦਾ ਪਿਛਾ ਕੀਤਾ। ਜਿਥੇ ਪੁਰਾਣੇ ਜ਼ਮਾਨੇ ਦੇ ਕਿਲੇ ਹੁੰਦੇ ਸਨ, ਅਜੇ ਵੀ ਜਾ ਕੇ ਦੇਖੋ ਉਥੇ ਆਲੇ ਬਹੁਤ ਮਿਲਣਗੇ ਨਿਕੇ ਨਿਕੇ। ਓਦੋਂ ਕੀ ਹੁੰਦਾ ਸੀ ਕਿ ਹਰ ਆਲੇ ਦੇ ਵਿਚ ਸਰੋਂ ਦੇ ਤੇਲ ਦਾ ਦੀਵਾ ਜਗਾਇਆ ਜਾਂਦਾ ਸੀ ਰੌਸ਼ਨੀ ਵਾਸਤੇ - ਮਿਸਾਲੋਂ ਲਾਈਆਂ ਜਾਂਦੀਆਂ ਸਨ। ਉਸ ਰਾਣੀ ਨੇ ਕਿਸੇ ਆਲੇ ਵਿਚ ਰੋਟੀ ਦਾ ਪੀਸ ਧਰਿਆ ਹੋਣਾ, ਕਿਤੇ ਸੇਬ ਫਰੂਟ ਰਖੇ ਹੋਣੇ, ਕਿਤੇ ਕੁਛ, ਕਿਤੇ ਕੁਛ ਖਾਣ ਵਾਲੀਆਂ ਚੀਜ਼ਾਂ ਰਖੀਆਂ ਹੋਣੀਆਂ। ਬਾਦਸ਼ਾਹ ਨੂੰ ਜਦੋਂ ਸਾਰੀ ਸੀ ਆਈ ਡੀ ਦੀ ਰਿਪੋਰਟ ਮਿਲੀ ਤਾਂ ਬਾਦਸ਼ਾਹ ਨੇ ਰਾਣੀ ਨੂੰ ਬੁਲਾਇਆ ਤਾਂ ਆਖਣ ਲਗੇ ਕਿਉਂ ਰਾਣੀ ਤੂੰ ਜਾਤ ਦੀ ਮਜ੍ਹਬਣ ਹੈਂ, ਮਰਾਸੀ ਹੈਂ, ਆਖਣ ਲਗੀ ਹਾਂ। ਅਸੀਂ ਜਾਤ ਦੇ ਮਰਾਸੀ ਹਾਂ। ਸਾਡੀ ਮੰਗ ਖਾਣੀ ਕੌਮ ਹੈ। ਜਿਥੋਂ ਮੰਗਿਆ ਉਥੇ ਬੈਠ ਕੇ ਖਾ ਲਿਆ। ਘਰ ਘਰ ਦਾ ਸਵਾਦ ਪਿਆ ਹੋਇਆ ਹੈ। ਥੋੜੀ ਥੋੜੀ ਚੀਜ਼ ਖਾਣ ਨੂੰ ਮਿਲਦੀ ਹੈ, ਸਬਰ ਨਾਲ ਬੈਠ ਕੇ ਖਾਧੀ ਨਹੀਂ ਜਾਂਦੀ। ਇਸ ਕਰਕੇ ਥੋੜੀ ਥੋੜੀ ਚੀਜ਼ ਮੈਂ ਖਾਂਦੀ ਰਹਿੰਦੀ ਹਾਂ ਜਿਸ ਨਾਲ ਮੇਰਾ ਧਿਆਨ ਲਗਾ ਰਹਿੰਦਾ ਹੈ, ਬਾਦਸ਼ਾਹ ਨੂੰ ਚੇਤਾ ਆ ਗਿਆ ਉ.... ਹੋ ਚਿੱਟਾ ਰੰਗ ਦੇਖਿਆ ਹੈ ਪਰ ਇਸ ਦੀ ਅੰਦਰਲੀ ਨਸਲ ਨਹੀਂ ਦੇਖੀ। ਇਸ ਦੀ ਜਾਤ ਨਹੀ ਦੇਖੀ। ਇਸ ਦਾ ਕਰਮ ਨਹੀਂ ਦੇਖਿਆ। ਇਸ ਤਰ੍ਹਾਂ ਹੀ ਗੁਰੂ ਮਹਾਰਾਜ ਜੀ ਮਿਸਾਲ ਨੂੰ ਇਸ ਢੰਗ ਨਾਲ ਜੋੜਦੇ ਹਨ ਕਿ ਇਹ ਮਨ ਵੀ ਉਸੇ ਤਰ੍ਹਾਂ ਭੋਰਾ ਭੋਰਾ ਮੰਗਣ ਵਿਚ ਲਗਿਆ ਹੋਇਆ ਹੈ। ਇਸ ਸਰੀਰ ਵਿਚ ਆਲੇ ਬਣੇ ਨੇ ਨੌਂ। ਦੋ ਅੱਖਾਂ ਦੇ, ਦੋ ਕੰਨਾਂ ਦੇ, ਦੋ ਨੱਕ ਦੇ, ਇਕ ਮੁਖ ਦਾ, ਇਕ ਇੰਦਰੀ ਤੇ ਗੁਦਾ ਦਾ। ਇਹਦੇ ਵਖੋ ਵਖ ਰਸ ਨੇ, ਵਖੋ ਵਖ ਸਵਾਦ ਹੈ। ਪਰ ਮਨ ਉਸ ਨਾਰੀ ਵਾਂਗੂ ਉਸ ਔਰਤ ਵਾਂਗੂ ਖਾਣ ਵਿਚ ਲਗਾ ਹੋਇਆ ਹੈ। ਆਤਮਾ ਨਾਲ ਵਰ ਲੈ ਬੈਠਾ ਹੈ। ਦੇਵੀ ਵੀ ਨਾਰੀ ਹੈ - ਆਤਮਾ ਵੀ ਨਾਰੀ ਹੈ।

*।।ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ।।*

ਤੀਸਰੀ ਪਾਤਸ਼ਾਹੀ ਸਾਹਿਬ ਜੀ ਦੀ ਬਾਣੀ ਹੈ ਕਿ ਆਪਣਾ ਮੂਲ ਪਛਾਣੋ। ਆਪਣਾ ਖਿਆਲ ਕਰੋ। ਮਨ ਛੋਟੀਆਂ ਛੋਟੀਆਂ ਚੀਜ਼ਾਂ ਵਿਚ ਲਗਾ ਹੋਇਆ ਹੈ, ਬੈਠੇ ਇਥੇ ਹਾਂ ਧਿਆਨ ਸਾਡਾ ਪਿਛੇ ਲਗਾ ਹੋਇਆ ਹੈ ਘਰ ਜਾਣਾ ਨੂੰ। ਕਿਸੇ ਦਾ ਨਸ਼ਾ ਟੁਟਿਆ ਹੋਣਾ, ਕਿਉਂਕਿ ਅਜੇ ਛਡਿਆ ਨਹੀਂ ਟਾਈਮ ਲਗ ਜਾਵੇਗਾ, ਕਲ ਛੁਟੀ ਹੈ, ਕਿਸੇ ਦੋਸਤ ਸਜਣ ਮਿਤਰ ਨੇ ਘਰ ਆਣਾ ਸੀ, ਬੂਹੇ ਖੁਲ੍ਹੇ ਰਹਿ ਗਏ, ਕੋਈ ਚੋਰ ਨਾ ਲੁਟ ਕੇ ਲੈ ਜਾਵੇ। ਕਈ ਜਗਿਆਸੂ ਜੀਵ ਸੰਤਾਂ ਕੋਲ ਫਸੇ ਹੀ ਆ ਜਾਂਦੇ ਹਨ। ਐਵੇਂ ਹੀ ਚਲੋ ਦੇਖ ਆਉਂਦੇ ਹਾਂ, ਉਹ ਵੇਖਣਾ ਕੀ ਏ ਉਹਨਾਂ ਨੂੰ ਸੰਤਾਂ ਨੂੰ ਕੀ ਦੇਖਣਾ? ਉਹ ਤਾਂ ਦੁਨੀਆਂ ਤੇ ਸਤਿਯੁਗ ਤੋਂ ਲੈ ਕੇ ਕਲਯੁਗ ਤਕ ਸੰਤਾਂ ਨੂੰ ਲੋਕ ਦੇਖਦੇ ਆ ਰਹੇ ਨੇ - ਅਜ ਤਕ ਨਹੀਂ ਦੇਖੇ ਗਏ। ਸੰਤਾਂ ਦਾ ਭੇਦ ਵੇਦਾਂ ਕਤੇਬਾਂ ਨੇ ਨਹੀਂ ਜਾਣਿਆ। ਤੁਹਾਡੀਆਂ ਅੱਖਾਂ ਜਿਹੜੀਆਂ ਆਪਣੇ ਆਪ ਨੂੰ ਨਹੀਂ ਪਛਾਣ ਸਕਦੀਆਂ ਤੁਸੀਂ ਉਹਨਾਂ ਨੂੰ ਕੀ ਪਹਿਚਾਣ ਸਕਦੇ ਹੋ। ਹਾਂ ਇਨ੍ਹਾਂ ਕੁ ਅਸੀ ਜ਼ਰੂਰ ਕਹਿੰਦੇ ਹਾਂ ਕਿ ਉਨ੍ਹਾਂ ਦੀ ਆਵਾਜ਼ 'ਚ ਬੁਲੰਦੀ ਹੈ। ਤਲੀਆਂ ਤੇ ਸਿਰ ਧਰਿਆ ਹੁੰਦਾ ਉਹਨਾਂ ਨੇ । ਉਹ ਪ੍ਰਵਾਹ ਨਹੀਂ ਕਰਦੇ ਕਿਸੇ ਕੌਮ ਦੀ ਵੀ ਇਹ ਮਨ ਇਸ ਕਾਇਆ ਰੂਪੀ ਨਾਰੀ ਆਤਮਾ ਤੇ ਮੋਹਤ ਹੋ ਗਿਆ ਹੈ। ਉਸ ਨੂੰ ਆਪਣੇ ਵਰਗਾ ਬਣਾਇਆ ਜ਼ਰੂਰ ਮਗਰ ਉਹ ਬਣ ਨਹੀ ਸਕਦੀ। ਜਿਸ ਤਰ੍ਹਾਂ ਰਾਜੇ ਨੂੰ ਰਾਣੀ ਦਾ ਰੰਗ ਨਹੀਂ ਚੜ੍ਹਿਆ - ਇਸ ਤਰ੍ਹਾਂ ਰਾਣੀ ਨੂੰ ਉਸਦਾ ਰੰਗ ਨਹੀਂ ਚੜ੍ਹ ਸਕਦਾ। ਆਤਮਾ ਵਜ਼ੀਰ ਹੈ - ਪ੍ਰਮਾਤਮਾ ਬਾਦਸ਼ਾਹ ਹੈ। ਜਿਸ ਬਾਦਸ਼ਾਹ ਦਾ ਵਜ਼ੀਰ ਕਾਬਿਲ ਹੋਵੇ, ਉਸ ਨੂੰ ਕਦੇ ਸ਼ਿਕਸਤ ਨਹੀਂ ਮਿਲਦੀ ਤੇ ਈਰਖਾ, ਜੈਲਸੀ, ਨਫਰਤ, ਇਨਸਾਨ ਨੂੰ ਤਬਾਹ ਕਰ ਦਿੰਦੀ ਹੈ। ਉਸਦੀ ਮਿਸਾਲ ਵੀ ਗੁਰੂ ਪੰਚਮ ਪਾਤਸ਼ਾਹ ਜੀ ਦੇ ਮਜਮੂਨ ਨਾਲ ਦੇ ਰਹੇ ਹਾਂ। ਗੁਰੂ ਸਾਹਿਬ ਦੀ ਭੇਟ ਇਕ ਤੇਜ ਜਾਤ ਵਾਲਾ ਕਾਣਾ ਘੋੜਾ ਆਇਆ। ਇਕ ਅੱਖ ਵਾਲਾ ਤੇਜ ਜਾਤ - ਸਭ ਤੋਂ ਉੱਚੀ ਘੋੜਿਆਂ ਦੀ ਹੁੰਦੀ ਹੈ। ਤੇਜ ਜਾਤ ਉਸ ਨੂੰ ਕਿਹਾ ਜਾਂਦਾ ਜਿਸ ਤਰ੍ਹਾਂ ਸਾਡੇ ਇਥੇ (Surname) ਹੈ ਇਸ ਤਰ੍ਹਾਂ ਘੋੜਿਆਂ ਦਾ ਸਰਨੇਮ ਹੈ ਤੇਜ। ਤੇਜ ਕੀ - ਉਹ ਹਵਾ ਵਾਂਙੂ ਦੌੜਦਾ ਹੈ। ਹਵਾ ਵਾਂਗ ਟਪੂਸੀਆਂ ਮਾਰਦਾ ਹੈ। ਬਾਦਸ਼ਾਹ ਨੇ ਘੋੜਾ ਖਰੀਦਿਆ। ਘੋੜਾ ਬਹੁਤ ਚੰਗਾ ਸੀ ਪਰ ਇਕ ਅੱਖ ਤੋਂ ਕਾਣਾ ਸੀ। ਤੇ ਕਹਾਵਤ ਬਣੀ ਹੋਈ ਏ ਕਿ ਕਿਸੇ ਆਦਮੀ ਨੂੰ ਕਹੋ ਕਿ ਉਹ ਕਾਣਿਆ ਮੇਰੀ ਗੱਲ ਸੁਣ ਜਾ ਉਹ ਅਗੋਂ ਗਾਲਾਂ ਕਢਦਾ ਕਰੋਧ ਵਿਚ ਆਉਂਦਾ, ਗੁੱਸਾ ਕਰਦਾ, ਉਹ ਕਹਿੰਦਾ ਤੇਰੀ ਮਾਂ ਕਾਣੀ, ਤੇਰਾ ਪਿਉ ਕਾਣਾ, ਤੇਰਾ ਫਲਾਣਾ ਕਾਣਾ ਤੇਰਾ ਢੀਂਗੜਾ ਕਾਣਾ। ਤੂੰ ਮੈਨੂੰ ਕਾਣਾ ਕਿਉਂ ਆਖਿਆ? ਜੇ ਉਸ ਨੂੰ ਬੁਲਾ ਕੇ ਪੁੱਛੋ ਕਿ ਭਾਈ ਤੇਰੀ ਅੱਖ ਕਿਸ

ਤਰ੍ਹਾਂ ਖਰਾਬ ਹੋ ਗਈ - ਉਹ ਪਿਆਰ ਨਾਲ ਦਸੇਗਾ ਕਿ ਬਚਪਨ ਵਿਚ ਮੈਨੂੰ ਚੇਚਕ ਹੋ ਗਈ ਸੀ ਤਾਂ ਅੱਖ ਬੰਦ ਹੋ ਗਈ ਹੈ। ਮੈਂ ਕੰਮ ਕਰਦਾ ਡਿਗ ਪਿਆ - ਕੋਈ ਚੀਜ਼ ਵਜ ਗਈ ਤਾਂ ਅਖ ਖਰਾਬ ਹੋ ਗਈ ਹੈ। ਇਸ ਕਰਕੇ ਕਾਣੇ ਹੋ ਗਏ ਹਾਂ। ਇਸੇ ਤਰ੍ਹਾਂ ਹੀ ਉਹ ਤੇਜ ਘੋੜਾ ਦੌੜਦਾ ਸੀ ਬੜੀ ਮਦਦ ਕਰਦਾ ਸੀ ਬਾਦਸ਼ਾਹ ਦੀ ਜੰਗ ਦੇ ਵਿਚ। ਉਹਨੂੰ ਜਦੋਂ ਕਿਤੇ ਘੋੜੇ ਦੀ ਜ਼ਰੂਰਤ ਹੋਣੀ। ਉਹਨੇ ਕਾਣਾ ਕਹਿਕੇ ਆਵਾਜ਼ ਮਾਰਨੀ। ਘੋੜੇ ਨੂੰ ਗੁੱਸਾ ਆ ਗਿਆ ਤੇ ਕਹਿਣ ਲੱਗਾ ਯਾਰ ਇਹ ਬਾਦਸ਼ਾਹ ਚੰਗਾ ਹੈ। ਮੈਂ ਏਨਾਂ ਚੰਗਾ ਹਾਂ - ਮੇਰੇ ਏਨੇ ਗੁਣ ਚੰਗੇ ਨੇ, ਮੈਨੂੰ ਹਰ ਵਾਰ ਕਾਣਾ ਕਹਿ ਜਾਂਦਾ ਹੈ। ਕਹਿੰਦਾ ਕੋਈ ਨਹੀਂ ਕਿਤੇ ਫਸ ਗਿਆ ਤਾਂ ਰਗੜਾ ਤੈਨੂੰ ਚੰਗੀ ਤਰ੍ਹਾਂ ਲਾਊਂ। ਜਾਨਵਰ ਵਿਚ ਈਰਖਾ ਆ ਗਈ। ਜਿਸ ਤਰ੍ਹਾਂ ਕਹਾਵਤ ਬਣੀ ਏ ਕਿ ਊਠ ਜਿਸ ਨੂੰ ਅਸੀ ਡਾਚੀ ਆਖਦੇ ਹਾਂ, ਅਗਰ ਉਹਨੂੰ ਕੋਈ ਇਕ ਸੋਟੀ ਮਾਰ ਦੇਵੇ ਤਾਂ ਉਹ ਗੁੱਸੇ ਦੇ ਨਾਲ ਉਸਦਾ ਖਹਿੜਾ ਨਹੀਂ ਛਡਦਾ। ਜਦੋਂ ਵੀ ਮੌਕਾ ਮਿਲੇ ਕਦੇ ਪਿਛਾ ਨਹੀਂ ਛਡਦਾ। ਇਕ ਸੱਪ, ਇਕ ਊਠ ਇਹ ਜ਼ਰੂਰ ਬਦਲਾ ਲੈਂਦੇ ਹਨ। ਇਕ ਮੱਝ ਦਾ ਸੰਢਾ - ਉਹ ਸੰਢਾ ਨਹੀਂ ਜਿਸ ਨੂੰ ਅਸੀਂ ਐਤਵਾਰ ਆਖਦੇ ਹਾਂ। ਉਹ ਵੀ ਸੋਟੀ ਮਾਰਨ ਤੇ ਆਪਣਾ ਬਦਲਾ ਲੈਣੋਂ ਨਹੀਂ ਹਟਦਾ। ਸੂਰ ਵੀ ਬਦਲਾ ਲੈਣੋਂ ਨਹੀਂ ਮੁੜਦਾ - ਜਿਹੜਾ ਜੰਗਲ ਦਾ ਹੁੰਦਾ ਹੈ। ਇਤਫ਼ਾਕ ਐਸਾ ਹੋਇਆ ਕਿ ਮੁਲਖ ਤੇ ਹਮਲਾ ਹੋ ਗਿਆ। ਬਾਦਸ਼ਾਹ ਨੇ ਆਵਾਜ਼ ਦਿੱਤੀ, ਕਾਣੇ ਘੋੜੇ ਨੂੰ ਲਿਆਂਦਾ ਜਾਏ। ਜਦੋਂ ਕਾਣਾ ਘੋੜਾ ਲੈਣ ਵਾਸਤੇ ਗਏ ਤਾਂ ਘੋੜੇ ਦੇ ਦਿਮਾਗ ਵਿਚ ਕੀ ਖਿਆਲ ਆ ਗਿਆ ਕਿ ਅਜ ਵਾਰੀ ਆ ਗਈ ਬਦਲਾ ਲੈਣ ਦੀ। ਜਦੋਂ ਬਾਦਸ਼ਾਹ ਉਪਰ ਬੈਠਿਆ ਇਕ ਦਮ ਘੋੜਾ ਦੌੜਿਆ ਰਣਭੂਮੀ ਵਿਚ ਜਾ ਕੇ ਜਾਮ ਹੋ ਗਿਆ। ਨਸੇ ਹੀ ਨਾ। ਫੌਜ ਨੇ ਘੇਰਾ ਪਾ ਲਿਆ। ਘੋੜੇ ਨੇ ਸੋਚਿਆ ਜਦੋਂ ਘੇਰਾ ਘਤਿਆ ਗਿਆ। ਉ...ਹੋ ਇਕ ਮੈਂ ਆਪਣੇ ਬਦਲੇ ਦੀ ਅਗ ਵਾਸਤੇ ਬਾਦਸ਼ਾਹ ਨੂੰ ਮਰਵਾਉਣ ਲਗਾ ਹਾਂ। ਜਦ ਮੈਂ ਹਾਂ ਹੀ ਕਾਣਾ ਤਾਂ ਹੀ ਤਾਂ ਮੈਨੂੰ ਕਾਣਾ ਕਿਹਾ ਗਿਆ। ਅਗਰ ਅਜ ਮੈਂ ਇਕ ਬਦਲੇ ਦੀ ਅਗ ਵਿਚ ਆਪਣੇ ਇਕ ਸਵਾਰ ਜਾਂ ਬਾਦਸ਼ਾਹ ਨੂੰ ਮਰਵਾ ਦੇਂਦਾ ਹਾਂ। ਭਲਕੇ ਮੇਰੀ ਨਸਲ ਦਾ ਘੋੜਾ ਕੋਈ ਨਹੀਂ ਖਰੀਦੇਗਾ। ਕਿਉਂ ਮੈਂ ਆਪਣੀ ਕੁਲ ਨੂੰ ਦਾਗ ਲਾਵਾਂ।

***।।ਕੁਲ ਕਲੰਕ ਨਾ ਟਲੇ ਜਾਤਿ ਸੁਭਾ ਨਾ ਜਾਇ।।***

***।।ਚਿੱਟੀ ਚਾਦਰ ਲਗਿਆ, ਦਾਗ ਕਿਸੇ ਨੇ ਧੋਣਾ ਨਹੀਂ।।***

***।।ਆਪਣਾ ਰੋਣਾ ਹਰ ਕੋਈ ਰੋਸੀ ਪਰ ਤੈਨੂੰ ਕਿਸੇ ਨੇ ਰੋਣਾ ਨਹੀਂ।।***

ਉਹ ਕਹਿੰਦਾ ਤੂੰ ਆਪਣੇ ਕਾਣੇ ਦੀ ਭਾਵਨਾ ਦੇ ਬਦਲੇ ਵਿਚ ਆਪਣੀ ਕੁਲ ਨੂੰ ਆਪਣੀ ਅੰਸ਼ ਨੂੰ ਆਪਣੀ ਜਾਤ ਨੂੰ ਆਪਣੀ ਨਸਲ ਨੂੰ, ਦਾਗ ਲਵਾ ਚਲਿਆਂ ਕਿ ਭਲਕੇ ਤੈਨੂੰ ਖਰੀਦਕੇ ਕੋਈ ਸਵਾਰ ਕੋਈ ਬਾਦਸ਼ਾਹ ਤੇਰੇ ਤੇ ਬੈਠ ਨਾ ਸਕੇ। ਤੇਰਾ ਮੁਲ ਨਾ ਪਵੇ। ਆਪਣਾ ਮੂਲ ਪਛਾਣ ਆਪਣੇ ਮੂਲ ਨੂੰ ਜਾਣ। ਆਪਣੇ ਮੂਲ ਨੂੰ ਸਮਝ ਤੂੰ ਕੀ ਏ? ਉਸ ਨੇ ਐਸੀ ਚੁੰਘੀ ਮਾਰੀ ਕਿ ਬਾਦਸ਼ਾਹ ਨੂੰ ਬਚਾ ਕੇ ਵਾਪਸ ਆਪਣੇ ਮਹੱਲ ਵਿਚ ਲੈ ਆਂਦਾ। ਉਹਦੀ ਉਮਰ ਵਧ ਗਈ। ਬਦਲੇ ਵਿਚ ਈਰਖਾ ਵਿਚ ਨਫਰਤ ਦੇ ਵਿਚ ਰਾਮ ਨੂੰ ਅਵਤਾਰ ਲੈਣਾ ਪੈ ਗਿਆ ਕ੍ਰਿਸ਼ਨ ਬਣ ਕੇ। ਬਦਲੇ ਵਿਚ ਈਰਖਾ ਵਿਚ, ਕੋਈ ਵੀ ਕੰਮ ਸਫਲ ਨਹੀਂ ਹੈ। ਫਾਇਦਾ ਨਹੀਂ ਉਸ ਨਾਲੋਂ Better than ਅਛਾ ਇਹੋ ਹੀ ਹੈ, ਚੰਗਾ ਇਹੋ ਹੀ ਹੈ, ਵਧੀਆ ਇਹੋ ਹੀ ਹੈ ਕਿ ਉਹ ਕੰਮ ਹੀ ਨਾ ਕਰੋ। ਪਾਣੀ ਉਬਲਦਾ ਹੈ, ਕੌਣ ਹਥ ਪਾਊ? ਪਾਣੀ ਉਬਲਦੇ ਨਾਲ ਕੌਣ ਨਹਾਊ? ਪਾਣੀ ਉਬਲਦੇ ਨਾਲ ਕੀ ਕੰਮ ਕਰੋਗੇ? ਕ੍ਰੋਧ ਤੁਹਾਡਾ ਕਿਸ ਕੰਮ ਆਉਣਾ ਹੈ? ਤੁਹਾਡਾ ਹਠ ਕਿਸ ਕੰਮ ਆਉਣਾ ਹੈ? ਤੁਹਾਡੇ ਪਿਆਰ ਦੀ ਸਟੇਜ ਹੈ। ਗੁਰੂ ਸਟੇਜ, ਗੁਰੂ ਪ੍ਰੇਮ, ਉਹ ਪ੍ਰੇਮ ਰਾਮ ਨਾਮ ਦਾ। ਜੱਗ ਮੈਂ ਚਾਰ ਰਾਮ ਹੈਂ। ਤੀਨ ਰਾਮ ਬਿਉਹਾਰ।

***।।ਏਕ ਰਾਮ ਦਸਰਥ ਕਾ ਬੇਟਾ, ਏਕ ਰਾਮ ਘਟ ਘਟ ਮਹਿ ਲੇਟਾ।।***

***।।ਏਕ ਰਾਮ ਕਾ ਸਗਲ ਪਸਾਰਾ ਏਕ ਰਾਮ ਜਗ ਮਹਿ ਨਿਆਰਾ।।***

***ਕੋਈ ਬੋਲੇ ਰਾਮ ਰਾਮ, ਕੋਈ ਖੁਦਾਇ।।***

***ਕੋਈ ਸੇਵਹਿ ਗੁਸਈਆ, ਕੋਈ ਅਲਾਇ।।***

ਗੁਰੂ ਗ੍ਰੰਥ ਸਾਹਿਬ ਰੱਬੀ ਪ੍ਰਕਾਸ਼ ਹੈ। ਰੱਬੀ ਬਾਣੀ ਹੈ। ਭਗਤਾਂ ਪੀਰਾਂ ਪੈਗੰਬਰਾਂ ਦੀ ਉਸ ਦੇ ਵਿਚ ਹਰ ਪ੍ਰਕਾਰ ਦੀ ਬ਼ਾਣੀ ਦਾ ਜੋ ਰੂਪ ਹੈ ਉਹ ਅਜਰ ਅਮਰ ਹੈ। ਬਾਣੀ ਦੇ ਵਾਸਤੇ ਉਪਰ ਅਸਾਂ ਅਰਜ ਕੀਤੀ ਹੈ। ਪਿਛੇ ਸਤਿਸੰਗਾਂ ਵਿਚ ਕਿਹਾ ਸੀ

***ਇਕੋ ਸਿਮਰੀਏ ਨਾਨਕਾ ਜੋ ਜਲ ਥਲ ਰਹਿਆ ਸਮਾਇ।।***

***ਦੂਜਾ ਕਾਹੇ ਸਿਮਰੀਐ ਜੋ ਜੰਮੇ ਤੇ ਮਰ ਜਾਇ।।***

ਦੂਜੇ ਨੂੰ ਕੀ ਧਿਆਉਣਾ ਇਕੋ ਨਾਲ ਹੀ - ਉਹ ਇਕ ਜਿਹੜਾ ਸਾਡੇ ਅੰਦਰ ਬਹੁ ਰੂਪੀ ਹੋ ਕੇ ਬੈਠਾ ਹੋਇਆ ਹੈ। ਬਹੁਤਿਆਂ ਨਾਵਾਂ ਵਾਲਾ। ਰਵੀ MEANS ਵੀ ਸੂਰਜ ਹੈ। ਦੈਨਿਕ MEANS ਵੀ ਸੂਰਜ ਹੈ। ਪਰ ਸੂਰਜ ਫਿਰ ਸੂਰਜ ਹੈ। ਸੂਰਜ ਦਾ ਪ੍ਰਕਾਸ਼ ਮਹਿਸੂਸ ਕੀਤਾ ਜਾ ਸਕਦਾ ਹੈ ਕਾਹਦੇ ਤੇਂ? ਤਨ ਤੇ, ਕਿੰਨੀ ਹੀਟ ਹੈ,

ਪਾਣੀ ਵਿਚ ਨਹੀਂ - ਪਾਣੀ ਵਿਚ ਪ੍ਰਤੀਬਿੰਬ ਉਹਦਾ ਪ੍ਰਕਾਸ਼ ਉਸਦਾ ਰੂਪ ਥਾਲੀ ਵਰਗਾ ਨਜ਼ਰ ਆਵੇਗਾ। ਉਪਰੋਂ ਪਾਣੀ ਗਰਮ ਕਰੇਗਾ। ਪਰ ਹੇਠਾਂ ਤੁਸੀਂ ਚੁਭੀ ਮਾਰ ਕੇ ਦੇਖੋ ਠੰਡਾ ਨਜ਼ਰ ਆਵੇਗਾ। ਆਮ ਇਹ ਅਭਿਆਸੀ ਸਾਡਾ ਜੀਵਨ ਹੈ। ਜਦੋਂ ਆਪਣੇ ਬਚਪਨ ਵਿਚ ਆਪਣੇ ਕਿਤੇ ਪੰਜਾਬ ਦੇ ਕਿਸੇ ਛਪੜ ਜਾਂ ਦਰਿਆ 'ਚ ਇਸਨਾਨ ਕਰਨਾ ਵਗਦੇ ਪਾਣੀ ਵਿਚ ਨਹੀਂ ਖਲੋਤੇ ਪਾਣੀ ਵਿਚ, ਤਾਂ ਉਪਰੋਂ ਪਾਣੀ ਗਰਮ ਤੇ ਹੇਠੋਂ ਠੰਡਾ ਹੁੰਦਾ ਹੈ। ਅਜ ਵੀ ਪਾਣੀ ਭਰ ਲਵੋ ਉਤੋਂ ਗਰਮ ਹੋ ਜਾਵੇਗਾ। ਪਰ ਥਲੇ ਚੁਭੀ ਮਾਰੋ ਠੰਡਾ ਮਹਿਸੂਸ ਹੋਵੇਗਾ। ਅਜ ਵੀ ਇਹ ਹਿਸਾਬ ਹੈ। ਠੰਡ ਦੇ ਵਿਚ ਉਤੋਂ ਠੰਡਾ ਹੋਵੇ ਗਾ। ਪਰ ਥਲੇ ਚੁਭੀ ਮਾਰੋ ਤੇ ਨਿਘਾ ਹੋਵੇਗਾ। ਸਾਰੇ ਪੰਜਾਬ ਵਿਚ ਜਾਂ ਹਿੰਦੁਸਾਤਨ ਵਿਚ ਨਲਕੇ ਗੇੜ ਕੇ ਨਹਾਇਆ ਜਾਂਦਾ ਹੈ। ਕਹਿੰਦੇ ਹਨ ਕਿ ਪਾਣੀ ਕੋਸਾ ਕੋਸਾ ਹੈ। ਫਟਾ ਫਟ ਨਹਾ ਲਵੋ। ਟਿਊਬਵੈਲ ਦਾ ਪਾਣੀ ਕੋਸਾ ਹੁੰਦਾ ਹੈ। ਇਹ ਧਰਤੀ ਕਿੰਨਾ ਨਿਘ ਦੇਂਦੀ ਹੈ - ਕਿੰਨੀ ਗਰਮਾਇਸ਼ ਹੈ। ਕਿੰਨਾ ਬੋਝ ਚੁਕਿਆ ਹੈ ਇਸ ਨੇ ਪਾਪ ਦਾ, ਚੋਰਾਂ ਦਾ, ਠਗਾਂ ਦਾ, ਸਾਧੂਆਂ ਦਾ ਸੰਤਾਂ ਦਾ, ਪੀਰਾਂ ਪੈਗੰਬਰਾਂ ਦਾ, ਅਵਤਾਰਾਂ ਦਾ ਫਿਰ ਧਰਤੀ ਹੈ। ਧਰਤੀ ਮਾਂ ਹੈ, ਕਿੰਨਾ ਨਿਘ ਹੈ। ਤੁਸੀਂ ਨਿਘ ਦੇ ਸਕਦੇ ਹੋ ਕਿਸੇ ਨੂੰ? ਕਿਸੇ ਨੂੰ ਕੁਝ ਦੇ ਸਕਦੇ ਹੋ? ਤੇ ਫਿਰ ਕਿਹੜੇ ਭਰਮ ਵਿਚ ਪੈ ਗਏ ਹੋ? ਅਸੀਂ ਸਾਰੇ। ਕਿਹੜੇ ਵਹਿਮਾਂ ਵਿਚ ਪੈ ਗਏ ਹਾਂ?

ਆਪਣੇ ਆਪ ਵਾਸਤੇ ਤਾਂ ਜਾਨਵਰ ਵੀ ਜੀ ਰਿਹਾ ਹੈ। ਅਸਾਂ ਕਿਸੇ ਵਾਸਤੇ ਜੀਉਣਾ ਹੈ। ਕਿ ਵਾਕਿਆ ਹੀ ਤੁਸੀਂ ਝਾਤੀ ਮਾਰ ਕੇ ਦੇਖ ਲਵੋ ਤੁਸੀਂ ਕਿਸੇ ਵਾਸਤੇ ਜੀ ਰਹੇ ਹੋ ਆਪਣੇ ਵਾਤਸੇ ਨਹੀਂ। ਜਾਂ ਤੁਹਾਨੂੰ ਧੀਆਂ ਦੇ ਵਿਆਹਾਂ ਦਾ ਜਾਂ ਪੁਤਰਾਂ ਦੇ ਕਾਰੋਬਾਰ ਜਾਂ ਧੀਆਂ ਪੁਤਰਾਂ ਦੇ ਨਾਲਾਇਕ ਨਿਕਲ ਆਉਣ ਦਾ ਜਾਂ ਉਹਨਾਂ ਦੇ ਕਹਿਣਾ ਨਾ ਮੰਨਣ ਦਾ ਫਿਕਰ ਲਗਾ ਹੋਇਆ ਹੈ। ਆਪਣੇ ਰਿਸ਼ਤੇਦਾਰਾਂ ਸਾਕਾਂ ਦਾ ਜਿਹੜੇ ਤੁਹਾਡੇ ਨਾਲ ਮਿਲਣਾ ਵਰਤਣਾ ਚਾਹੁੰਦੇ ਹਨ। ਤੁਸੀਂ ਉਹਨਾਂ ਨੂੰ ਭਜ ਭਜ ਮਿਲਣ ਜਾਂਦੇ ਹੋ। ਇਸ ਕਰਕੇ ਕਿ ਇਹ ਕਿਤੇ ਟੁਟ ਜਾ ਜਾਵਣ ਸਾਡੇ ਨਾਲੋਂ। ਆਖਣ ਨਾ ਕਿ ਭਾਈ ਅਜ ਇਹ ਵੱਡੇ ਹੋ ਗਏ ਨੇ ਸਾਨੂੰ ਮਿਲਦੇ ਨਹੀ ਤੁਹਾਨੂੰ ਫਿਕਰ ਲਗਾ ਹੈ ਕਿਤੇ ਤੁਸੀਂ ਰੱਬ ਦਾ ਫਿਕਰ ਕੀਤਾ? ਆਪਣੀ ਬਰਾਦਰੀ ਆਪਣੇ ਸਾਕਾਂ ਦਾ ਆਪਣੇ ਰਿਸ਼ਤੇਦਾਰਾਂ ਦਾ ਤੁਹਾਨੂੰ ਫਿਕਰ ਲਗਾ ਹੈ। ਤੁਹਾਡੀ ਇਜ਼ਤ ਸ਼ਾਨ ਹੈਗੀ, ਕਦੇ ਰਬ ਦੀ ਇਜ਼ਤ ਕਮਾ ਕੇ ਦੇਖੀ ਜੇ।

*।।ਸਾਜਨ ਸੰਤ ਕਰਹੁ ਇਹੁ ਕਾਮੁ।।*

## ।।ਆਨ ਤਿਆਗ ਜਪਹੁ ਹਰਿਨਾਮੁ।।

ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਬਿਆਨ ਕਰ ਰਹੇ ਹਨ। ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਜੀ ਬਿਆਨ ਕਰ ਰਹੇ ਹਨ:-

**ਤਾ ਕੀ ਉਪਮਾ ਕਹੀ ਨਾ ਜਾਇ, ਨਾਨਕ ਸਰਬ ਰਹਿਉ ਸਮਾਇ।।**

ਦ੍ਰਿਸ਼ਟਾਂਤ ਦੇਂਦੇ ਹਨ। ਇਸਨੂੰ ਸਾਖੀ ਤੌਰ ਤੇ ਸਮਝਾਉਂਦੇ ਹਨ ਕਿ ਹੇ ਪ੍ਰਮਾਤਮਾ ਤੇਰੀ ਉਪਮਾ ਨਹੀਂ ਕਹੀ ਜਾ ਸਕਦੀ। ਜਦ ਪ੍ਰਮਾਤਮਾ ਨੇ ਧਰਤੀ ਬਣਾਵਣ ਦਾ ਫੈਸਲਾ ਮਨ 'ਚ ਕੀਤਾ ਤਾਂ ਸਭ ਦੇਵੀ ਦੇਵਤੇ, ਪੀਰ ਫਕੀਰ, ਪੈਗੰਬਰ ਔਲੀਏ ਸਭ ਇਕਠੇ ਹੋਏ ਜਿੰਨੇ ਪ੍ਰਾਫਟ ਆਏ ਬ੍ਰਹਮਾ, ਵਿਸ਼ਨੂੰ ਮਹੇਸ਼ ਲਾ ਲਵੋ ਜਿਹੜੇ ਸਭ ਤੋਂ ਵੱਡੇ ਹਨ ਜਿਹੜਾ ਕਿ ਉਹਨਾਂ ਦਾ ਸਮਾਂ ਹੀ ਕੋਈ ਨਹੀਂ। ਗੁਰੂ ਨਾਨਕ ਸਾਹਿਬ ਨੂੰ 500 ਸਾਲ ਹੋਏ ਨੇ, ਮੁਹੰਮਦ ਸਾਹਿਬ ਨੂੰ 1400 ਸਾਲ ਹੋਏ ਨੇ, ਰਾਮ ਚੰਦਰ ਨੂੰ 15000 ਸਾਲ ਹੋਏ ਨੇ, ਤੇ ਬ੍ਰਹਮਾ ਵਿਸ਼ਨੂੰ ਦੀ ਕੋਈ ਗਿਣਤੀ ਹੈ? ਬ੍ਰਹਮਾ ਦਾ ਦੇਸ਼ ਕਿੰਨੇ ਯੁਗਾਂ ਦਾ ਹੈ। ਉਹਦਾ ਇਕ ਦਿਨ ਤੇ ਇਕ ਰਾਤ ਸਾਡੇ ਛੇ ਮਹੀਨੇ ਦੇ ਬਰਾਬਰ ਹੈ। ਬਾਰਾਂ ਬਾਰਾਂ ਸਾਲ, ਛਤੀ ਛਤੀ ਸਾਲ, ਕਿੰਨੇ ਕਿੰਨੇ ਯੁਗ ਪਲਟ ਗਏ, ਕਿੰਨੇ ਕਿੰਨੇ ਯੋਯਨ ਤੋਂ ਅਸੀਂ ਸਾਰੇ ਲੋਕ ਇਨਾਂ ਹੀ ਭੁਲ ਭੁਲਾਈਆਂ ਵਿਚ ਫਸੇ ਬੈਠੇ ਹਾਂ। ਚਕਰ ਲਾਈ ਜਾ ਰਹੇ ਹਾਂ। ਰੱਬ ਫਿਰ ਇਕ ਰੱਬ ਹੈ। ਅਸੀਂ ਉਪਰ ਵੀ ਅਰਜ ਕੀਤੀ ਹੈ। ਥਲੇ ਵੀ ਅਰਜ ਕੀਤੀ ਹੈ। ਕਰ ਵੀ ਰਹੇ ਹਾਂ। ਉਸ ਵੇਲੇ ਸ਼ੇਸ਼ ਨਾਗ ਨੇ ਭਾਵ ਨੌ ਮੁਖਾਂ ਵਾਲੇ ਸੱਪ ਨੇ ਬੇਨਤੀ ਕੀਤੀ ਕਿ ਗਰੀਬ ਨਿਵਾਜ ਮੈਂ ਧਰਤੀ ਆਪਣੇ ਸਿਰ ਉਤੇ ਚੁਕਦਾ ਹਾਂ। ਕੁਛ ਇਤਿਹਾਸ ਦਸਦਾ ਹੈ ਕਿ ਬਲਦ ਨੇ ਆਪਣੇ ਸਿੰਗ ਉਤੇ ਧਰਤੀ ਚੁਕੀ ਹੈ। ਬਲਦ ਨੇ। ਜਦ ਕੋਈ ਭੁਚਾਲ ਆਉਂਦਾ ਹੈ ਤਾਂ ਸਿੰਗ ਉਹਦੇ ਥਕ ਜਾਂਦੇ ਹਨ।

ਜਿਸ ਤਰ੍ਹਾਂ ਸਾਡੇ ਕਈ ਬਜ਼ੁਰਗ ਆਖਦੇ ਹਨ। ਸਿੰਗ ਥਕ ਜਾਂਦਾ ਫਿਰ ਇਕ ਸਿੰਗ ਤੋਂ ਦੂਸਰੇ ਸਿੰਗ ਤੇ ਲਿਆਉਂਦਾ ਹੈ। ਕੁਝ ਲੋਕ ਆਖਦੇ ਨੇ ਕਿ ਧਰਤੀ ਸੰਤਾਂ ਦੇ ਸਤ ਨਾਲ ਖੜੀ ਹੈ। ਮਹਾਰਾਜ ਜੀ ਆਖਦੇ ਹਨ ਕਿ ਸ਼ੇਸ਼ ਨਾਗ ਨੇ ਨੌ ਮੁਖਾਂ ਵਾਲਾ ਨਾਗ ਜਿਸਦੇ ਉਤੇ ਵਿਸ਼ਨੂੰ ਦਾ ਆਸਣ ਹੈ, ਜੋ ਕਿ ਲ਼ਛਮਣ ਦਾ ਰੂਪ ਲੈ ਕੇ ਸ੍ਰੀ ਰਾਮ ਚੰਦਰ ਦੇ ਨਾਲ ਭਰਾ ਬਣਕੇ ਆਏ, ਬਲਰਾਮ ਰੂਪ ਲੈ ਕੇ ਕ੍ਰਿਸ਼ਨ ਦੇ ਨਾਲ ਆਏ - ਉਹਨਾਂ ਨੇ ਆਪਣੇ ਸਿਰ ਤੇ ਬੋਝ ਉਠਾਇਆ। ਚੁਕਿਆ ਹੋਇਆ ਹੈ। ਗੁਰੂ ਅਰਜਨ ਪਾਤਸ਼ਾਹ ਦਰਖਾਸਤ ਕਰਦੇ ਨੇ, ਬੇਨਤੀ ਕਰਦੇ ਨੇ ਕਿ ਹੇ ਦਾਤਾ ਸ਼ੇਸ਼ਨਾਗ ਨੇ ਤੇਰੇ ਕੋਲੋਂ ਪੁਛਿਆ ਕਿ ਇਹੁ ਜੋ ਬੋਝ ਧਰਤੀ ਦਾ ਮੈਂ ਸਿਰ ਤੇ ਚੁਕਿਆ ਹੈ ਕਦੇ ਮੇਰੇ ਸਿਰ

ਤੋਂ ਭਾਰ ਉਤਰੇਗਾ? ਤਾਂ ਉਹ ਆਖਦੇ ਨੇ ਕਿ ਸਿਮਰਨ ਕਰਕੇ।

***ਸੋ ਸਿਮਰਹਿ ਜਿਨ ਆਪਿ ਸਮਰਾਏ, ਨਾਨਕ ਤਾਕੈ ਲਾਗਉ ਪਾਇ।।***

***ਸਿਮਰਨ ਤੇ ਲਾਗੇ ਜਿਨ ਆਪਿ ਦਿਆਲਾ, ਨਾਨਕ ਜਨ ਕੀ ਮੰਗੈ ਰਵਾਲਾ।।***

***ਬਿਨ ਹਰ ਸਿਮਰਨ ਸੁਖ ਨਾਪਾਏ, ਆਨ ਰੰਗਿ ਫਿਕੈ ਕੀ ਸਭ ਮਾਏ।।***

ਸੋ ਇਹ ਸਾਰੇ ਸੰਸਾਰ ਸਾਰੀ ਕਾਇਨਾਤ, ਸਾਰਾ ਬ੍ਰਹਿਮੰਡ, ਖੰਡ ਉਹਦੇ ਬਣਾਏ ਹੋਏ ਨੇ ਤੇ ਗੁਰੂ ਅਰਜਨ ਪਾਤਸ਼ਾਹ ਦਰਖਾਸਤ ਕਰਦੇ ਨੇ ਕਿ ਹੇ ਪਿਤਾ ਜੇ ਨੌਂ ਮੁਖਾਂ ਵਾਲਾ ਸ਼ੇਸ਼ਨਾਗ ਤੇਰਾ ਸਿਮਰਨ ਕਰਕੇ ਤੇਰੀ ਬੰਦਗੀ ਭਗਤੀ ਕਰਕੇ ਅਜੇ ਤਕ ਆਪਦੇ ਸਰ ਤੋਂ ਇਹ ਧਰਤੀ ਦਾ ਬੋਝ ਨਹੀਂ ਉਤਾਰ ਸਕਿਆ ਤਾਂ ਮੈਂ ਇਕ ਜੀਭ ਵਾਲਾ ਤੇ ਰੀ ਕਿੰਨੀ ਕੁ ਕਮਾਈ ਕਰ ਸਕਦਾ ਹਾਂ।

ਮੇਰੇ ਤੇ ਰਹਿਮ ਕਰ, ਦਇਆ ਕਰ ਬਖਸ਼ਿਸ਼ ਕਰ ਤੇ ਆਪਣੇ ਗਲ ਨਾਲ ਲਾ ਲੈ ਅਤੇ ਇਹ ਜਨਮਾ-ਜਨਮਾ ਦਾ ਜੋ ਫੰਦਾ ਹੈ, ਇਸ ਨੂੰ ਉਤਾਰ ਦੇ। ਇਸ ਜਾਲ ਨੂੰ ਖ਼ਤਮ ਕਰ। ਗੁਰੂ ਜਾਤ ਨਾਲ ਨਹੀਂ ਪ੍ਰੀਖਿਆ ਜਾਂਦਾ। ਗੁਰੂ ਉੱਚਾ ਅਤੇ ਵੱਡਾ ਨਹੀਂ ਹੁੰਦਾ - ਗੁਰੂ ਸਿਰਫ ਗਿਆਨ ਦਾ ਮਾਲਕ ਹੈ। ਉਹਦੇ ਵਿਚ ਇਹ ਗੁਰੂ ਵੱਡਾ ਹੈ ਉਹ ਛੋਟਾ ਹੈ। ਉਹਦੀ ਜਾਤ ਨਾਲੋਂ ਸਾਡੀ ਜਾਤ ਉਚੀ ਏ ਇਹ ਸਾਡੀ ਮੂਰਖਤਾਈ ਹੈ। ਜੇ ਗੁਰੂ ਸਿੰਘ ਨਾ ਨਾਲ ਹੀ ਸਾਰੇ ਬਣਦੇ ਨੇ ਤੇ ਫਿਰ ਗੁਰੂ ਰਾਮਦਾਸ ਤੇ ਗੁਰੂ ਅਮਰਦਾਸ, ਗੁਰੂ ਅੰਗਦ ਦੇਵ ਤੇ ਗੁਰੂ ਨਾਨਕ ਦੇਵ, ਗੁਰੂ ਹਰਿਗੋਬਿੰਦ, ਗੁਰੂ ਹਰਰਾਇ। ਗੁਰੂ ਹਰਕ੍ਰਿਸ਼ਨ ਤੇ ਗੁਰੂ ਤੇਗ ਬਹਾਦਰ - ਤੇ ਬਹਾਦਰ ਨਾਂ ਤੁਹਾਨੂੰ ਪਤਾ ਗੋਰਖਿਆਂ ਦਾ ਹੁੰਦਾ। ਅਸਾਮ ਦੇ ਵਿਚ ਬਹਾਦਰ ਨਾਉ ਰਖਿਆ ਜਾਂਦਾ ਹੈ ਤੇ ਤੇਗ ਬਹਾਦਰ ਨਾ ਹੀ ਉਹਨਾਂ ਦਾ ਉਦੋਂ ਤੋਂ ਰਖਿਆ ਗਿਆ ਜਦੋਂ ਅਸਾਮ ਦੇ ਵਿਚ ਉਹ ਗਏ ਨੇ।ਜਦੋਂ ਗੁਰੂ ਗੋਬਿੰਦ ਸਿੰਘ ਨੇ ਅਵਤਾਰ ਧਾਰਨ ਕੀਤਾ। ਪਹਿਲਾ ਨਾਮ ਉਹਲਾ ਦਾ ਤੇਗ ਰਾਏ। ਜਦ ਉਥੇ ਜਾ ਕੇ ਉਹਨਾਂ ਲੋਕਾਂ ਨੂੰ ਸਮਝਾਇਆ, ਉਪਦੇਸ਼ ਦਿੱਤਾ ਤਾਂ ਫਿਰ ਜਾ ਕੇ ਉਹਨਾਂ ਦਾ ਨਾਂ ਤੇਗ ਰਾਇ ਤੋਂ ਤੇਗ ਬਹਾਦਰ ਪਿਆ। ਤੇਗ ਭਾਵ ਤਲਵਾਰ ਆਖਦੇ ਹਨ। ਜਿਸ ਤਰ੍ਹਾਂ ਕਿ ਗੁਰੂ ਗੋਬਿੰਦ ਰਾਏ ਤੋਂ ਸਿੰਘ ਮਤਲਬ ਸ਼ੇਰ ਉਹਨਾਂ ਆਪਣਾ ਸਿੰਘ ਨਾਮ ਰਖਿਆ - ਸਿੰਘ ਨਾਂ ਅਜ ਦਾ ਨਹੀਂ ਯੁਗਾਂ ਤੋਂ ਚਲਦਾ ਆ ਰਿਹਾ ਹੈ। ਮੁਸਲਮਾਨਾਂ ਵਿਚ ਵੀ ਨਾਂ, ਸਿੰਘ ਰਖਿਆ ਜਾਂਦਾ ਹੈ। ਖਾਨ ਬਹਾਦਰ ਸਿੰਘ, ਬਿਖਾਰ ਖਾਨ ਸਿੰਘ, ਬਿਖਾਰ ਖਾਂ ਸਯਦ ਸਿੰਘ, ਆਮ ਸਾਡੇ ਹਿੰਦੁਸਤਾਨ ਵਿਚ ਹਰਿਆਣੇ ਦੇ ਵਿਚ ਸਿੰਘ

ਨਾਮ ਰਖਿਆ ਗਿਆ - ਕੇਸ ਨਹੀਂ ਰਖੇ ਗਏ ਪਰ ਸਿੰਘ ਉਹਨਾਂ ਨੂੰ ਆਖਦੇ ਨੇ ਜਿਵੇ ਬੀਰ ਸਿੰਘ - ਇਸ ਤਰ੍ਹਾਂ ਸਿੰਘ ਨਾਮ ਹੈ ਸ਼ੇਰ ਦਾ। ਸਿੰਘ ਦੂਸਰੇ ਰੂਪ ਵਿਚ ਉਸ ਨੂੰ ਆਖਿਆ ਜਾਂਦਾ ਹੈ ਜਿਹੜਾ ਆਪਣੇ ਪਰਾਏ ਨੂੰ ਖਤਮ ਕਰ ਦੇਵੇ। ਉਹਨੂੰ ਸਿੰਘ ਆਖਦੇ ਨੇ।

ਮਹਾਰਾਜ ਜੀ ਨੇ ਕਿਉਂ ਫੌਜੀਆਂ ਦਾ ਨਾਂ ਸਿੰਘ ਰਖਿਆ। ਨਰ ਸਿੰਘ, ਵਲੋਂ ਦੇਖ ਕੇ, ਜਿਸ ਨੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ। ਨਰ ਸਿੰਘ ਮਤਲਬ ਬਹਾਦਰ ਸੂਰੇ ਵਰਗਾ, ਜੋਸ਼ ਜਿਸਮ ਲੈ ਕੇ ਪਿਲਰ ਵਿਚੋਂ ਪ੍ਰਗਟ ਹੋ ਕੇ ਪ੍ਰਹਿਲਾਦ ਦੀ ਰਖਿਆ ਕੀਤੀ। ਜਿਸ ਤਰ੍ਹਾਂ ਕਮਜ਼ੋਰ ਪ੍ਰਹਿਲਾਦ ਦੀ ਰਖਸ਼ਾ ਕੀਤੀ, ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਪਣਾ ਨਾਮ ਸਿੰਘ ਰਖਕੇ ਆਪਣੀ ਫੌਜ ਨੂੰ ਸਿੰਘ ਦਾ ਦਰਜਾ ਦੇ ਕੇ ਕਿਹਾ ਜਾਉ ਨਿਰਧਨ ਦੀ ਅਤੇ ਕਮਜ਼ੋਰਾਂ ਦੀ ਮਦਦ ਕਰੋ। ਪਰ ਅਸੀਂ ਅਜ ਉਹ ਰੋਟੀਆਂ ਦੇ ਇੰਤਜ਼ਾਮ ਕਰੀ ਬੈਠੇ ਹਾਂ। ਸਿੰਘ ਬਣੀ ਬੈਠੇ ਹਾਂ। ਅਸੀਂ ਦੋ ਦੋ ਕਿਲੋ ਮਾਸ ਖਾ ਕੇ ਵਧੀਆ ਵਧੀਆ ਬੋਤਲਾਂ ਪੀ ਕੇ, ਇਸ ਤੋਂ ਬਿਨਾਂ ਸਾਨੂੰ ਪਾਰਟੀ ਨਹੀਂ ਭਾਉਂਦੀ। ਨਿਕੀ ਜਿਹੀ ਕੱਛ ਕੜਾ ਕਿਰਪਾਨ ਪਾ ਕੇ ਅਸੀਂ ਸਿੰਘ ਬਣ ਜਾਂਦੇ ਹਾਂ, ਗੁਰਦੁਆਰਿਆਂ ਦੇ,

***ਰਹਿ ਕਰ ਫਰਸ਼ ਪਰ, ਫਲੱਕ ਪਰ, ਵੋਹ ਕਯਾਮ ਕਰਤੇ ਹੈ***

***ਕਟਾ ਲੇਤੇ ਹੈਂ ਕਿਸੀ ਚਾਕੂ ਬਲੇਡ ਸੇ ਉਂਗਲੀ ਤੇ ਸ਼ਹੀਦੋਂ ਮੇਂ ਨਾਮ ਕਰਤੇ ਹੈਂ***

ਹਮ ਯੇ ਨਹੀਂ ਕਿ ਯਹਾਂ ਬੋਲਤੇ ਹੈਂ। ਹਮ ਆਪਣੀ ਜ਼ਬਾਨ ਸੇ ਨਹੀਂ ਜੋ ਕਹਿਤੇ ਹੈਂ ਵੋਹ ਬਾਣੀ ਸੇ ਕਹਿ ਰਹੇ ਹੈਂ। ਔਰ ਕਹਿਤੇ ਰਹੇਂਗੇ ਮਰਨੇ ਕਾ ਹਮੇ ਭੀ ਫਿਕਰ ਹੈ ਤਲੀ ਤੇ ਸਿਰ ਧਰਿਆ ਹੈ। ਜਾਨ ਪਿਆਰੀ ਹਮੇਂ ਭੀ ਹੋਗੀ। ਪਰ ਨਹੀ ਸੱਚ ਨੂੰ ਆਂਚ ਨਹੀ। ਸੱਚ ਹਮੇਸ਼ਾਂ ਬੋਲਿਆ। ਤੁਸੀਂ ਲੋਕ ਮਾਈਆਂ, ਬੀਬੀਆਂ, ਛੋਟਿਆਂ ਛੋਟਿਆਂ ਦਾਇਰਿਆਂ ਵਿਚ ਭੁਲ ਭੁਲਾਈਆਂ ਵਿਚ ਫਸੇ ਬੈਠੇ ਹੋ। ਤੁਸਾਂ ਸੰਤਾਂ ਨੂੰ ਕਦੇ ਦੇਖਿਆ ਵੀ ਹੈ ਕਿ ਸੰਤ ਚੀਜ਼ ਕੀ ਹਨ? ਸੰਤ ਕਹਿੰਦੇ ਕਿਸਨੂੰ ਨੇ। ਮਹਾਰਾਜ ਰਾਮ ਨਾਮ ਅਤੇ ਗੁਰੂ ਮਹਿਮਾ ਕਰ ਰਹੇ ਨੇ। ਸਿੰਘ ਅੰਸ਼ ਬਣਾਈ। ਮੁਹੰਮਦ ਦਾ ਨਾਮ ਮੁਸਲਮਾਨ ਹੈ। ਤੇ ਮੁਸਲਮਾਨ ਬਾਣੀ ਵਿਚ ਵੀ ਲਿਖਿਆ ਗਿਆ ਹੈ। ਮੁਸਲਮਾਨ, ਮੁਸੱਲਾ ਮਨ ਦਾ ਮਾਲਿਕ, ਮਨ ਦਾ ਅਧਿਕਾਰੀ, ਮਨ ਨੂੰ ਕਾਬੂ ਕਰ ਲੈਣ ਵਾਲਾ। ਉਸ ਨੂੰ ਮੁਸਲਮਾਨ ਮੁਸੱਲਾ ਆਖਦੇ ਨੇ। ਜਿਹੜੇ ਕਿ ਟੋਪੀ ਸਿਰ ਤੇ ਪਾਉਂਦੇ ਨੇ। ਉਸ ਨੂੰ ਮੁਸੱਲਾ ਵੀ

ਆਖਦੇ ਨੇ। ਟੋਪੀ ਸਿਰ ਤੇ ਪਾਉਣੀ ਅਰਬੀ ਟੋਪੀ ਪਿਛੇ ਗੁੰਬਦ ਜਿਹਾ ਲਗਿਆ ਹੁੰਦਾ ਹੈ। ਇਕ ਨੇਪਾਲੀ ਟੋਪੀ ਹੁੰਦੀ ਹੈ। ਬਹਾਦਰ ਪਾਉਂਦੇ ਨੇ। ਇਥ ਸੈਲੀ ਟੋਪੀ ਹੁੰਦੀ ਏ - ਨਿਪਾਲੀ ਪਾਉਂਦੇ ਨੇ, ਕਸ਼ਮੀਰੀ ਟੋਪੀ ਤਿੰਨ ਰੰਗਾਂ ਵਿਚ ਹੁੰਦੀ ਹੈ। ਜਿਹੜੀ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਆਪਣੇ ਤਨ ਤੇ ਪਾਈ ਉਚ ਦੇ ਪੀਰ ਬਣੇ।

ਜਿਸ ਨੇ ਆਪਣੇ ਸਿਰ ਤੇ ਉਹ ਟੋਪੀ ਪਾਈ। ਉਸ ਨੂੰ ਉਹਨਾਂ ਮੁਸਲਮਾਨ ਕਹਿਣਾ ਸ਼ੁਰੂ ਕਰ ਦਿੱਤਾ। ਉਹਨਾਂ ਵੀ ਆਪਣੀ ਫੌਜ ਬਣਾਈ। ਹਜਰਤ ਅਲੀ ਤੇ ਇਬਰਾਹੀਮ ਧਰਤੀ ਤੇ ਆਏ। ਮੂਸਾ ਆਏ, ਜੀਸਸ ਸਾਹਿਬ ਆਏ, ਅਤੇ ਆਪਣੇ ਮੁਹੰਮਦ ਸਾਹਿਬ ਆਏ, ਇਬਰਾਹੀਮ ਨੇ ਦੋ ਕੌਮਾਂ ਲਈਆਂ। ਇਕ ਸ਼ੀਏ, ਇਕ ਸੁੰਨੀ - ਇਸ ਵਾਸਤੇ ਕਿ ਉਹਨਾ ਨੇ ਆਪਣੇ ਪਤੀ ਦਾ ਜੋ ਵਰ ਲਿਆ ਸੀ ਜਿਸ ਨੂੰ ਅਸੀਂ ਅਮੀਨ ਆਖਦੇ ਹਾਂ। ਅਮੀਨ ਸਭ ਕੌਮਾਂ ਮੰਨਦੀਆਂ ਹਨ। ਉਹ ਪੈਗੰਬਰ ਆਇਆ ਹੈ। ਸਭ ਤੋਂ ਵੱਡਾ ਦੂਜਾ ਸੁੰਨੀ ਓਦੋਂ ਬਿਠਾਉਣ ਵਾਸਤੇ ਕਿਹਾ ਗਿਆ ਜਦੋਂ ਉਹਨਾਂ ਨੂੰ ਆਪਣੀ ਔਰਤ ਨਾਲ ਵਾਅਦਾ ਕਰਕੇ ਵਾਅਦਾ ਖਲਾਫੀ ਕੀਤੀ। ਇੰਦਰ ਭਗਵਾਨ ਜਿਸ ਨੂੰ ਅਸੀਂ ਖਿਜਰ ਖੁਆਜਾ ਕਹਿੰਦੇ ਹਾਂ। ਮੁਸਲਮਾਨ ਉਸ ਨੂੰ ਖਿਜਰ ਖੁਆਜਾ ਆਖਦੇ ਨੇ - ਟਿਕਾ ਹੁੰਦਾ ਹੈ। ਤ੍ਰਿਸ਼ੂਲ ਦੀ ਤਰ੍ਹਾਂ ਅਤੇ ਮੱਛੀ ਉਤੇ ਸਵਾਰੀ ਕੀਤੀ ਹੈ। ਖੁਆਜਾ ਖਿਜਰ ਨੂੰ ਅਸੀਂ ਇੰਦਰ ਭਗਵਾਨ ਵੀ ਆਖਦੇ ਹਾਂ। ਮੇਘਰਾਜ ਵੀ ਆਖਦੇ ਹਾਂ। ਜਿਸ ਦੇ ਕੋਲ ਹੁਸਨ ਦੀ ਸਾਰੀ ਪਟਾਰੀ ਹੈ। ਵਿਸ਼ਵਾ ਮਿਤਰ ਵਸ਼ਿਸ਼ਟ ਵਰਗੇ ਉਸਦੇ ਸ਼ਰਨ ਦੇ ਵਿਚ ਲਗ ਕੇ ਬੈਠੇ ਹਨ। ਇੰਦਰ ਨੇ ਚੱਕਰ ਚਲਾਇਆ। ਜਦੋਂ ਉਹਨਾਂ ਆਪਣੀ ਔਰਤ ਨੂੰ ਦਿੱਤਾ ਹੋਇਆ ਬਚਨ ਭੰਗ ਕੀਤਾ। ਉਸਦੀ ਸਜ਼ਾ ਵਾਸਤੇ ਉਨ੍ਹਾਂ ਨੂੰ ਇਹ ਸੁੰਨਤੀ ਬਿਠਾਇਆ। ਮੁਛਾਂ ਕਟ ਦਿੱਤੀਆਂ ਗਈਆਂ। ਹੋਠ ਕਰਕੇ ਕਿਸ ਕੀਤੀ ਸੀ, ਦਾੜ੍ਹੀ ਕਟ ਦਿੱਤੀ ਗਈ। ਬਰੀਕ ਕਰ ਦਿਤੀ ਸਾਈਡ ਤੇ ਰਖੀ ਗਈ ਸੁੰਨਤੀ ਬਿਠਾਉਣ ਵਾਸਤੇ। ਅਸੀਂ ਲੋਕ ਰੀਤਾਂ ਆਖਦੇ ਹਾਂ। ਉਹ ਸੁੰਨਤੀ ਆਖਦੇ ਹਨ। ਰੀਤਾਂ ਕਰਨੀਆਂ ਕੰਨ ਵਿੰਨ ਦੇਣੇ, ਜੰਞੂ ਪਾ ਦੇਣਾ। ਹੁਣ ਅਸੀਂ ਕਹਿੰਦੇ ਹਾਂ ਸਿੰਘ ਬਣਨਾ ਹੈ ਕਿਰਪਾਨ ਪਾ ਲਵੋ - ਬਾਹਰੋਂ ਮਾਈਆਂ ਨੇ ਨਿਕੇ ਨਿਕੇ ਕੰਘੇ ਨਿਕੀਆਂ ਨਿਕੀਆਂ ਕਿਰਪਾਨਾਂ - ਨਿਕਾ ਜਿਹਾ ਖੰਡਾ ਧਾਗੇ ਵਿਚ ਪਰੋ ਕੇ ਗਲ ਵਿਚ ਪਾਇਆ ਹੁੰਦਾ ਹੈ। ਇਹ ਕੀ ਏ ਜੀ - ਅਸੀਂ ਗੁਰੂ ਗੋਬਿੰਦ ਸਿੰਘ ਦੇ ਸਿੰਘ ਬਣੇ ਹਾਂ, ਗੁਰੂ ਦੇ ਪਿਆਰੇ ਅਤੇ ਆਪਣੇ ਆਦਮੀ ਨੂੰ ਰੋਜ਼ ਸਵੇਰੇ ਉਠ ਕੇ ਗਾਲਾਂ ਕਢਦੀ ਹੈ। ਰੋਟੀ ਉਸ ਨੂੰ ਪਕਾ ਕੇ ਨਹੀਂ

ਦੇਣੀ। ਸਾਰੀ ਦਿਹਾੜੀ ਉਸ ਨੇ ਆਪਣੀ ਨੂੰਹ ਨੂੰ ਗਾਲ੍ਹਾਂ ਕਢਕੇ ਚੁਗਲੀਆਂ ਕਰ ਕਰਕੇ ਉਹਦਾ ਬੁਰਾ ਹਾਲ ਕੀਤਾ ਹੋਇਆ ਹੁੰਦਾ ਹੈ। ਨੂੰਹ ਦੇ ਕੋਲੋਂ ਪੈਸੇ ਛੁਪਾ ਕੇ ਰਖਣੇ। ਉਸ ਨੂੰ ਦੇਣਾ ਕਖ ਨਹੀਂ। ਕਹਿਣਾ ਕਿ ਪੁਤਰ ਮੇਰਾ ਬੜਾ ਚੰਗਾ ਹੈ। ਨੌਂਹ ਨੇ ਆਣਕੇ ਬੇੜਾ ਗਰਕ ਕਰ ਦਿੱਤਾ ਈ। ਨੌਂਹ ਨੂੰ ਚੰਗਾ ਨਹੀ ਕਹਿਣਾ, ਪੁਤਰ ਨੂੰ ਸਲਾਹੁਣਾ - ਧੀਆਂ ਵਲ ਭਜ ਭਜ ਕੇ ਜਾਣਾ। ਧੀ ਨੂੰ ਕਦੇ ਮੁੰਦਰੀ ਬਣਾ ਕੇ ਦੇ ਤੇ ਕਦੇ ਪੈਸੇ - ਕੌਂਸਲ ਕੋਲੋਂ ਲਏ ਉਹ ਵੀ ਦੇ ਆ ਕਾਹਦੇ ਲਈ ਇਹ ਧੀਆਂ ਦਾ ਹੈ ਨੌਂਹਾਂ ਵਾਸਤੇ ਕਦੇ ਕੱਖ ਨਹੀਂ। ਉਹ ਕਿਉਂ? ਉਹਦਾ ਕਾਰਣ ਕੀ? ਕਿ ਸਿਖਿਆ ਅਛੀ ਨਹੀਂ ਹੈ। ਉਹਦੇ ਵਾਸਤੇ ਗੁਰੂ ਮਹਾਰਾਜ ਜੀ ਇਕੋ ਤੁਕ ਵਿਚ ਸਤਿਸੰਗ ਅਜ ਕਰਾਂਗੇ ਕਿਉਂ ਕਿ ਕਲ ਸੰਗਰਾਂਦ ਹੈ ਕਲ ਦਾ ਵੀ ਦਿਹਾੜਾ ਹੈ, ਤੇ ਕਲ ਦੇ ਦਿਹਾੜੇ ਤੇ ਜੋ ਮਹੀਨਾ ਵਾਰੀ ਸਤਿਸੰਗ ਹੈ ਉਹਦੇ ਵਿਚ ਅਸਾਂ ਜੋ ਪਾਣਾ ਹੈ। ਦੇਣਾ ਹੈ ਜਾਂ ਲੈਣਾ ਹੈ ਜਾਂ ਕਰਨਾ ਹੈ, ਉਹਦੀ ਸਾਨੂੰ ਸਭ ਕੁਝ ਸੰਭਾਲ ਚਾਹੀਦੀ ਹੈ। ਅਸੀ ਦਰਖਾਸਤ ਕਰਦੇ ਹਾਂ ਕਿ ਜੋ ਗੱਲਾਂ ਅਸੀਂ ਕਹਿ ਰਹੇ ਹਾਂ ਇਸ ਨੂੰ ਤੁਸੀਂ ਵੀ ਕਰਕੇ ਦੇਖੋ। ਲੋਕਾਂ ਨੂੰ ਕਹਿ ਕੇ ਦੇਖੋ।

*।।ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ।।*

*।। ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ।।*

ਮਰਨਾ ਅਸਾਂ ਇਕੋ ਵਾਰ ਹੈ।

*।।ਫਰੀਦਾ ਮੌਤ ਨਾਲੋਂ ਭੁਖ ਬੁਰੀ,*

*ਰਾਤੀਂ ਖਾਈਏ ਸਵੇਰੇ ਫਿਰ ਅਗੇ ਖੜੀ।।*

ਮੌਤ ਤੇ ਇਕੋ ਵਾਰੀ ਆਉਂਦੀ ਹੈ। ਭੁਖ ਤੇ ਰੋਜ਼ ਸਵੇਰੇ ਲਗਣੀ ਏ। ਰਾਤ ਨੂੰ ਲਗਣੀ ਏ ਭਾਵੇਂ ਅਸੀਂ ਪੰਜਾਹ ਵਾਰੀ ਖਾ ਲਈਏ। ਮਰਨ ਵਾਸਤੇ ਅਸੀਂ ਜੀ ਰਹੇ ਹਾਂ। ਜੀਉਣ ਵਾਸਤੇ ਹੀ ਮਰਨਾ ਚਾਹੁੰਦੇ ਹਾਂ। ਨਾ ਵੇ ਰੱਬਾ ਮਾਰੀ ਨਾ ਮੈਨੂੰ ਧੀਆਂ ਪੁਤਰ ਵਿਆਹ ਲੈਣ ਦੇ - ਅਸੀਂ ਆਪਣੇ ਧੀਆਂ ਪੁਤਰਾਂ ਵਾਸਤੇ ਕਿਤਨੇ ਜਫਰ ਜਾਲਦੇ ਪਏ ਹਾਂ। ਪਰ ਕਦੀ ਕਿਤੇ ਜਾ ਕੇ ਕੀ ਅਸੀਂ ਕਿਸੇ ਪੂਰਨ ਸੰਤ ਦੀ ਸ਼ਰਨ ਲਈ ਹੈ? ਹਰ ਵਾਰ ਪੈਸੇ ਗਿਣਨ ਦੀ ਕੋਸ਼ਿਸ਼ ਕਰਦੇ ਹਾਂ। ਕਦੇ ਕੁਝ ਹਥੋਂ ਦਾਨ ਕਰਕੇ ਦੇਖਿਆ ਹੈ? ਹੁਣੇ ਕੋਈ ਬਿਮਾਰੀ ਲਗ ਜਾਏ, ਹੁਣੇ ਕੋਈ ਸਰੀਰ ਨੂੰ ਰੋਗ ਲਗ ਜਾਏ, ਜਾਂ ਕੋਈ ਕਸ਼ਟ ਆ ਜਾਏ ਸਰੀਰ ਡੈਮਜ ਹੋ ਜਾਏ, ਕੋਈ ਨੁਕਸਾਨ ਹੋ ਜਾਏ ਜਾਂ ਸਾਰੀ ਉਮਰ ਮੰਜੇ ਤੇ

ਪਿਆ ਰਹੇ। ਤਾਂ ਫਿਰ ਕੌਣ ਕਰੇਗਾ? ਕਦੇ ਸੋਚਿਆ ਹੈ? ਕਦੇ ਤੁਸਾਂ ਵੀਚਾਰ ਕੀਤਾ ਹੈ। ਜਿਸ ਦਾਤੇ ਨੇ ਤੁਹਾਨੂੰ ਇਕ ਤੋਂ ਦੋ ਰੋਟੀਆਂ ਦਿਤੀਆਂ ਨੇ ਉਹ ਦਾਤਾ ਤੁਹਾਨੂੰ, ਇਕ ਤੋਂ ਚਾਰ ਵੀ ਦੇ ਸਕਦਾ ਹੈ। ਜੇ ਤੁਸੀਂ ਉਸਦਾ ਫਿਕਰ ਕਰਨ ਲਗ ਜਾਉ ਤਾਂ ਉਹ ਤੁਹਾਡਾ ਫਿਕਰ ਕਰੇਗਾ। ਇਨਸਾਨ ਨੀਤੀ ਸਭ ਤੋਂ ਵੱਡੀ ਹੈ। ਉਹ ਸਿੱਖੇ। ਇਲਰਜੀ ਜਾਂ ਤਾਂ ਸਿੱਖਾਂ ਨੂੰ ਹੁੰਦੀ ਹੈ ਕਿ ਸਿੱਖੀ ਨੂੰ ਖਤਰਾ ਪੈ ਗਿਆ ਜਾਂ ਫਿਰ ਮੁਸਲਮਾਨਾਂ ਨੂੰ - ਹਿੰਦੂਆਂ ਨੂੰ ਅਜੇ ਤਕ ਨਹੀਂ ਹੋਈ ਕਿਤੇ ਵੀ। ਹਿੰਦੂਆਂ ਵਿਚੋਂ ਮੁਸਲਮਾਨ ਬਦੇ, ਹਿੰਦੂਆਂ ਵਿਚੋਂ ਸਿੱਖ ਬਣੇ। ਕਿਤੇ ਕੋਈ ਵੀ ਸੰਤ ਆ ਜਾਵੇ ਕਿਸੇ ਮੰਦਰ ਵਿਚ, ਕਦੇ ਕੋਈ ਸਪੀਚ ਨਹੀਂ ਹੋਈ, ਕਦੇ ਕੋਈ ਆਰਗੂਮੈਂਟ ਨਹੀਂ ਹੋਈ ਤੇ ਅਸੀਂ ਲੋਕ ਸਿਖ ਅਜੇ ਬਣੇ ਨਹੀਂ ਤੇ ਖਾਰਸ਼ ਸਾਨੂੰ ਪਹਿਲਾਂ ਹੀ ਹੋਣੀ ਸ਼ੁਰੂ ਹੋ ਗਈ ਹੈ। ਵਤਨ ਵੀ ਇਹ ਇਹੋ ਜਿਹਾ ਹੈ ਕਿ ਸਾਰੀ ਰਾਤ ਅਸੀਂ ਖੁਰਕਦੇ ਰਹਿੰਦੇ ਹਾਂ ਕਿਉਂ ਕਿ ਨਹਾਉਣਾ ਅਸਾਂ ਮਹੀਨੇ ਮਹੀਨੇ ਦੋ ਦੋ ਮਹੀਨੇ ਬਾਅਦ ਹੁੰਦਾ ਹੈ ਤੇ ਹਰ ਥਾਂ ਤੇ ਗੁਰਦੁਆਰੇ ਥਾਵਾਂ ਤੇ ਉਪਦੇਸ਼ ਮਾਈਆਂ ਦਿੰਦੀਆਂ ਹਨ ਕਿ ਉਥੇ ਨਾ ਜਾਉ ਫਲਾਣੇ ਬਾਬੇ ਬੜੇ ਭੈੜੇ ਨੇ, ਬਈ ਉਹ ਜੇ ਭੈੜੇ ਨੇ ਤਾਂ ਤੁਹਾਨੂੰ ਕੀ ਨੁਕਸਾਨ ਪਹੁੰਚਿਆ। ਜੇ ਉਹ ਭੈੜੇ ਨੇ ਤਾਂ ਉਹਨਾਂ ਦਾ ਭੈੜਾਪਨ ਉਹਨਾਂ ਦੇ ਨਾਲ ਹੋਵੇਗਾ। ਤੁਹਾਨੂੰ ਕੀ ਮਤਲਬ? ਤੁਸੀਂ ਆਪਣਾ ਫਾਇਦਾ ਦੇਖੋ। ਤੁਹਾਨੂੰ ਕੋਈ ਫਾਇਦਾ ਹੈ ਤਾਂ ਠੀਕ ਹੈ ਨਹੀਂ ਤਾਂ ਨਾ ਸਹੀ। ਕਿਸੇ ਦੇ ਪਿਛੇ ਕਿਉਂ ਲਗਦੇ ਹੋ। ਖਤਰਾ ਤੁਹਾਡੇ ਆਪਣੇ ਈਮਾਨ ਧਰਮ ਨੂੰ ਹੈ। ਤੁਹਾਨੂੰ ਆਪਣੇ ਆਪ ਨੂੰ ਤੇ ਨਹੀਂ ਹੈ, ਤੇ ਖਤਰਾ ਓਦੋਂ ਹੀ ਹੁੰਦਾ ਹੈ ਜਦੋਂ ਬੰਦੇ ਨੂੰ ਸਾਹਮਣੇ ਮੌਤ ਖੜੀ ਨਜ਼ਰ ਆਉਂਦੀ ਹੋਵੇ। ਤਲੀ ਤੇ ਸਿਰ ਧਰ ਕੇ ਉਠਕੇ ਤੁਰ ਪਵੋ। ਸਾਨੂੰ ਲਾਹਣਤ ਹੈ ਇਸ ਮੁਲਕ ਵਿਚ ਰਹਿਣ ਦੀ। ਜੇ ਅਸੀ ਇਥੇ ਆਪਣੇ ਆਪ ਨੂੰ ਇਨਸਾਨ ਨਾ ਬਣਾ ਸਕੇ। ਜਿੰਨੇ ਤੁਹਾਨੂੰ ਲੋਕਾਂ ਨੂੰ ਇਥੇ ਸੁਖ ਨੇ ਜੇ ਇੰਨੇ ਸੁਖ ਕਿਤੇ ਅਫਰੀਕਾ ਵਿਚ ਮਿਲ ਜਾਂਦੇ ਤਾਂ ਉਹ ਕਿੰਨੀ ਤਰਕੀ ਕਰ ਜਾਂਦੇ। ਤੁਸੀ ਦੇਖਿਆ ਉਹ ਲੋਕ ਇਥੇ ਆ ਕੇ ਕੀ ਕਰਦੇ ਪਏ ਨੇ। ਹਰ ਥਾਂ ਤੇ ਉਹਲਾਂ ਲੋਕਾਂ ਨੂੰ ਇੰਨੀ ਗੁਰਬਤ, ਇੰਨੀ ਗਰੀਬੀ, ਕਿਤੇ ਫਿਲਮ ਦੇਖੋ ਜੋ ਡਾਕੂਮੈਂਟਰੀ ਟੀ.ਵੀ. ਤੇ ਦਿਖਾਉਂਦੇ ਨੇ . ਏਨਾਂ ਏਸ਼ੀਅਨ ਲੋਕਾਂ ਤੇ ਜ਼ੁਲਮ ਢਾਇਆ ਗਿਆ ਕਿ ਅਜੇ ਤਕ ਵੀ ਉਹ ਲੋਕ ਏ ਨੇ ਪਛੜੇ ਹੋਏ ਨੇ ਪਰ ਐਸ ਵੇਲੇ ਉਹਨਾਂ ਨੇ ਹਰ ਦੇਸ਼ ਵਿਚ ਬਰਤਾਨੀਆ ਸਵਰਾਜ ਵਿਚ ਤਰੱਕੀ ਖੇਡਾਂ ਵਿਚ ਕੀਤੀ, ਬਿਜਨੈਸ ਦੇ ਤੌਰ ਤੇ ਕੀਤੀ, ਦਫਤਰ ਆਫਿਸਾਂ ਵਿਚ ਕੀਤੀ, ਹਰ ਥਾਂ ਤੇ ਉਹਨਾਂ ਜਾ ਕੇ ਹਿਸਾ ਪਾਇਆ। ਪਰ ਸਾਡੇ ਸਿੰਘਾਂ ਨੇ ਸ਼ਰਾਬਾਂ ਪੀ ਪੀ ਕੇ ਕਾਰਾਂ ਤੇ ਵਧੀਆ ਮਕਾਨ ਬਣਾ ਬਣਾ ਕੇ ਤੇ ਆਪਣੇ ਬਚਿਆਂ ਅਤੇ ਧੀਆਂ

ਨੂੰ ਨਾਲਾਇਕ ਕਰਕੇ ਆਪਣੇ ਘਰ ਬਰਬਾਦ ਕਰ ਲਏ। ਲੋਕਾਂ ਦੀਆਂ ਚੁਗਲੀਆਂ ਕਰ ਕਰ ਕੇ ਨੌਹਾਂ ਧੀਆਂ ਦੀਆਂ ਤੇ ਸਾਕਾਂ ਸੰਬੰਧੀਆਂ ਨਾਲ ਪਿਆਰ ਪਾ ਪਾ ਕੇ ਆਹ ਮੇਰੀ ਧੀ ਹੈ ਤੇ ਆਹ ਮੇਰਾ ਪੁਤਰ ਹੈ ਪਰ ਪੱਲੇ ਉਹਨਾਂ ਦੇ ਕਖ ਨਹੀਂ ਹੈਗਾ। ਬੈਠਣ ਜੋਗੀ ਜਗ੍ਹਾ ਨਹੀਂ ਕਿਤੇ ਕੁੜੀਆਂ ਨੂੰ ਬੁਲਾ ਕੇ ਦੇਖ ਲਓ, ਮੁੰਡਿਆਂ ਨੂੰ ਬੁਲਾ ਕੇ ਦੇਖ ਲਓ. ਉਨ੍ਹਾਂ ਨੂੰ ਬੋਲਣ ਦਾ ਪਤਾ ਨਹੀਂ - ਦੋ ਲਫਜ਼ ਹੀ ਆਉਂਦੇ ਹਨ। ਇਕ ਆਈ ਡੋਂਟ ਨੋ I Don't Know ਤੇ ਇਕ ਸ਼ਟ ਅਪ Shut up ਮਾਂ ਪਿਉ ਕਹਿੰਦੇ ਹਨ ਅਸੀ ਕਹਿ ਨਹੀਂ ਸਕਦੇ ਧੀਆਂ ਪੁਤਰਾਂ ਨੂੰ ਉਹਨਾਂ ਦੀ ਮਰਜ਼ੀ ਹੈ। ਮਰਜ਼ੀ ਉਹਨਾਂ ਦੀ ਕਾਹਦੀ, ਤੁਹਾਡੀ ਆਪਣੀ ਲਾਹਣਤ ਹੈ। ਤੁਹਾਡੀ ਆਪਣੀ ਕਮਜ਼ੋਰੀ ਹੈ। ਬਚਿਆਂ ਨੂੰ ਚਾਹੀਦਾ ਹੈ ਕਿ ਆਪਣੀ ਜ਼ਿੰਦਗੀ ਬਾਰੇ ਸੋਚਣ। ਕੁਛ ਬਣਕੇ ਦਿਖਾਉ। ਜ਼ਿੰਦਗੀ ਦੇ ਵਿਚ। ਆਪਣੇ ਸੁਖ ਤਾਂ ਜਾਨਵਰ ਕੋਲ ਭੀ ਹੈਗੇ ਨੇ। ਕੀੜੀ ਨਿਕੀ ਜਿਹੀ ਬੁਧੀ ਦੀ ਮਾਲਕ ਹੈ। ਬਿਲਕੁਲ ਨਿਕੀ ਜਿਹੀ ਪੈਰਾਂ ਥਲੇ ਆਈ ਦਿਸੇ ਵੀ ਨਾ, ਉਹ ਵੀ ਆਪਣਾ ਅਨਾਜ ਇਕੱਠਾ ਕਰਦੀ ਹੈ। ਪਤਾ ਨਹੀਂ ਤੁਸੀਂ ਬੱਚੇ ਬੱਚਿਆਂ, ਮੁੰਡੇ ਕੁੜੀਆਂ ਕਿਹੜੀਆਂ ਖੁਸ਼ੀਆਂ ਕਿਹੜੇ ਚਾਵਾਂ ਵਿਚ ਭਜੇ ਫਿਰਦੇ ਹੋ। ਤੁਹਾਨੂੰ ਕੀ ਚਾਹੀਦਾ ਹੈ ਜ਼ਿੰਦਗੀ ਦੇ ਵਿਚ? ਕਿਸੇ ਨੂੰ ਪੁੱਛ ਲਵੋ ਉਹ ਕਹਿੰਦਾ ਹੈ ਹਮੇਂ ਤੋ ਆਪਣੀ ਖੁਸ਼ੀ ਚਾਹੀਏ। ਹਮੇਂ ਮਾਂ ਬਾਪ ਕੇ ਸਾਥ ਕਿਆ ਮਤਲਬ। ਢਠੇ ਖੂਹ ਵਿਚ ਮਰ ਜਾਣ ਭਾਵੇਂ ਸਾਰੇ ਹੀ। ਬਚਿਆਂ ਨੂੰ ਚਾਹੀਦਾ ਹੈ ਕਿ ਕੁਛ ਬਣਕੇ ਦਿਖਾਉ। ਤੁਹਾਡਾ ਕੋਈ ਨਾਮ ਤੇ ਹੋਵੇ। ਤੁਹਾਨੂੰ ਕੋਈ ਜਾਣੇ ਤੇ ਸਹੀ। ਸੁਖ ਤੇ ਬਿਜੜੇ ਕੋਲ ਵੀ ਹਨ। ਜਾਨਵਰਾਂ ਦੇ ਕੋਲ ਵੀ ਨੇ। ਪਰਿਵਾਰ ਘਰ ਤਾਂ ਸੂਰ ਨੇ ਵੀ ਬੜਾ ਵਡਾ ਬਣਾਇਆ ਬਚਿਆਂ ਦੀ ਪਾਲਣ ਪੋਸਣ ਉਹ ਵੀ ਚੰਗੀ ਤਰ੍ਹਾਂ ਕਰਦਾ ਹੈ। ਬਾਂਦਰੀ ਸਾਰੀ ਉਮਰ ਆਪਣੇ ਹਾਲ ਨਾਲ ਬਚਾ ਲਾ ਕੇ ਸਾਰੇ ਦਰਖਤ ਟੱਪੀ ਜਾਂਦੀ ਹੈ। ਗੁਰੂ ਮਹਾਰਾਜ ਜੀ ਆਖਦੇ ਨੇ ਰੱਬ ਨੂੰ ਭੁਲਣ ਵਾਲਾ ਮਨੁੱਖ ਉਹ ਜਾਨਵਰ ਤੋਂ ਵੀ ਮਾੜਾ ਹੈ। ਉਹ ਕਹਿੰਦੇ ਹਨ ਕਿ ਜਾਨਵਰ ਤੇ ਜਾਨਵਰ ਹੈਨ। ਉਹਦੇ ਤੋਂ ਵੀ ਮਾੜਾ ਹੈ ਅਕ੍ਰਿਤਘਣ ਹੈ, ਜਿਸ ਦਾਤੇ ਨੇ ਤੁਹਾਨੂੰ ਇਹ ਸਭ ਕੁਝ ਦਿਤਾ ਹੈ ਤੁਸੀਂ ਉਸਦੇ ਅਕ੍ਰਿਤਘਣ ਨਾ ਬਣੋ:—

*ਮਦ ਵਿਚਿ ਰਿਧਾ ਪਾਇਕੈ,*

*ਕੁੱਤੇ ਦਾ ਮਾਸੁ।।*

*ਧਰਿਆ ਮਾਣਸ ਖੋਪਰੀ*

*ਤਿਸੁ ਮੰਦੀ ਵਾਸੁ।।*

ਰਤੂ ਭਰਿਆ ਕਪੜਾ,

ਕਰਿ ਕਜਣੁ ਤਾਸੁ।।

ਢਕਿ ਲੈ ਚਲੀ ਚੂਹੜੀ

ਕਰਿ ਭੋਗ ਬਿਲਾਸੁ।।

ਪੰਜ ਚੀਜਾਂ ਕਿੰਨੀਆਂ ਨੀਚ ਕਿੰਨੀਆਂ ਮਾੜੀਆਂ ਨੇ ਤੁਸੀਂ ਉਹਨਾਂ ਤੋਂ ਵੀ ਮਾੜੇ ਹੋ। ਸਭ ਤੋਂ ਗਰੀਬ ਤੇ ਸਭ ਤੋਂ ਕਮਜ਼ੋਰ ਹੋ ਤੇ ਸਭ ਤੋਂ ਬੁਜ਼ਦਿਲ - ਸਭ ਤੋਂ ਕਾਇਰ, ਸਭ ਤੋਂ ਵੱਡਾ ਦੁਸ਼ਟ ਤੇ ਹੈਵਾਨ ਉਹ ਮਨੁੱਖ ਹੈ। ਜਿਸ ਨੂੰ ਅਜੇ ਤਕ ਗੁਰੂ ਸ਼ਰਨ ਤੇ ਨਾਮ ਨਹੀਂ ਮਿਲਿਆ। ਜਿਸਦੇ ਪਲੇ ਨਾਮ ਦਾ ਧਨ ਨਹੀਂ, ਗੁਰੂ ਦਾ ਧੰਨ ਨਹੀਂ ਉਹ ਦੁਨੀਆਂ ਤੇ ਜੰਮਿਆ ਹੀ ਨਹੀਂ ਹੈ। ਗੁਰੂ ਨਾਮ ਕਿਸੇ ਸਰੀਰ ਦਾ ਨਹੀਂ, ਕਿਸੇ ਦੇਹ ਦਾ ਨਹੀਂ। ਕਿਸੇ ਮਨੁੱਖ ਦਾ ਨਹੀਂ। ਕਿਸੇ ਵੱਡੇ ਮਕਾਨ ਦਾ ਨਹੀਂ। ਗੁਰੂ ਨਾਮ ਹੈ ਗਿਆਨ ਦਾ ਸ਼ਬਦ ਦਾ, ਸ਼ਬਦ ਹੀ ਪ੍ਰਤੱਖ ਹੋ ਕੇ ਬੋਲੇ, ਤੁਸੀਂ ਜਿਥੇ ਵੀ ਯਾਦ ਕਰੋ, ਉਥੇ ਗੁਰੂ ਤੁਹਾਡੇ ਸਾਹਮਣੇ ਆਵੇ।

।। ਪ੍ਰਤੱਖ ਗੁਰੂ ਨਿਸਤਾਰੇ ।।

ਉਹ ਗੁਰੂ ਹੀ ਨਹੀਂ ਹੋ ਸਕਦਾ ਜਿਹੜਾ ਆਪਣੇ ਸੇਵਕ ਦੀ ਮਦਦ ਨਾ ਕਰ ਪਾਵੇ। ਪਹਿਲਾਂ ਸੇਵਕ ਤਾਂ ਬਣ ਜਾਉ। ਕਿਸੇ ਦਾ ਸ਼ਬਦ ਲੈ ਕੇ ਸੇਵਕ ਬਣਨਾ ਤਾਂ ਸਿੱਖੋ।

।।ਪਾਛਹਿ ਲਾਗੋ ਹਰਿ ਫਿਰੇ ਕਹਿਤੁ ਕਬੀਰ ਕਬੀਰ।।

ਕੁਝ ਸਮਝੋ ਸੋਚੋ, ਪਹਿਲਾਂ ਆਪਣੇ ਵਿਚ ਕੁਛ ਬੋਲਣ ਦੀ ਹਿੰਮਤ ਲਿਆਉ। ਕਿਸੇ ਚੀਜ਼ ਨੂੰ ਕਰਾਂਤੀ ਵਿਚ ਲਿਆਉਣ ਲਈ। ਕੀ ਹੋਵੇਗਾ, ਦੋ ਦਿਨ ਲੋਕਾਂ ਗਾਲ੍ਹਾਂ ਹੀ ਕਢਣੀਆਂ ਹਨ।

ਹਾਥੀ ਚਲਿਆ ਮਸਤ ਬਜ਼ਾਰ।।

ਕੁਤੇ ਭੌਂਕੇ ਕਈ ਹਜ਼ਾਰ।।

ਜਦੋਂ ਮਸਤ ਬਾਜ਼ਾਰ ਵਿਚ ਚਲਣਾ ਹੈ ਫਿਰ ਕਈਆਂ ਤੁਹਾਨੂੰ ਦੇਖਣਾ ਹੈ, ਕਈਆਂ ਤੁਹਾਨੂੰ ਬੋਲਣਾ ਹੈ। ਕਈਆਂ ਤੁਹਾਨੂੰ ਕਹਿਣਾ ਹੈ ਤੁਸੀਂ ਆਪਣੀ ਮਸਤੀ ਨੂੰ ਵੇਖੋ ਕਿ ਤੁਹਾਨੂੰ ਕੀ ਹੋ ਰਿਹਾ ਹੈ? ਕੀ ਤੁਹਾਨੂੰ ਕੋਈ ਕਹਿ ਰਿਹਾ ਹੈ; ਤੁਹਾਨੂੰ

*ਮੇਰਾ ਗੋਬਿੰਦ ਸੁੰਦਰ, ਮੈਂ ਖੜੀ ਨਿਮਾਣੀ।।*

*ਤੁਧੁ ਸੰਗੁ ਲਗਸਾਂ ਸੁਹਾਗਣ ਹੋਵਾਂ, ਪਿਰੁ ਮਿਲੇ ਕੰਤੁ ਸੁਹੇਲੀ।।*

ਸਚਖੰਡ ਨਾਨਕ ਧਾਮ ਵਲੋਂ ਫਿਰ ਇਕ ਥਾਂ ਰਚਨਾ ਕੀਤੀ ਹੈ:

*ਇਕ ਨਾਰੀ ਪੰਜ ਪਿਆਰੀ, ਦਰਸ ਪਿਆਸੀ ਦਿਨਸ ਰਾਤ।।*

*ਕਰੇ ਅਰਜੋਈ ਇਕ ਰਾਤ ਗੋਬਿੰਦ ਮੁਰਾਰੀ।।*

*ਤੁਧ ਸੰਗ ਲਗ ਸੁਹਾਗਣ ਹੋਸੀ।।*

*"ਦਰਸ਼ਨ" ਚੇਤਨ ਤੁਮਾਰੀ।।*

*ਨਾਨਕ ਨਾਮ ਸਿਮਰੋ ਸੰਤੋ।।*

ਨਾਨਕ ਭਾਵ ਪ੍ਰਮਾਤਮਾ, ਨਿਮਾਣਾ, ਨੀਵਾਂ, ਨੈਣਾਂ ਵਿਚ ਵਸਣ ਵਾਲਾ, ਨਾਂਹ ਨਾ ਕਰਨ ਵਾਲਾ, ਨਰ ਰੂਪੀ, ਨਾਨਕ ਨਿਰੰਕਾਰ ਰੂਪੀ ਨਾਨਕ ਕਣ ਕਣ ਵਿਚ, ਕਰਮ ਕਮਾਵਣ ਵਾਲਾ, ਕਰਤਾ ਪੁਰਖ, ਕਰਮ ਕਰੀਮ ਨਾਨਕ। ਵਿਚਾਰਾਂ ਦੀ ਧਾਰ ਤੇ ਆਉ ਤੇ ਅਸੀਂ ਦਰਖਾਸਤ ਕਰ ਰਹੇ ਹਾਂ ਅਪੀਲ ਕਰ ਰਹੇ ਹਾਂ ਕਿ ਬਗੈਰ ਮੁਰਸ਼ਦ ਤੋਂ ਸਮਝਣ ਅਤੇ ਸਮਝਾਵਣ ਦੀ ਜੁਗਤੀ ਨਹੀਂ ਆ ਸਕਦੀ। ਕੋਈ ਮੁਰਸ਼ਦ ਲਭੋ, ਕੋਈ ਵੀ ਲਭੋ। ਕਿਸੇ ਕੋਲੋਂ ਵੀ ਲਵੋ ਪਰ ਲਵੋ ਕਾਮਿਲ, ਐਵੇਂ ਨਹੀਂ। ਲਭੋ ਉਹ ਜਿਹਨੂੰ ਫਿਕਰ ਕਿਸੇ ਚੀਜ਼ ਦਾ ਨਹੀਂ, ਬੇਫਿਕਰ ਨਾ ਈਹਾ ਨਾ ਊਹਾਂ ਦਾ ਕੋਈ ਆ ਰਿਹਾ ਕੋਈ ਜਾ ਰਿਹਾ ਕੋਈ ਖਾ ਰਿਹਾ, ਪ੍ਰਵਾਹ ਕੋਈ ਨਹੀਂ। ਬੁਲਿਆ ਮੰਗ ਕੀ ਮੰਗਣਾ?

*ਇੱਟ ਖੜੱਕਾ ਦੁਕੱੜ ਵਜੇ ਤਪਦਾ ਰਹੇ ਚੁਲ੍ਹਾ।।*

*ਆਉਂਦੇ ਜਾਂਦੇ ਮੌਜਾਂ ਮਾਨਣ ਤੇ ਰਾਜ਼ੀ ਹੋਵੇ ਬੁਲ੍ਹਾ।।*

ਬੁਲੇ ਸ਼ਾਹ ਦੇ ਗੁਰੂ ਸ਼ਾਹ ਅਨਾਇਤ ਦਿਆਲ ਹੋ ਗਏ ਤੇ ਕਹਿਣ ਲੱਗੇ ਮੰਗ ਕੀ ਮੰਗਣਾ? ਕਹਿੰਦਾ ਮੰਗਾਂ ਜੀ, ਕਹਿੰਦੇ ਮੰਗ ਲੈ – ਫਿਰ ਕਹਿੰਦਾ ਮੰਗਾਂ ਜੀ, ਕਹਿੰਦੇ ਮੰਗ ਲੈ... ਕਹਿੰਦਾ ਮੰਗਾਂ ਜੀ, ਕਹਿੰਦੇ ਮੰਗ ਲੈਂ। ਫਿਰ ਕਹਿੰਦਾ ਤਿੰਨ ਚੀਜ਼ਾਂ ਦੇ ਦਿਉ। ਇਟ ਖੜਕਾ ਕਿ ਮੇਰੀ ਤੁਹਾਡੇ ਨਾਲ ਅੱਖ ਨਾਲ ਅੱਖ ਮਿਲਦੀ ਰਹੇ, ਕਹਿੰਦਾ ਦੁੱਕੜ ਬਜੇ – ਕਹਿੰਦਾ ਸਾਡੇ ਘਰ ਵਸ ਕਵਾਲੀਆਂ ਕੀਰਤਨ ਹੁੰਦਾ ਰਹੇ, ਰਬ ਦੇ ਗੀਤ ਗਾਏ ਜਾਂਦੇ ਰਹਿਣ। ਚੁਲ੍ਹਾ ਤਪਦਾ ਰਹੇ, ਚੁਲ੍ਹਾ ਕੀ ਭਾਵ ਲੰਗਰ ਲਗੇ ਰਹਿਣ। ਫਿਰ ਕੀ ਇੱਟ ਖੜਕਾ ਦੁੱਕੜ ਵਜੇ ਤਪਦਾ ਰਹੇ ਚੁਲਾ ਵਸ ਆਉਂਦੇ ਜਾਂਦੇ ਲੋਕ ਮੌਜਾਂ ਉਡਾਈ

ਜਾਣ ਤੇ ਰਾਜੀ ਹੋਵੇ ਬੁਲਾ, ਕਹਿੰਦਾ ਹੋਰ ਕੁਛ ਨਹੀਂ ਚਾਹੀਦਾ। ਇਹ ਤਿੰਨੇ ਚੀਜ਼ਾਂ ਘਰ ਵਿਚ ਹੋਣ ਫਿਰ ਕੋਈ ਫਿਕਰ ਹੀ ਨਾ ਹੋਵੇ। ਕੌਣ ਖਾ ਗਿਆ ਤੇ ਕੌਣ ਲੈ ਗਿਆ। ਕਮੀ ਹੀ ਨਾ ਹੋਵੇ।

***ਲਖਮੀ ਤੋਟ ਨਾ ਆਵਈ ਖ਼ਾਵਹਿ ਖਰਚ ਰਹੰਦਾ।।***

ਉਥੇ ਪੈਸੇ ਦੀ, ਲਛਮੀ ਦੀ, ਖੁਸ਼ੀ ਦੀ ਕਮੀ ਨਹੀਂ ਹੈ ਜਿਥੇ ਸਭ ਰੱਬ ਦੇ ਹਵਾਲੇ ਕੀਤਾ ਗਿਆ ਹੋਵੇ।

***ਐਹ ਲੈ ਫੜ ਮਾਲਾ ਆਪਣੀ ਸਾਥੋਂ ਭੁਖਿਆਂ ਭਗਤੀ ਨਾ ਹੋਵੇ।***

ਭੁਖਿਆਂ ਤੋਂ ਭਗਤੀ ਨਹੀਂ ਹੁੰਦੀ, ਫੜੋ ਮਾਲਾ ਆਪਦੀ।

***ਮਾਲਾ ਲਕੜ ਠਾਕੁਰ ਪੱਥਰ ਤੀਰਥ ਸਭੈ ਪਾਣੀ।।***

***ਬਿਨ ਨਾਮੇ ਸੁਥਰਿਆ ਬੇਦ ਸਭ ਕਹਾਣੀ।।***

***ਕਰ ਕਾ ਮਣਕਾ ਛੋੜ ਕਰ ਮਨ ਕਾ ਮਣਕਾ ਫੇਰ।।***

ਪ੍ਰਮਾਤਮਾ ਦੇ ਸਭ ਕੰਮ, ਪ੍ਰਮਾਤਮਾ ਦੀ ਦ੍ਰਿਸ਼ਟੀ, ਪ੍ਰਮਾਤਮਾ ਦਾ ਨਾਮ ਭਾਵ ਪ੍ਰਮਾਤਮਾ ਦਾ ਕੰਮ ਪ੍ਰਮਾਤਮਾ ਆਪ ਹੀ ਕਰਦਾ ਹੈ। ਸੱਚ ਤਾਂ ਇਹ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਕਰ ਭੀ ਕੋਈ ਨਹੀਂ ਸਕਦਾ। ਕਿੰਨਾ ਚਿਰ ਹੋ ਗਿਆ ਸਾਨੂੰ ਲਗਿਆਂ। ਵੀਹ ਵੀਹ ਪੰਝੀ ਪੰਝੀ ਤੀਹ ਤੀਹ ਸਾਲ ਹੋ ਗਏ। ਕੀ ਕੁਛ ਮਿਲਿਆ? ਕੀ ਪਾਠ ਨਹੀ ਕਰਦੇ? ਮੰਦਰਾਂ ਗੁਰਦੁਆਰਿਆਂ ਵਿਚ ਤੁਸੀਂ ਨਹੀਂ ਜਾਂਦੇ। ਪੁੰਨ ਦਾਨ ਨਹੀਂ ਕੀਤੇ। ਇਸ਼ਨਾਨ ਵੀ ਕੀਤੇ ਨੇ। ਤੇ ਇਥੇ ਕੀ ਲੈਣ ਆਏ ਹੋ? ਇਥੇ ਤੇ ਕੁਝ ਵੀ ਨਹੀਂ ਅਜੇ ਤਾਂ ਡੇਰਾ ਬਣੇ ਨੂੰ ਸਾਲ ਵੀ ਨਹੀਂ ਹੋਇਆ। ਇਥੇ ਕੀ ਹੈ? ਇਹ ਨਾ ਗੁਰਦੁਆਰਾ ਹੈ, ਨਾ ਮੰਦਰ ਹੈ, ਨਾ ਇਹ ਮਸਜਿਦ ਹੈ, ਨਾ ਇਹ ਠਾਕਰ ਦੁਆਰਾ ਹੈ। ਮਹਾਰਾਜ ਦਾ ਬਸ ਇਕ ਨਿਸ਼ਾਨ ਸਾਹਿਬ ਪੀਲੇ ਰੰਗ ਦਾ ਇਕ ਨਿਸ਼ਾਨ ਸਾਹਿਬ ਚਿੱਟੇ ਰੰਗ ਦਾ ਲਗਾ ਹੋਇਆ ਹੈ। ਲੜਾਈ ਪਤਾ ਨਹੀਂ ਹੁਣ ਹਿੰਦੂਆਂ ਦੀ ਹੁੰਦੀ ਹੈ ਜਾਂ ਸਿੱਖਾਂ ਦੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਹੈ, ਉਸ ਵਿਚ ਸਾਰੇ ਪੀਰਾਂ ਪੈਗੰਬਰਾਂ ਦੀ ਬਾਣੀ ਹੈ। ਸਿੱਖਾਂ ਦਾ ਤਾਂ ਇਥੇ ਹੈ ਹੀ ਕੁਛ ਨਹੀਂ। ਨਾ ਇਥੇ ਹਿੰਦੂ ਨਾ ਇਥੇ ਮੁਸਲਮਾਨ ਨਾ ਈਸਾਈ। ਇਥੇ ਸਿਰਫ ਮਨੁੱਖ ਦੇ ਆਉਣ ਲਈ ਖੁਲਾ ਦਰਬਾਰ ਹੈ। ਆਉ ਜਾਉ ਮੌਜਾਂ ਉਡਾਉ - ਰੋਟੀ ਪਾਣੀ ਖਾਉ - ਤੇ ਪ੍ਰਭੂ ਦੇ ਗੁਣ ਗਾਈ ਜਾਉ।

***ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖ ਧੰਦਾ।***

**ਖੋਲਣ ਲਗਿਆਂ ਪੇਚ ਇਸਦੇ ਕਾਫਰ ਹੋ ਜਾਏ ਬੰਦਾ।**

**ਕਾਫਰ ਹੋਣੋਂ ਡਰ ਨਾ ਜਾਵੀਂ, ਖੋਜੋਂ ਮੂਲ ਨਾ ਖੁੰਝੀ।**

**ਲਾਈ ਲਗ ਮੋਮਨ ਦੇ ਨਾਲੋਂ, ਖੋਜੀ ਕਾਫਰ ਚੰਗਾ।**

ਜੋ ਆਸ਼ਕ ਇਸ਼ਕ ਕੇ ਹੈਂ, ਉਨ ਕੇ ਠਾਕਰ ਔਰ ਹੋਤੇ ਹੈਂ। ਨਿਰਾਲੀ ਹੈ ਉਨਕੀ ਪੂਜਾ ਉਨ ਕੇ ਮੰਦਰ ਔਰ ਹੋਤੇ ਹੈਂ। ਪਰੇਮੀਆਂ ਦਾ ਕੀ ਹੈ? ਉਹਨਾਂ ਕਿਹੜਾ ਮੰਦਰ ਬਣਾਉਣਾ? ਤੁਸੀਂ ਦਸੋ ਕਿ ਕੀ ਕੁਛ ਕਰਕੇ ਦਿਖਾ ਸਕਦਾ ਹੈ। ਤੁਹਾਡਾ ਧਰਮ ਗ੍ਰੰਥ? ਕਿਸੇ ਵਿਚ ਹੈ ਪਾਵਰ ਕਿ ਕਿਸੇ ਦੇ ਮਨ ਵਿਚ ਮਾੜੀ ਭਾਵਨਾ ਆਉਣ ਤੇ ਉਸ ਬੰਦੇ ਨੂੰ ਅੰਨਾ ਕਰ ਦੇਵੇ। ਹਾਂ ਹਿੰਦੁਸਤਾਨ ਵਿਚ ਇਕ ਸ਼ਕਤੀ ਹੈ। ਉਸ ਨੂੰ ਵੈਸ਼ਨੋ ਮਾਤਾ ਕਹਿੰਦੇ ਹਨ। ਦੇਖੀ ਵੀ ਹੈ। ਸੁਣੀ ਵੀ ਹੈ। ਬਜ਼ੁਰਗਾਂ ਦੇ ਕੋਲੋਂ। ਕਿ ਜਿਹੜਾ ਬੰਦਾ ਉਥੇ ਚੜ੍ਹਾਈ ਕਰਨ ਵਾਸਤੇ ਜਾਂਦਾ ਸੀ ਜੇ ਉਸ ਦੇ ਮਨ ਵਿਚ ਕੋਈ ਮਾੜਾ ਵਿਚਾਰ ਆ ਜਾਣਾ, ਉਸ ਨੂੰ ਉਥੇ ਦਰਸ਼ਨ ਨਹੀਂ ਹੋਂਦੇ। ਉਹਦੀਆਂ ਅੱਖਾਂ ਅੰਨੀਆਂ ਹੋ ਜਾਣੀਆਂ। ਵਾਕਿਆ ਹੀ ਇਹ ਬੀਤੀ ਹੋਈ ਸਾਡੀ ਆਪਣੀ ਕਹਾਣੀ ਹੈ। ਕਿਉਂਕਿ ਅਸੀਂ ਆਪ ਉਥੇ ਜਾ ਚੁਕੇ ਹਾਂ। ਸਾਡੀ ਖੁਦ ਮਾਸੀ ਜੀ, ਜਿਸ ਨੂੰ ਅਸੀ ਮਾਤਾ ਰੂਪ ਮੰਨਦੇ ਹਾਂ, ਉਹਨਾਂ ਦੇ ਮਨ ਵਿਚ ਕੋਈ ਵਿਚਾਰ ਆਇਆ। ਉਹਨਾਂ ਨੂੰ ਦਰਸ਼ਨ ਨਹੀਂ ਹੋਏ। ਅੰਦਰ ਜਾਂਦੇ ਤਾਂ ਅੰਨੇ ਹੋ ਜਾਣ ਪਰ ਬਾਹਰ ਆਣ ਤਾਂ ਉਸੇ ਤਰ੍ਹਾਂ ਠੀਕ - ਤੁਹਾਡੇ ਕਿਸੇ ਗ੍ਰੰਥ ਵਿਚ ਹੈ ਤਾਕਤ ਕਿ ਆਏ ਬੰਦੇ ਨੂੰ ਅੰਨਾਂ ਕਰ ਦੇਵੇ। ਕੋਈ ਖੜਾ ਹੋ ਕੇ ਕਹਿ ਸਕਦਾ ਹੈ ਕਿ ਸਾਡੇ ਗੁਰੂ ਗ੍ਰੰਥ ਸਾਹਿਬ ਵਿਚ, ਕੁਰਾਨ ਵਿਚ, ਬਾਈਬਲ ਵਿਚ, ਅੰਜੀਲ ਵਿਚ, ਤੇ ਰਮਾਇਣ ਤੇ ਵਿਚ ਤਾਕਤ ਹੈ। ਅਸੀਂ ਚੈਲੰਜ ਕਰਦੇ ਹਾਂ ਕਿ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਯੂ ਕੇ ਵਿਚ ਕੋਈ ਗਿਆਨੀ ਕੋਈ ਮੌਲਵੀ ਕੋਈ ਮੌਲਾ ਸਾਨੂੰ ਇਹ ਦਸ ਸਕੇ ਕਿ ਜਾ ਕੋਈ ਭਾਈ ਕੋਈ ਸਮਝਦਾਰ ਪੋਥੀ ਪੜਨ ਵਾਲਾ ਦਸੇ? ਇਹ ਆਵਾਜ਼ ਟੇਪ ਹੋ ਰਹੀ ਹੈ ਕੋਈ ਵੀ ਘਰ ਲਿਜਾ ਕੇ ਸੁਣ ਸਕਦਾ ਹੈ। ਜਾਂ ਜਾ ਕੇ ਸੁਣਾ ਸਕਦਾ ਹੈ। ਗੌਰਮਿੰਟ ਨੂੰ ਸੁਣਾ ਸਕਦੇ ਹੋ ਕੋਈ ਡਰ ਨਹੀ ਹੈ।

**ਤਿਸ ਕੇ ਊਪਰਿ ਨਾਹੀ ਕੋਇ।।**

**ਕੌਣ ਡਰੇ, ਡਰ ਕਿਸ ਕਾ ਹੋਇ।।**

ਹਮ ਨਹੀ ਡਰਤੇ, ਨਾ ਡਰੇਂਗੇ - ਅਸੀ ਤੇ ਕਿਸੇ ਵੇਲੇ ਹਿੰਦੁਸਤਾਨ ਵਿਚ ਵੀ ਆਪਣਿਆਂ ਸਤਿਸੰਗਾਂ ਵਿਚ ਆਖਦੇ ਹੁੰਦੇ ਹਾਂ। ਹੁਣ ਤੇ ਡਰ ਹੀ ਕੋਈ ਨਹੀ, ਇਸ

ਮੈਦਾ ਗੁੜਿਆ ਹੁੰਦਾ ਹੈ ਤੇ ਕਿਥੋਂ ਮੈਲ ਦੀਆਂ ਡਬਲ ਰੋਟੀਆਂ ਗੁੜੀਆਂ ਹੁੰਦੀਆਂ ਹਨ ਤੇ ਕਦੋਂ ਦੀਆਂ ਬਣੀਆਂ ਹੋਈਆਂ ਨੇ ਬਾਸੀਆਂ ਰੋਟੀਆਂ ਕਦੋਂ ਦੀਆਂ ਪਈਆਂ ਨੇ ਅਤੇ ਕਿਥੇ ਪਈਆਂ ਨੇ - ਉਹ ਤੁਸੀਂ ਖਾਂਦੇ ਹੋ। ਤੁਸੀਂ ਭੁੱਖੇ ਸੌਂਦੇ ਹੋ ਜਾਂ ਉਹ ਭੁਖੇ ਸੌਂਦੇ ਨੇ। ਕੁਛ ਵਿਚਾਰ ਕਰੋ ਤੇ ਕੁਛ ਸਮਝੋ, ਦੁਨੀਆਂ ਤੇ ਆਏ ਹੋ ਤੇ ਦੁਨੀਆਂ ਦੇ ਬਣ ਕੇ ਜਾਉ। ਤੁਹਾਡੇ ਜਾਣ ਤੋਂ ਬਾਅਦ ਤੁਹਾਨੂੰ ਕੋਈ ਯਾਦ ਕਰੇ। ਜੇ ਨਹੀਂ ਦੁਨੀਆਂ ਦੇ ਬਣਕੇ ਜਾਉਗੇ-ਤੇ ਤੁਸੀਂ ਆਏ ਨਹੀਂ ਦੁਨੀਆਂ ਵਾਸਤੇ ਤੇ ਤੁਹਾਨੂੰ ਵੀ ਪਿਛੋਂ ਕਿਸੇ ਨੇ ਯਾਦ ਨਹੀਂ ਕਰਨਾ। ਪੁਤਰਾਂ ਨੇ ਪਿਉਆਂ ਦੀ ਫੋਟੋਆਂ ਲਾਹਕੇ ਰਖ ਲੈਣੀਆਂ ਨੇ ਕਿਸੇ ਨੇ ਕੁਛ ਨਹੀਂ ਕਰੰਨਾ। ਤੁਸਾਂ ਕੀ ਕੀਤਾ? ਕੀ ਕੀਤਾ ਜੇ ਆਪਣੇ ਵਾਸਤੇ? ਝਾਤੀ ਮਾਰੀ ਜੇ ਕੁਛ ਸੋਚੋ ਤੇ ਕੁਝ ਸਮਝੋ।

***ਬਿਨੁ ਗੁਰ ਦਾਤੇ ਕੋਇ ਨਾ ਪਾਵੇ।।***
***ਲਾਖਿ ਕੋਟਿ ਜੇ ਕਰਮ ਕਮਾਵੇ।।***

ਰਾਮ ਸੰਤਾਂ ਤੋਂ ਬਗੈਰ ਨਹੀਂ ਹੈ। ਸੰਤ ਨਾਮ ਜਪਾਵਣ ਵਾਸਤੇ ਆਉਂਦੇ ਹਨ। ਰਾਮ ਨਾਮ ਮੁਕਤੀ ਕਰਦਾ ਹੈ।

***ਕਬੀਰਾ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ।।***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ।।***

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।।***

# ਦਾਸ ਧਰਮ ਦੀ ਅਵਾਜ਼

ਅਸੀ ਸ਼ਾਂਤੀ ਪ੍ਰਾਪਤ ਕਰਨ ਵਾਸਤੇ ਅਨੇਕਾਂ ਸਾਧਨ ਅਪਨਾਂਦੇ ਹਾਂ, ਪਰ ਫਿਰ ਵੀ ਸਾਨੂੰ ਸ਼ਾਂਤੀ ਨਹੀ ਮਿਲਦੀ। ਉਸ ਦਾ ਕਾਰਣ ਹੈ ਕਿ ਅਸੀ ਲੋਕ ਅਨੇਕਾਂ ਹੀ ਧਰਮਾਂ ਵਿਚ ਵੰਡੇ ਗਏ ਹਾਂ ਅਤੇ ਸਾਡਾ ਵਿਸ਼ਵਾਸ ਇਕ ਧਰਮ ਅਰਥਾਤ ਮਾਨਵ ਧਰਮ ਵਿਚ ਨਹੀਂ ਰਿਹਾ। ਦਾਸ ਧਰਮ ਮਾਨਵ ਧਰਮ ਨੂੰ ਮੰਨਦਾ ਹੈ ਅਤੇ ਮਾਨਵਤਾ ਦਾ ਦਾਸ ਹੈ ਨਾ ਕਿ ਹਿੰਦੂ, ਮੁਸਲਿਮ, ਸਿੱਖ, ਇਸਾਈ ਦਾ ਜੋ ਕਿ ਆਪਣੇ ਆਪਣੇ ਧਰਮਾਂ ਨੂੰ ਉੱਚਾ ਦੱਸ ਕੇ ਇਕ ਦੂਸਰੇ ਨੂੰ ਮਰਨ ਮਰਾਨ ਦੇ ਗਲਤ ਰਸਤੇ ਤੇ ਚੱਲ ਰਹੇ ਹਨ। ਅਸਲ ਵਿਚ ਇਹ ਸਾਰੇ ਮਨੁੱਖ ਹਨ ਜੋ ਅਪਨੇ ਆਪ ਨੂੰ ਭੁੱਲ ਚੁੱਕੇ ਹਨ। ਦਾਸ ਧਰਮ ਮਨੁੱਖਤਾ ਵਿਚ ਏਕਤਾ ਤੇ ਪਿਆਰ ਪੈਦਾ ਕਰਨ ਵਾਸਤੇ ਅਨੇਕ ਕਿਸਮ ਦੇ ਸਾਧਨ ਤੇ ਪ੍ਰਬੰਧ ਕਰ ਰਿਹਾ ਹੈ, ਅਤੇ ਉਹ ਹਨ ਕਿ ਜਾਤ, ਪਾਤ ਤੇ ਸੰਸਥਾਵਾਂ ਦੇ ਭੇਦ ਭਾਵ ਨੂੰ ਦੂਰ ਕਰਨਾ, ਧਰਮ ਸਥਾਨਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ, ਨਸ਼ੀਲੇ ਪਦਾਰਥਾਂ ਤੇ ਰੋਕ, ਅਪਨੇ ਦੇਸ਼ ਵਾਸਤੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਦੇਸ਼ ਭਗਤੀ ਪੈਦਾ ਕਰਨਾ ਅਤੇ ਜ਼ਰੂਰਤਮੰਦ ਲੋਕਾਂ ਦੀ ਸਮੇਂ ਸਿਰ ਤੇ ਜਿੰਨੀ ਕੁ ਹੋ ਸਕੇ ਸਹਾਇਤਾ ਕਰਨਾ। ਦਾਸ ਧਰਮ ਇਕ ਪ੍ਰਮਾਤਮਾ ਨੂੰ ਮੰਨਦਾ ਹੈ ਤੇ ਇਨਸਾਨਾਂ ਨੂੰ ਵੀ ਇਕੋ ਜਿਹਾ ਹੀ ਸਮਝਦਾ ਹੈ ਅਤੇ ਕੋਸ਼ਿਸ਼ ਕਰ ਰਿਹਾ ਹੈ ਕਿ ਸਾਰੇ ਜੀਵਾਂ ਨੂੰ ਪ੍ਰੇਮ, ਖੁਸ਼ੀ ਤੇ ਸੱਚਾਈ ਤੋਂ ਜਾਣੂ ਕਰਵਾਇਆ ਜਾਏ ਜੋ ਝੂਠੀਆਂ ਵਸਤੂਆਂ ਦੇ ਕਾਰਨ ਖੋ ਚੁੱਕੀ ਹੈ।

